@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 6 March 2026
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸ਼ੁੱਕਰਵਾਰ 6 ਮਾਰਚ 2026, 21 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 120, qpatrika@gmail.com ਫੋਨ : 9971359517 www.qaumipatrika.org

## ਪੱਛਮੀ ਬੰਗਾਲ ਤੋਂ ਬਾਅਦ ਹੁਣ ਲੱਦਾਖ 'ਚ ਸਿਆਸੀ ਹਲਚਲ ! ਉਪ ਰਾਜਪਾਲ ਕਵਿੰਦਰ ਗੁਪਤਾ ਨੇ ਦਿੱਤਾ ਅਸਤੀਫਾ

ਨੈਸ਼ਨਲ ਡੈਸਕ 5 ਮਾਰਚ। ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਤੋਂ ਇੱਕ ਵੱਡੀ ਸਿਆਸੀ ਖ਼ਬਰ ਸਾਹਮਣੇ ਆ ਰਹੀ ਹੈ। ਲੱਦਾਖ ਦੇ ਉਪ ਰਾਜਪਾਲ ਕਵਿੰਦਰ ਗੁਪਤਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਦੇ ਅਸਤੀਫੇ ਦੀ ਖ਼ਬਰ ਆਉਣ ਤੋਂ ਬਾਅਦ ਸਿਆਸੀ ਗਲਿਆਰਿਆਂ ਵਿੱਚ ਚਰਚਾ ਤੇਜ਼ ਹੋ ਗਈ ਹੈ। ਸਰੋਤਾਂ ਅਨੁਸਾਰ ਕਵਿੰਦਰ ਗੁਪਤਾ ਨੇ ਆਪਣੇ ਅਹੁਦੇ ਤੋਂ ਕਿਸ ਕਾਰਨ ਅਸਤੀਫਾ ਦਿੱਤਾ ਹੈ, ਇਸ ਬਾਰੇ ਅਜੇ ਤੱਕ ਕੋਈ ਸਪੱਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਜ਼ਿਕਰਯੋਗ ਹੈ ਕਿ ਲੱਦਾਖ



ਦੇ ਉਪ ਰਾਜਪਾਲ ਨੇ ਇਹ ਅਸਤੀਫਾ ਉਸ ਵੇਲੇ ਦਿੱਤਾ ਹੈ ਜਦੋਂ ਕੁਝ ਹੀ ਦੇਰ ਪਹਿਲਾਂ ਪੱਛਮੀ ਬੰਗਾਲ ਦੇ ਰਾਜਪਾਲ ਸੀ.ਵੀ. ਆਨੰਦ ਬੋਸ ਨੇ ਵੀ ਆਪਣਾ ਅਹੁਦਾ ਛੱਡ ਦਿੱਤਾ। ਵਿੰਦਰ ਗੁਪਤਾ ਨੂੰ 18 ਜੁਲਾਈ 2025 ਨੂੰ ਲੱਦਾਖ ਦਾ ਉਪ ਰਾਜਪਾਲ ਨਿਯੁਕਤ ਕੀਤਾ ਗਿਆ ਸੀ। ਉਨ੍ਹਾਂ ਨੇ ਬ੍ਰਿਗੇਡੀਅਰ (ਡਾ.) ਬੀ.ਡੀ. ਮਿਸ਼ਰਾ ਦੀ ਜਗ?ਹਾ ਲਈ ਸੀ। ਉਪ ਰਾਜਪਾਲ ਬਣਨ ਤੋਂ ਪਹਿਲਾਂ ਉਹ ਭਾਰਤੀ ਜਨਤਾ ਪਾਰਟੀ ਦੇ ਦਿੱਗਜ ਨੇਤਾ ਰਹੇ ਹਨ ਅਤੇ ਜੰਮੂ-ਕਸ਼ਮੀਰ ਦੇ ਉਪ ਮੁੱਖ ਮੰਤਰੀ ਵਜੋਂ ਵੀ ਅਹਿਮ ਜ਼ਿੰਮੇਵਾਰੀ ਨਿਭਾ ਚੁੱਕੇ ਹਨ।

### ਬਦਲ ਜਾਵੇਗਾ ਮੁੱਖ ਮੰਤਰੀ, ਕੌਣ ਹੋਵੇਗਾ ਅਗਲਾ ਮੁੱਖ ਮੰਤਰੀ ! ਨਿਤੀਸ਼ ਨੇ ਰਾਜ ਸਭਾ ਲਈ ਭਰੀ ਨਾਮਜ਼ਦਗੀ

ਪਟਨਾ 5 ਮਾਰਚ। ਬਿਹਾਰ ਦੀ ਸਿਆਸਤ ਵਿੱਚ ਅੱਜ ਦਾ ਦਿਨ ਬਹੁਤ ਖ਼ਾਸ ਹੈ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਸਣੇ ਰਾਸ਼ਟਰੀ ਜਨਤਾਂਤਰਿਕ ਗਠਜੋੜ ਦੇ ਪੰਜ ਉਮੀਦਵਾਰਾਂ ਨੇ ਅੱਜ ਰਾਜ ਸਭਾ ਲਈ ਆਪਣਾ ਨਾਮਜ਼ਦਗੀ ਪੱਤਰ ਦਾਖਲ ਕਰਵਾ ਦਿੱਤਾ ਹੈ। ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ, ਜਿਨ੍ਹਾਂ ਦੀ ਮੌਜੂਦਗੀ ਨੇ ਸੂਬੇ ਦੇ ਸਿਆਸੀ ਸਮੀਕਰਨਾਂ ਨੂੰ ਨਵੀਂ ਮਜ਼ਬੂਤੀ ਪ੍ਰਦਾਨ ਕੀਤੀ ਹੈ। ਨਾਮਜ਼ਦਗੀ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਅਮਿਤ ਸ਼ਾਹ ਸਿੱਧਾ 'ਸਟੇਟ ਗੈਸਟ ਹਾਊਸ' ਪਹੁੰਚੇ, ਜਿੱਥੇ ਉਹ ਭਾਜਪਾ ਵਿਧਾਇਕਾਂ ਅਤੇ ਸੀਨੀਅਰ ਨੇਤਾਵਾਂ ਨਾਲ ਅਹਿਮ ਬੈਠਕ ਕਰ ਰਹੇ ਹਨ। ਦੱਸ ਦੇਈਏ ਕਿ ਬਿਹਾਰ ਵਿਧਾਨ ਸਭਾ ਵਿੱਚ ©41 ਵੱਲੋਂ ਮੁੱਖ ਮੰਤਰੀ ਨਿਤੀਸ਼ ਕੁਮਾਰ, ਨਿਤਿਨ ਨਵੀਨ, ਰਾਮਨਾਥ ਠਾਕੁਰ, ਉਪੇਂਦਰ ਕੁਸ਼ਵਾਹਾ ਅਤੇ ਸ਼ਿਵੇਸ਼ ਕੁਮਾਰ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਦੌਰਾਨ ਭਾਜਪਾ ਅਤੇ ਜੇਡੀਯੂ ਦੇ ਕਈ ਸੀਨੀਅਰ ਨੇਤਾ ਵੀ ਵਿਧਾਨ ਸਭਾ ਵਿੱਚ ਮੌਜੂਦ ਸਨ। ਇਸ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪਟਨਾ ਪਹੁੰਚਣ 'ਤੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਉਨ੍ਹਾਂ ਦਾ ਸ਼ਾਲ ਅਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕੀਤਾ। ਦੋਵਾਂ ਦਿੱਗਜ ਨੇਤਾਵਾਂ ਵਿਚਕਾਰ ਕੁਝ ਸਮਾਂ ਬੰਦ ਕਮਰਾ ਗੱਲਬਾਤ ਵੀ ਹੋਈ, ਜਿਸ ਤੋਂ ਬਾਅਦ ਉਹ ਨਾਮਜ਼ਦਗੀ ਲਈ ਵਿਧਾਨ ਸਭਾ ਪਹੁੰਚੇ। ਕੇਂਦਰੀ ਮੰਤਰੀ ਲਲਨ ਸਿੰਘ ਸਮੇਤ ਹੋਰ ਕਈ ਵੱਡੇ ਨੇਤਾ ਪਹਿਲਾਂ ਹੀ ਉੱਥੇ ਮੌਜੂਦ ਸਨ। ਨਿਤੀਸ਼ ਕੁਮਾਰ ਦੇ ਰਾਜ ਸਭਾ ਜਾਣ ਦੇ ਫੈਸਲੇ ਨੇ ਬਿਹਾਰ ਦੀ ਰਾਜਨੀਤੀ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਸਿਆਸੀ ਮਾਹਰਾਂ ਅਨੁਸਾਰ, ਨਿਤੀਸ਼ ਕੁਮਾਰ ਹੁਣ ਕੇਂਦਰ ਦੀ ਰਾਜਨੀਤੀ ਵਿੱਚ ਸਰਗਰਮ ਹੋ ਸਕਦੇ ਹਨ।

# ਵਰਲਡ ਕੱਪ ਫਾਈਨਲ 'ਚ ਪਹੁੰਚੀ ਟੀਮ ਇੰਡੀਆ, ਹਾਈਸਕੋਰਿੰਗ ਮੁਕਾਬਲੇ 'ਚ ਇੰਗਲੈਂਡ ਨੂੰ ਹਰਾਇਆ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਸਪੋਰਟਸ ਡੈਸਕ 5 ਮਾਰਚ। ਭਾਰਤੀ ਟੀਮ ਨੇ ਮੁੰਬਈ ਦੇ ਵਾਨਖੇੜੇ ਸਟੇਡੀਅਮ ਵਿੱਚ ਖੇਡੇ ਗਏ ਇੱਕ ਬੇਹੱਦ ਰੋਮਾਂਚਕ ਮੁਕਾਬਲੇ ਵਿੱਚ ਇੰਗਲੈਂਡ ਨੂੰ ਹਰਾ ਕੇ ਟੀ-20 ਵਿਸ਼ਵ ਕੱਪ 2026 ਦੇ ਫਾਈਨਲ ਵਿੱਚ ਐਂਟਰੀ ਕਰ ਲਈ ਹੈ। 5 ਮਾਰਚ 2026 ਨੂੰ ਖੇਡੇ ਗਏ ਇਸ ਦੂਜੇ ਸੈਮੀਫਾਈਨਲ ਵਿੱਚ ਭਾਰਤ ਨੇ ਇੰਗਲੈਂਡ ਨੂੰ 7 ਦੌੜਾਂ ਨਾਲ ਹਰਾਇਆ। ਟਾਸ ਹਾਰ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤੀ ਟੀਮ ਨੇ 7 ਵਿਕਟਾਂ ਦੇ ਨੁਕਸਾਨ 'ਤੇ 253 ਦੌੜਾਂ ਦਾ ਵਿਸ਼ਾਲ ਸਕੋਰ ਖੜ੍ਹਾ ਕੀਤਾ। ਭਾਰਤ ਲਈ ਸੰਜੂ ਸੈਮਸਨ ਨੇ ਸਭ ਤੋਂ ਵੱਧ 89 ਦੌੜਾਂ (42 ਗੇਂਦਾਂ) ਬਣਾਈਆਂ, ਜਿਸ ਵਿੱਚ 8 ਚੌਕੇ ਅਤੇ 7 ਛੱਕੇ ਸ਼ਾਮਲ ਸਨ। ਸੈਮਸਨ ਨੇ ਆਪਣਾ ਅਰਧ-ਸੈਂਕੜਾ ਮਹਿਜ਼ 26 ਗੇਂਦਾਂ ਵਿੱਚ ਪੂਰਾ ਕੀਤਾ। ਉਨ੍ਹਾਂ ਤੋਂ ਇਲਾਵਾ ਸ਼ਿਵਮ ਦੂਬੇ ਨੇ 43 ਦੌੜਾਂ ਅਤੇ ਈਸ਼ਾਨ ਕਿਸ਼ਨ ਨੇ 39 ਦੌੜਾਂ ਦਾ ਅਹਿਮ ਯੋਗਦਾਨ ਪਾਇਆ। ਭਾਰਤ ਨੇ ਆਪਣੇ 100 ਰਨ ਸਿਰਫ 8.3 ਓਵਰਾਂ ਵਿੱਚ ਪੂਰੇ ਕੀਤੇ, ਜੋ ਕਿ ਵਿਸ਼ਵ ਕੱਪ ਨਾਕਆਊਟ ਇਤਿਹਾਸ ਦਾ ਦੂਜਾ ਸਭ ਤੋਂ ਤੇਜ਼ ਸਕੋਰ ਹੈ। ਅੰਤ ਵਿੱਚ ਤਿਲਕ ਵਰਮਾ (21) ਅਤੇ ਹਾਰਦਿਕ ਪੰਡਿਆ (27) ਨੇ ਤੇਜ਼ੀ ਨਾਲ ਦੌੜਾਂ ਜੋੜ ਕੇ ਸਕੋਰ 250 ਦੇ ਪਾਰ ਪਹੁੰਚਾਇਆ। 254 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਦਿਆਂ ਇੰਗਲੈਂਡ ਦੀ ਸ਼ੁਰੂਆਤ ਖ਼ਰਾਬ ਰਹੀ। ਫਿਲ ਸਾਲਟ (5), ਹੈਰੀ ਬਰੂਕ





(7) ਅਤੇ ਕਪਤਾਨ ਜੋਸ ਬਟਲਰ (25) ਜਲਦੀ ਆਊਟ ਹੋ ਗਏ। ਹਾਲਾਂਕਿ, ਜੈਕਬ ਬੈਥਲ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਸਿਰਫ 48 ਗੇਂਦਾਂ ਵਿੱਚ 105 ਦੌੜਾਂ ਦੀ ਸੈਂਕੜੇ ਵਾਲੀ ਪਾਰੀ ਖੇਡੀ, ਜਿਸ ਨੇ ਮੈਚ ਨੂੰ ਅੰਤ ਤੱਕ ਰੋਮਾਂਚਕ ਬਣਾਈ ਰੱਖਿਆ। ਇੰਗਲੈਂਡ ਦੀ ਟੀਮ ਨਿਰਧਾਰਤ 20 ਓਵਰਾਂ ਵਿੱਚ 7 ਵਿਕਟਾਂ 'ਤੇ 246 ਦੌੜਾਂ ਹੀ ਬਣਾ ਸਕੀ। ਮੈਚ ਦੇ ਆਖਰੀ ਪਲਾਂ ਵਿੱਚ ਜਸਪ੍ਰੀਤ ਬੁਮਰਾਹ ਅਤੇ ਹਾਰਦਿਕ ਪੰਡਿਆ ਦੁਆਰਾ ਸੁੱਟੇ ਗਏ 18ਵੇਂ ਅਤੇ 19ਵੇਂ ਓਵਰ ਮੈਚ ਦੇ 'ਟਰਨਿੰਗ ਪੁਆਇੰਟ' ਸਾਬਤ ਹੋਏ, ਜਿਨ੍ਹਾਂ ਨੇ ਇੰਗਲੈਂਡ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਭਾਰਤ ਵੱਲੋਂ ਹਾਰਦਿਕ ਪੰਡਿਆ, ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ ਅਤੇ ਵਰੁਣ ਚੱਕਰਵਰਤੀ ਨੇ ਮਹੱਤਵਪੂਰਨ ਵਿਕਟਾਂ ਹਾਸਲ ਕੀਤੀਆਂ। ਹੁਣ ਭਾਰਤੀ ਟੀਮ 8 ਮਾਰਚ ਨੂੰ ਅਹਿਮਦਾਬਾਦ ਦੇ ਨਰਿੰਦਰ ਮੋਦੀ ਸਟੇਡੀਅਮ ਵਿੱਚ ਹੋਣ ਵਾਲੇ ਫਾਈਨਲ ਮੁਕਾਬਲੇ ਵਿੱਚ ਨਿਊਜ਼ੀਲੈਂਡ ਦਾ ਸਾਹਮਣਾ ਕਰੇਗੀ। ਨਿਊਜ਼ੀਲੈਂਡ ਨੇ ਪਹਿਲਾਂ ਹੀ ਦੱਖਣੀ ਅਫਰੀਕਾ ਨੂੰ ਹਰਾ ਕੇ ਫਾਈਨਲ ਵਿੱਚ ਜਗ?ਹਾ ਬਣਾ ਲਈ ਹੈ। ਭਾਰਤ ਦੀ ਕੋਸ਼ਿਸ਼ ਲਗਾਤਾਰ ਦੂਜੀ ਵਾਰ ਵਿਸ਼ਵ ਖਿਤਾਬ ਜਿੱਤਣ ਦੀ ਹੋਵੇਗੀ।

# ਇਰਾਨ 'ਚ ਛਿੜੀ ਜੰਗ ਬਾਰੇ ਪ੍ਰਧਾਨ ਮੰਤਰੀ ਮੋਦੀ ਨੇ ਦਿੱਤਾ ਵੱਡਾ ਬਿਆਨ

ਕੌਮੀ ਪਤ੍ਰਿਕਾ

ਨਵੀਂ ਦਿੱਲੀ 5 ਮਾਰਚ। ਪੱਛਮੀ ਏਸ਼ੀਆ ਵਿੱਚ ਛਿੜੀ ਜੰਗ ਕਾਰਨ ਤੇਜ਼ੀ ਨਾਲ ਵਿਗੜ ਰਹੇ ਹਾਲਾਤਾਂ ਅਤੇ ਈਰਾਨ 'ਤੇ ਇਜ਼ਰਾਈਲ-ਅਮਰੀਕਾ ਦੇ ਲਗਾਤਾਰ ਹਮਲਿਆਂ ਦਰਮਿਆਨ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਸ਼ਵ ਪੱਧਰ 'ਤੇ ਸ਼ਾਂਤੀ ਦਾ ਪੈਗ਼ਾਮ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਸਾਫ਼ ਕਿਹਾ ਹੈ ਕਿ ਫੌਜੀ ਤਾਕਤ ਰਾਹੀਂ ਮਸਲੇ ਸੁਲਝਾਉਣ ਦੀ ਕੋਸ਼ਿਸ਼ ਮਨੁੱਖਤਾ ਲਈ ਹਮੇਸ਼ਾ ਹੀ ਘਾਤਕ ਸਾਬਤ ਹੋਈ ਹੈ। ਮੋਦੀ ਨੇ ਅੰਤਰਰਾਸ਼ਟਰੀ ਮੰਚਾਂ ਰਾਹੀਂ ਸੰਦੇਸ਼ ਦਿੱਤਾ ਕਿ ਇਤਿਹਾਸ ਗਵਾਹ ਹੈ ਕਿ ਜੰਗਾਂ ਨੇ ਕਦੇ ਵੀ ਕਿਸੇ ਮੁਸ਼ਕਲ ਦਾ ਪੱਕਾ ਹੱਲ ਨਹੀਂ ਦਿੱਤਾ, ਸਗੋਂ ਸਿਰਫ਼ ਤਬਾਹੀ ਹੀ ਲਿਆਂਦੀ ਹੈ। ਉਨ੍ਹਾਂ ਨੇ Military conflict is never the answer ਦੇ ਆਪਣੇ ਸੰਦੇਸ਼ ਨੂੰ ਦੁਹਰਾਉਂਦਿਆਂ ਸਾਰੀਆਂ ਧਿਰਾਂ ਨੂੰ ਤੁਰੰਤ ਜੰਗਬੰਦੀ ਵੱਲ ਵਧਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ ਚਿੰਤਾ ਪ੍ਰਗਟਾਈ ਕਿ ਹਾਰਮੁਜ਼ ਦੀ ਖਾੜੀ ਵਿੱਚ ਤਣਾਅ ਕਾਰਨ ਤੇਲ ਦੀਆਂ ਕੀਮਤਾਂ 120 ਡਾਲਰ ਪ੍ਰਤੀ ਬੈਰਲ ਨੂੰ ਪਾਰ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ, ਤਾਂ ਦੁਨੀਆ ਭਰ ਵਿੱਚ ਮਹਿੰਗਾਈ ਦਾ ਅਜਿਹਾ ਤੂਫ਼ਾਨ



ਆਵੇਗਾ ਜਿਸ ਨੂੰ ਕੰਟਰੋਲ ਕਰਨਾ ਮੁਸ਼ਕਲ ਹੋ ਜਾਵੇਗਾ। ਇਸ ਦਾ ਸਭ ਤੋਂ ਵੱਧ ਅਸਰ ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ 'ਤੇ ਪਵੇਗਾ। ਜੰਗ ਦੀ ਸਥਿਤੀ ਦੌਰਾਨ ਪ੍ਰਧਾਨ ਮੰਤਰੀ ਨੇ ਵਿਦੇਸ਼ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਨਾਲ ਇੱਕ ਉੱਚ ਪੱਧਰੀ ਮੀਟਿੰਗ ਕੀਤੀ ਹੈ ਤੇ ਖਾੜੀ ਦੇਸ਼ਾਂ ਵਿੱਚ ਰਹਿੰਦੇ ਲਗਭਗ 90 ਲੱਖ ਭਾਰਤੀਆਂ ਦੀ ਸੁਰੱਖਿਅਤ ਘਰ ਵਾਪਸੀ ਬਾਰੇ ਚਰਚਾ ਕੀਤੀ। ਉਨ੍ਹਾਂ ਭਰੋਸਾ ਦਿਵਾਇਆ ਕਿ ਜੇ ਲੋੜ ਪਈ ਤਾਂ ਭਾਰਤ 'ਆਪ੍ਰੇਸ਼ਨ ਗੰਗਾ' ਜਾਂ 'ਵੰਦੇ ਭਾਰਤ' ਦੀ ਤਰਜ਼ 'ਤੇ ਇੱਕ ਵੱਡੀ ਰੈਸਕਿਊ ਆਪਰੇਸ਼ਨ ਚਲਾਉਣ ਲਈ ਵੀ ਤਿਆਰ ਹੈ। ਇਕ ਪਾਸੇ ਜਿੱਥੇ ਇਸ ਸਮੇਂ ਪੂਰੀ ਦੁਨੀਆ ਜੰਗ ਕਾਰਨ ਤੇਲ ਦੀ ਕਿੱਲਤ ਨਾਲ ਜੂਝ ਰਹੀ ਹੈ, ਉੱਥੇ ਹੀ ਭਾਰਤ ਨੇ ਆਪਣੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਰੂਸ ਨਾਲ 9.5 ਕਰੋੜ ਬੈਰਲ ਤੇਲ ਦਾ ਸਮਝੌਤਾ ਕੀਤਾ ਹੈ। ਭਾਰਤ ਦੀ ਇਹ ਕੂਟਨੀਤੀ ਦਰਸਾਉਂਦੀ ਹੈ ਕਿ ਦੇਸ਼ ਆਪਣੇ ਹਿੱਤਾਂ ਦੀ ਰਾਖੀ ਕਰਦੇ ਹੋਏ ਵਿਸ਼ਵ ਸ਼ਾਂਤੀ ਲਈ ਵੀ ਵਚਨਬੱਧ ਹੈ। ਪ੍ਰਧਾਨ ਮੰਤਰੀ ਮੋਦੀ ਦਾ ਇਹ ਬਿਆਨ ਵਿਸ਼ਵ ਪੱਧਰ 'ਤੇ ਇੱਕ 'ਸ਼ਾਂਤੀ ਦੂਤ' ਵਜੋਂ ਭਾਰਤ ਦੀ ਭੂਮਿਕਾ ਨੂੰ ਮਜ਼ਬੂਤ ਕਰਦਾ ਹੈ। ਪੂਰੀ ਦੁਨੀਆ ਦੀਆਂ ਨਜ਼ਰਾਂ ਹੁਣ ਭਾਰਤ 'ਤੇ ਹਨ ਕਿ ਕੀ ਉਹ ਅਮਰੀਕਾ ਅਤੇ ਈਰਾਨ ਵਿਚਾਲੇ ਵਿਚੋਲਗੀ ਕਰ ਕੇ ਇਸ ਜੰਗ ਨੂੰ ਰੁਕਵਾ ਸਕਦਾ ਹੈ।

## ਦਿੱਲੀ 'ਚ ਚਲਦੀ ਇਲੈਕਟ੍ਰਿਕ ਬੱਸ ਨੂੰ ਲੱਗੀ ਭਿਆਨਕ ਅੱਗ, ਟਲਿਆ ਵੱਡਾ ਹਾਦਸਾ

ਨੈਸ਼ਨਲ ਡੈਸਕ 5 ਮਾਰਚ। ਦੱਖਣੀ ਦਿੱਲੀ ਦੇ ਮਹਿਰੌਲੀ-ਬਦਰਪੁਰ ਮਾਰਗ 'ਤੇ ਵੀਰਵਾਰ ਦੁਪਹਿਰ ਨੂੰ ਦਿੱਲੀ ਟ?ਰਾਂਸਪੋਰਟ ਕਾਰਪੋਰੇਸ਼ਨ ਦੀ ਇੱਕ ਇਲੈਕਟ੍ਰਿਕ ਬੱਸ ਵਿੱਚ ਭਿਆਨਕ ਅੱਗ ਲੱਗ ਗਈ। ਰਾਹਤ ਦੀ ਗੱਲ ਇਹ ਰਹੀ ਕਿ ਬੱਸ ਵਿੱਚ ਸਵਾਰ ਸਾਰੇ 15 ਯਾਤਰੀਆਂ ਨੂੰ ਸਮੇਂ ਸਿਰ ਸੁਰੱਖਿਅਤ ਬਾਹਰ ਕੱਢ ਲਿਆ ਗਿਆ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਬੱਸ ਦੇ ਕੰਡਕਟਰ ਅਰਵਿੰਦ ਕੁਮਾਰ ਨੇ ਦੱਸਿਆ ਕਿ ਜਦੋਂ ਬੱਸ ਰੂਟ ਨੰਬਰ 544 (ਆਰ.ਕੇ. ਪੁਰਮ ਤੋਂ ਬਦਰਪੁਰ ਬਾਰਡਰ) 'ਤੇ ਜਾ ਰਹੀ ਸੀ, ਤਾਂ ਉਨ੍ਹਾਂ ਨੇ ਡੈਸ਼ਬੋਰਡ ਵਾਲੇ ਹਿੱਸੇ ਵਿੱਚੋਂ ਧੂੰਆਂ ਨਿਕਲਦਾ ਦੇਖਿਆ। ਉਨ੍ਹਾਂ ਨੇ ਤੁਰੰਤ ਡਰਾਈਵਰ ਨੂੰ ਬਸ ਰੋਕਣ ਲਈ ਕਿਹਾ ਅਤੇ ਯਾਤਰੀਆਂ ਨੂੰ ਹੇਠਾਂ ਉਤਾਰਿਆ। ਹਾਲਾਂਕਿ ਕਰਮਚਾਰੀਆਂ ਨੇ ਅੱਗ ਬੁਝਾਊ ਯੰਤਰਾਂ ਨਾਲ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਬਹੁਤ ਤੇਜ਼ੀ ਨਾਲ ਫੈਲ ਗਈ ਅਤੇ ਪੂਰੀ ਬੱਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਬੱਸ ਵਿੱਚ ਸਵਾਰ ਇੱਕ ਮਹਿਲਾ ਯਾਤਰੀ ਕਾਂਤੀ ਦੇਵੀ ਨੇ ਦੱਸਿਆ ਕਿ ਜਦੋਂ ਕੰਡਕਟਰ ਨੇ ਬਸ ਖਾਲੀ ਕਰਨ ਲਈ ਕਿਹਾ, ਤਾਂ ਉਨ੍ਹਾਂ ਨੇ ਵੀ ਹੋਰਨਾਂ ਯਾਤਰੀਆਂ ਨੂੰ ਸੁਰੱਖਿਅਤ ਬਾਹਰ ਨਿਕਲਣ ਵਿੱਚ ਮਦਦ ਕੀਤੀ। ਘਟਨਾ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ 'ਤੇ ਕਾਬੂ ਪਾਇਆ। ਦਿੱਲੀ ਫਾਇਰ ਸਰਵਿਸ ਅਨੁਸਾਰ ਅੱਗ ਲੱਗਣ ਦੀ ਸੂਚਨਾ ਦੁਪਹਿਰ 12:57 ਵਜੇ ਮਿਲੀ ਸੀ।

# ਅਖਿਲੇਸ਼ ਨੇ ਸਰਕਾਰ 'ਤੇ ਸਰਕਾਰ 'ਤੇ ਵਿੰਨ੍ਹਿਆ ਨਿਸ਼ਾਨਾ ਅੰਤਰਰਾਸ਼ਟਰੀ ਹਾਲਾਤ 'ਤੇ ਕੇਂਦਰ ਦੀ ਚੁੱਪ ਚਿੰਤਾਜਨਕ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਲਖਨਊ 5 ਮਾਰਚ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਅਮਰੀਕੀ-ਇਜ਼ਰਾਈਲੀ ਹਮਲਿਆਂ ਅਤੇ ਉਸ ਤੋਂ ਪੈਦਾ ਹੋਏ ਅੰਤਰਰਾਸ਼ਟਰੀ ਹਾਲਾਤ ਨੂੰ ਲੈ ਕੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਹਮਲਿਆਂ ਦਾ ਪ੍ਰਭਾਵ ਹਿੰਦ ਮਹਾਸਾਗਰ ਅਤੇ ਭਾਰਤ ਦੀਆਂ ਸਰਹੱਦਾਂ ਦੇ ਨੇੜੇ ਤੱਕ ਪਹੁੰਚਣਾ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਹੈ, ਪਰ ਇਸ ਗੰਭੀਰ ਮੁੱਦੇ 'ਤੇ ਕੇਂਦਰ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਨੇ ਬੇਮਿਸਾਲ ਚੁੱਪ ਧਾਰੀ ਹੋਈ ਹੈ। ਯਾਦਵ ਨੇ ਵੀਰਵਾਰ ਨੂੰ 'ਐਕਸ' (✓) 'ਤੇ ਲਿਖਿਆ, 'ਸਪੱਸ਼ਟ ਕੀਤਾ ਜਾਵੇ ਕਿ ਇਸ ਨੂੰ 'ਚੁੱਪ' ਮੰਨਿਆ ਜਾਵੇ ਜਾਂ ਕਿਸੇ ਖਾਸ ਡਰ ਕਾਰਨ ਇਸ ਨੂੰ 'ਘਿੱਘੀ ਬੱਝਣਾ' ਮੰਨਿਆ ਜਾਵੇ। ਭਾਜਪਾ ਸਰਕਾਰ ਦੀ ਅਜਿਹੀ ਕੀ ਮਜਬੂਰੀ ਹੈ ਕਿ ਉਨ੍ਹਾਂ ਦੇ ਬੁੱਲ੍ਹ ਕਿਸੇ ਨੇ ਸਿਊਂ ਦਿੱਤੇ ਹਨ। ਜਨਤਾ ਪੁੱਛ ਰਹੀ ਹੈ ਕਿ ਤੁਹਾਡਾ ਕਿਹੜਾ ਪੱਤਾ ਦੱਬਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਮੁੱਦਾ ਹੋਣ ਦੇ ਨਾਤੇ ਦੇਸ਼ ਦੀ ਸਰਕਾਰ, ਵਿਦੇਸ਼ ਮੰਤਰਾਲੇ ਅਤੇ ਰੱਖਿਆ ਮੰਤਰਾਲੇ ਦੀ ਇਹ ਸਾਂਝੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣਾ ਪੱਖ ਸਪੱਸ਼ਟ ਕਰਨ, ਪਰ ਕਈ ਦਿਨਾਂ ਦੀ ਉਡੀਕ ਤੋਂ ਬਾਅਦ ਵੀ ਸਰਕਾਰ ਵੱਲੋਂ ਮੂੰਹ ਨਾ ਖੋਲ੍ਹਣ 'ਤੇ, ਵਿਰੋਧੀ ਧਿਰ ਨੂੰ ਇਸ ਵਿਸ਼ਵਵਿਆਪੀ ਮੁੱਦੇ 'ਤੇ ਬੋਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਸਪਾ ਪ੍ਰਧਾਨ ਨੇ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਸਰਕਾਰ ਅੱਗੇ



ਆਵੇ ਅਤੇ ਦੇਸ਼ ਦੀਆਂ ਜਲ, ਥਲ ਅਤੇ ਹਵਾਈ ਸਰਹੱਦਾਂ ਦੀ ਸੁਰੱਖਿਆ ਯਕੀਨੀ ਬਣਾਏ। ਜੋ ਭਾਜਪਾ ਸਰਕਾਰ ਕੁਝ ਕਹਿ ਵੀ ਨਹੀਂ ਰਹੀ; ਉਹ ਕਰੇਗੀ ਕੀ, ਇਹ ਸੋਚ ਕੇ ਦੇਸ਼ ਵਾਸੀ ਪਰੇਸ਼ਾਨ ਹਨ। ਭਾਜਪਾ ਨੇ ਜਨਤਾ ਦਾ ਵਿਸ਼ਵਾਸ ਗੁਆ ਦਿੱਤਾ ਹੈ। ਅਜਿਹਾ ਲੱਗ ਰਿਹਾ ਹੈ ਕਿ ਦੇਸ਼ ਵਿੱਚ ਸਰਕਾਰ ਨਾਮ ਦੀ ਕੋਈ ਚੀਜ਼ ਹੀ ਨਹੀਂ ਹੈ। ਅਖਿਲੇਸ਼ ਯਾਦਵ ਨੇ ਕਿਹਾ ਕਿ ਭਾਜਪਾ ਸਰਕਾਰ ਆਪਣੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਅਸਪੱਸ਼ਟ ਨੀਤੀ ਅਪਣਾਉਣ ਦਾ ਤਰੀਕਾ ਲੱਭ ਰਹੀ ਹੈ, ਤਾਂ ਜੋ ਲੋਕ ਅਟਕਲਾਂ ਵਿੱਚ ਹੀ ਉਲਝੇ ਰਹਿਣ। ਭਾਜਪਾ ਵਾਲੇ ਆਉਣ ਵਾਲੇ ਸੰਸਦ ਸੈਸ਼ਨ ਵਿੱਚ ਵੀ ਅਜਿਹਾ ਕੋਈ ਵਿਵਾਦਿਤ ਵਿਸ਼ਾ ਜ਼ਰੂਰ ਉਠਾਉਣਗੇ, ਜਿਸ ਨਾਲ ਭਾਜਪਾ ਸਰਕਾਰ ਦੀਆਂ ਅਸਫਲਤਾਵਾਂ 'ਤੇ ਗੱਲ ਹੀ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਦੇਸ਼ ਲਈ ਇਹ ਸਮਾਂ 'ਸਰਕਾਰ-ਸੁੰਨਤਾ' ਦਾ ਦੌਰ ਹੈ।

# ਯੋਗੀ ਆਦਿੱਤਿਆਨਾਥ ਨੇ ਕਪਿਲ ਦੇਵ ਦੇ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਕੀਤਾ ਉਦਘਾਟਨ

ਨੋਇਡਾ 5 ਮਾਰਚ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀਰਵਾਰ ਨੂੰ ਗ੍ਰੇਟਰ ਨੋਇਡਾ ਵੈਸਟ ਦੇ ਸੈਕਟਰ-10 ਵਿੱਚ ਸਥਿਤ ਨਵੇਂ ਬਣੇ ਕੇਡੀਜੀਐਸ ਸੁਪਰ ਸਪੈਸ਼ਲਿਟੀ ਹਸਪਤਾਲ ਦਾ ਉਦਘਾਟਨ ਕੀਤਾ। ਉਦਘਾਟਨ ਦੇ ਮੌਕੇ 'ਤੇ ਆਯੋਜਿਤ ਵਿਸ਼ੇਸ਼ ਪੂਜਾ ਅਤੇ ਹਵਨ ਵਿੱਚ ਮੁੱਖ ਮੰਤਰੀ ਨੇ ਖੁਦ ਹਿੱਸਾ ਲਿਆ। ਅਧਿਕਾਰੀਆਂ ਅਨੁਸਾਰ ਇਹ ਆਧੁਨਿਕ ਹਸਪਤਾਲ ਭਾਰਤੀ ਕ੍ਰਿਕਟ ਟੀਮ ਦੇ ਸਾਬਕਾ ਕਪਤਾਨ ਕਪਿਲ ਦੇਵ ਅਤੇ ਉਨ੍ਹਾਂ ਦੀ ਕੰਪਨੀ ਵੱਲੋਂ ਬਣਵਾਇਆ ਗਿਆ ਹੈ। ਇਸ ਮੌਕੇ ਕਪਿਲ ਦੇਵ, ਉਨ੍ਹਾਂ ਦੀ ਪਤਨੀ ਰੋਮਾ ਦੇਵ, ਗੌਤਮ ਬੁੱਧ ਨਗਰ ਦੇ ਸੰਸਦ ਮੈਂਬਰ ਡਾ. ਮਹੇਸ਼ ਸ਼ਰਮਾ, ਵਿਧਾਇਕ ਤੇਜਪਾਲ ਨਾਗਰ, ਧੀਰੇਂਦਰ ਸਿੰਘ ਅਤੇ ਵਿਧਾਨ ਪ੍ਰੀਸ਼ਦ ਮੈਂਬਰ ਨਰਿੰਦਰ ਭਾਟੀ ਸਮੇਤ ਕਈ ਪ੍ਰਮੁੱਖ ਹਸਤੀਆਂ ਮੌਜੂਦ ਸਨ। ਹਸਪਤਾਲ ਦੇ ਉਦਘਾਟਨ ਤੋਂ ਬਾਅਦ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਹਸਪਤਾਲ ਦਾ ਦੌਰਾ ਕੀਤਾ ਅਤੇ ਉੱਥੇ ਉਪਲਬਧ ਡਾਕਟਰੀ ਸਹੂਲਤਾਂ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੂੰ ਜਾਣਕਾਰੀ ਦਿੱਤੀ ਗਈ ਕਿ ਇਸ ਸੁਪਰ ਸਪੈਸ਼ਲਿਟੀ ਹਸਪਤਾਲ ਵਿੱਚ ਆਯੁਸ਼ਮਾਨ ਭਾਰਤ ਯੋਜਨਾ ਦੇ ਕਾਰਡ ਧਾਰਕਾਂ ਦਾ ਵੀ ਇਲਾਜ ਕੀਤਾ ਜਾਵੇਗਾ,





ਜਿਸ ਨਾਲ ਗਰੀਬ ਵਰਗ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ। ਅਧਿਕਾਰੀਆਂ ਨੇ ਮੁੱਖ ਮੰਤਰੀ ਨੂੰ ਹਸਪਤਾਲ ਵਿੱਚ ਮੌਜੂਦ ਵੱਖ-ਵੱਖ ਅਤਿ-ਆਧੁਨਿਕ ਮੈਡੀਕਲ ਸਹੂਲਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

## ਦਿੱਲੀ ਦੇ ਰਿਠਾਲਾ 'ਚ ਭਿਆਨਕ ਅੱਗ ਦਾ ਤਾਂਡਵ ! 100 ਤੋਂ ਵੱਧ ਝੁੱਗੀਆਂ ਸੜ ਕੇ ਸਵਾਹ, 17 ਸਾਲਾ ਲੜਕੀ ਦੀ ਮੌਤ

ਨੈਸ਼ਨਲ ਡੈਸਕ 5 ਮਾਰਚ। ਦੇਸ਼ ਦੀ ਰਾਜਧਾਨੀ ਦਿੱਲੀ ਦੇ ਰਿਠਾਲਾ ਇਲਾਕੇ ਵਿੱਚ ਵੀਰਵਾਰ ਤੜਕੇ ਇੱਕ ਝੁੱਗੀ ਬਸਤੀ ਵਿੱਚ ਭਿਆਨਕ ਅੱਗ ਲੱਗਣ ਕਾਰਨ ਭਾਰੀ ਤਬਾਹੀ ਹੋਈ ਹੈ। ਇਸ ਦਰਦਨਾਕ ਹਾਦਸੇ ਵਿੱਚ 17 ਸਾਲਾ ਇੱਕ ਨਾਬਾਲਗ ਲੜਕੀ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਝੁੱਗੀਆਂ ਸੜ ਕੇ ਸੁਆਹ ਹੋ ਗਈਆਂ। ਅੱਗ ਇੰਨੀ ਭਿਆਨਕ ਸੀ ਕਿ ਇਸ ਨੇ ਨੇੜੇ ਸਥਿਤ ਕਾਗਜ਼ ਦੇ ਰੋਲ ਅਤੇ ਗੱਤੇ ਦੇ ਗੋਦਾਮ ਨੂੰ ਵੀ ਆਪਣੀ ਲਪੇਟ ਵਿੱਚ ਲੈ ਲਿਆ। ਜਾਣਕਾਰੀ ਅਨੁਸਾਰ ਅੱਗ ਲੱਗਣ ਦੀ ਸੂਚਨਾ ਤੜਕੇ ਕਰੀਬ ਸਵਾ ਚਾਰ ਵਜੇ ਮਿਲੀ। ਘਨੀ ਆਬਾਦੀ ਹੋਣ ਕਾਰਨ ਅੱਗ ਤੇਜ਼ੀ ਨਾਲ ਫੈਲ ਗਈ, ਜਿਸ ਕਾਰਨ ਲੋਕਾਂ ਵਿੱਚ ਦਹਿਸ਼ਤ ਮਚ ਗਈ ਅਤੇ ਉਹ ਆਪਣੀ ਜਾਨ ਬਚਾਉਣ ਲਈ ਝੁੱਗੀਆਂ ਵਿੱਚੋਂ ਬਾਹਰ ਭੱਜਣ ਲੱਗੇ। ਫਾਇਰ ਬ੍ਰਿਗੇਡ ਦੀਆਂ 18 ਤੋਂ ਵੱਧ ਗੱਡੀਆਂ ਨੇ ਮੌਕੇ 'ਤੇ ਪਹੁੰਚ ਕੇ ਕਾਫੀ ਮੁਸ਼ੱਕਤ ਤੋਂ ਬਾਅਦ ਸਵੇਰੇ ਸਾਢੇ ਛੇ ਵਜੇ ਤੱਕ ਅੱਗ 'ਤੇ ਕਾਬੂ ਪਾਇਆ। ਅੱਗ ਬੁਝਾਉਣ ਤੋਂ ਬਾਅਦ ਮਲਬੇ ਵਿੱਚੋਂ ਲੜਕੀ ਦੀ ਸੜੀ ਹੋਈ ਲਾਸ਼ ਬਰਾਮਦ ਹੋਈ, ਜਿਸ ਨੂੰ ਪੁਲਿਸ ਨੇ ਪੋਸਟਮਾਰਟਮ ਲਈ ਬੀ.ਐੱਸ.ਏ. ਹਸਪਤਾਲ ਭੇਜ ਦਿੱਤਾ ਹੈ। ਇਸ ਝੁੱਗੀ ਬਸਤੀ ਵਿੱਚ ਬਿਹਾਰ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਤੋਂ ਆਏ ਪ੍ਰਵਾਸੀ ਮਜ਼ਦੂਰ ਰਹਿੰਦੇ ਹਨ, ਜੋ ਨੇੜਲੀਆਂ ਫੈਕਟਰੀਆਂ ਅਤੇ ਨਿਰਮਾਣ ਵਾਲੀਆਂ ਥਾਵਾਂ 'ਤੇ ਦਿਹਾੜੀਦਾਰ ਵਜੋਂ ਕੰਮ ਕਰਦੇ ਹਨ। ਪੀੜਤਾਂ ਨੇ ਦੱਸਿਆ ਕਿ ਅੱਗ ਇੰਨੀ ਤੇਜ਼ੀ ਨਾਲ ਫੈਲੀ ਕਿ ਉਨ੍ਹਾਂ ਨੂੰ ਆਪਣਾ ਸਾਮਾਨ ਬਚਾਉਣ ਦਾ ਮੌਕਾ ਹੀ ਨਹੀਂ ਮਿਲਿਆ। ਬਿਹਾਰ ਦੇ ਰਹਿਣ ਵਾਲੇ ਇੱਕ ਮਜ਼ਦੂਰ ਰਮੇਸ਼ ਕੁਮਾਰ ਨੇ ਭਰੇ ਮਨ ਨਾਲ ਕਿਹਾ, ਸਾਡੀ ਝੁੱਗੀ, ਕੱਪੜੇ, ਪੈਸੇ ਅਤੇ ਜ਼ਰੂਰੀ ਦਸਤਾਵੇਜ਼ - ਸਭ ਕੁਝ ਕੁਝ ਹੀ ਮਿੰਟਾਂ ਵਿੱਚ ਸੁਆਹ ਹੋ ਗਿਆ।

# ਡੀ.ਏ. ਦੇ ਬਕਾਏ ਅਤੇ ਪੈਨਸ਼ਨ ਸਕੀਮ ਨੂੰ ਲੈ ਕੇ ਸੁਖਬੀਰ ਬਾਦਲ ਦਾ ਵੱਡਾ ਐਲਾਨ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਮਾਨਸਾ 5 ਮਾਰਚ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਪੇਂਡੂ ਖੇਤਰਾਂ ਦਾ ਸਰਵ ਪੱਖੀ ਵਿਕਾਸ ਕੀਤਾ ਜਾਵੇਗਾ ਤੇ ਸਾਰੇ 13000 ਪਿੰਡਾਂ ਵਿਚ ਪੱਕੀਆਂ ਗਲੀਆਂ ਤੇ ਸੀਵਰੇਜ ਸਹੂਲਤ ਦਿੱਤੀ ਜਾਵੇਗੀ ਤੇ ਪਿੰਡਾਂ ਦੇ ਛੱਪੜਾਂ ਦੀ ਸਫਾਈ ਕਰਵਾ ਕੇ ਸੁੰਦਰੀਕਰਨ ਕੀਤਾ ਜਾਵੇਗਾ। ਜਿਹੜੇ ਪੇਂਡੂ ਲੋਕਾਂ ਕੋਲ ਆਪਣੇ ਘਰ ਨਹੀਂ ਹਨ, ਉਨ੍ਹਾਂ ਨੂੰ ਪੱਕੇ ਘਰ ਬਣਾ ਕੇ ਦਿੱਤੇ ਜਾਣਗੇ। ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਦੇ ਨਾਲ ਰਲ ਕੇ ਝੁਨੀਰ ਵਿਖੇ ਸਰਦੂਲਗੜ੍ਹ ਹਲਕੇ ਦੀ ਵਿਸ਼ਾਲ ਰੈਲੀ ਦੀ ਪ੍ਰਧਾਨਗੀ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਸੀਂ ਪਿੰਡਾਂ ਵਿਚ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੀ ਯੋਜਨਾ ਤਿਆਰ ਕੀਤੀ ਹੈ ਜਿਸ ਤਹਿਤ ਸਾਲ ਸਾਲ 3 ਹਜ਼ਾਰ ਪਿੰਡਾਂ ਦਾ ਵਿਕਾ ਹੋਵੇਗਾ। ਉਹਨਾਂ ਕਿਹਾ ਕਿ ਇਕ ਵਾਰ ਇਹ ਕੰਮ ਨੇਪਰੇ ਚੜ੍ਹ ਗਿਆ ਤਾਂ ਪੰਜਾਬ ਦੇ ਹਰ ਪਿੰਡ ਵਿਚ ਸ਼ਹਿਰਾਂ ਵਰਗੀਆਂ ਨਾਗਰਿਕ ਸਹੂਲਤਾਂ ਹੋਣਗੀਆਂ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਹਮੇਸ਼ਾ ਕਰਕੇ ਵਿਖਾਉਣ ਵਿਚ ਵਿਸ਼ਵਾਸ ਰੱਖਦਾ ਹੈ ਅਤੇ ਜ਼ੋਰ ਦੇ ਕੇ ਕਿਹਾ ਕਿ ਅਸੀਂ ਕਦੇ ਵੀ ਉਹ ਵਾਅਦੇ ਨਹੀਂ ਕਰਦੇ ਜੋ ਅਸੀਂ ਪੂਰੇ ਨਾ ਕਰ ਸਕੀਏ। ਉਨ੍ਹਾਂ ਕਿਹਾ ਕਿ ਮੈਂ ਸਮੁੱਚੇ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਜੇਕਰ ਉਹ ਵਿਸ਼ਵ ਪੱਧਰੀ ਸੜਕਾਂ, ਅਜਿਹਾ ਸਕੂਲੀ ਢਾਂਚਾ ਜਿਸ ਵਿਚ ਸਾਡੇ ਬੱਚੇ ਕੱਲ੍ਹ ਦੇ ਆਗੂ ਬਣਨ ਅਤੇ ਆਧੁਨਿਕ ਹਸਪਤਾਲ ਤੇ ਮੈਡੀਕਲ ਕਾਲਜ ਚਾਹੁੰਦੇ ਹਨ ਤਾਂ ਉਹ ਅਕਾਲੀ ਦਲ ਨੂੰ ਵੋਟਾਂ ਪਾਉਣ। ਉਨ੍ਹਾਂ ਕਿਹਾ ਕਿ ਦੂਜੇ ਪਾਸੇ ਭਗਵੰਤ ਮਾਨ ਵਰਗੇ ਆਗੂ ਹਨ ਜੋ ਸਿਰਫ ਨਾਂਹ ਪੱਖੀ ਰਾਜਨੀਤੀ ਹੀ ਕਰ ਸਕਦੇ ਹਨ ਅਤੇ ਚੁਟਕਲੇ ਸੁਣਾ ਸਕਦੇ ਹਨ ਤੇ ਚਰਨਜੀਤ ਸਿੰਘ ਚੰਨੀ ਦਾ ਦਾਅਵਾ ਇਹ ਹੈ ਕਿ ਉਹ ਬੱਕਰੀਆਂ ਚੋਅ ਸਕਦੇ ਹਨ ਤੇ ਮੰਜੇ ਬੁਣ ਸਕਦੇ ਹਨ। ਬਾਦਲ ਨੇ ਕਿਹਾ ਕਿ ਅਕਾਲੀ ਦਲ ਉਨ੍ਹਾਂ ਸਰਕਾਰੀ ਮੁਲਾਜ਼ਮਾਂ ਨੂੰ ਲਾਭ ਦੇਣ ਵਾਸਤੇ ਵਚਨਬੱਧ ਹੈ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਝੂਠੇ ਵਾਅਦਿਆਂ 'ਤੇ ਵਿਸ਼ਵਾਸ ਕਰ ਕੇ ਉਸਨੂੰ ਵੋਟਾਂ ਪਾਈਆਂ ਅਤੇ ਹੁਣ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਵੇਲੇ ਹੀ ਸਾਰੇ ਤਨਖਾਹ ਕਮਿਸ਼ਨ ਬਣਾਏ ਗਏ ਤੇ ਲਾਗੂ ਕੀਤੇ ਗਏ। ਉਨ੍ਹਾਂ ਕਿਹਾ ਕਿ 2027 ਵਿਚ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਮੁਲਾਜ਼ਮਾਂ ਦਾ ਮਹਿੰਗਾਈ ਭੱਤੇ ਦਾ ਸਾਰਾ ਬਕਾਇਆ ਜਾਰੀ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਘਰ ਨੇੜੇ ਹੀ ਤਾਇਨਾਤੀ ਵਾਸਤੇ ਪ੍ਰਣਾਲੀ ਤਿਆਰ ਕਰਾਂਗੇ ਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਾਂਗੇ ਅਤੇ ਛੇਤੀ ਤਨਖਾਹਾਂ ਵਿਚ ਵਾਧਾ ਯਕੀਨੀ ਬਣਾਵਾਂਗੇ। ਉਨ੍ਹਾਂ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਮੂਰਖ ਨਾ ਬਣਨ ਬਲਕਿ ਇਹ ਸਮਝਣ ਕਿ ਆਪ ਸਰਕਾਰ ਵਿਧਾਨ ਸਭਾ ਚੋਣਾਂ ਕਰ ਕੇ ਔਰਤਾਂ ਨੂੰ ਤਿੰਨ ਮਹੀਨੇ ਲਈ ਇਕ-ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਆੜ ਵਿਚ ਸਰਕਾਰੀ ਜ਼ਮੀਨਾਂ ਵੇਚਣੀਆਂ



ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਪਹਿਲਾਂ ਇਕ ਲੱਖ ਏਕੜ ਜ਼ਮੀਨ ਐਕਵਾਇਰ ਕਰਨ ਦੀ ਸਾਜ਼ਿਸ਼ ਅਸਫਲ ਬਣਾਈ ਸੀ ਤੇ ਇਸ ਵਾਸਤੇ ਮੋਰਚਾ ਲਗਾਇਆ ਸੀ ਕਿਉਂਕਿ ਇਹ ਜ਼ਮੀਨ ਦਿੱਲੀ ਦੇ ਬਿਲਡਰਾਂ ਨੂੰ ਦਿੱਤੀ ਜਾਣੀ ਸੀ। ਉਹਨਾਂ ਕਿਹਾ ਕਿ ਹੁਣ ਵੀ ਅਸੀਂ ਬਿਜਲੀ ਨਿਗਮ ਅਤੇ ਨਿਗਰ ਨਿਗਮ ਦੀਆਂ ਜਾਇਦਾਦਾਂ ਵੇਚਣ ਦੀ ਸਕੀਮ ਦਾ ਪੁਰਜ਼ੋਰ ਵਿਰੋਧ ਕਰਾਂਗੇ। ਉਨ੍ਹਾਂ ਕਿਹਾ ਕਿ ਅਸੀਂ ਸਾਰੀਆਂ ਸਰਕਾਰੀ ਨੌਕਰੀਆਂ ਸਿਰਫ ਪੰਜਾਬੀਆਂ ਵਾਸਤੇ ਰਾਖਵੀਂਆਂ ਕਰਾਂਗੇ ਅਤੇ ਯਕੀਨੀ ਬਣਾਵਾਂਗੇ ਕਿ ਪੰਜਾਬ ਵਿਚ ਲੱਗਣ ਵਾਲੇ ਉਦਯੋਗ 75 ਫੀਸਦੀ ਨੌਕਰੀਆਂ ਪੰਜਾਬੀਆਂ ਨੂੰ ਦੇਣ। ਬਾਦਲ ਨੇ ਨੌਜਵਾਨਾਂ ਨੂੰ 10 ਲੱਖ ਤੱਕ ਵਿਆਜ਼ ਮੁਕਤ ਕਰਜ਼ਾ ਦੇਣ ਦਾ ਵੀ ਐਲਾਨ ਕੀਤਾ ਤੇ ਕਿਹਾ ਕਿ ਮੋਟਰ ਸਾਈਕਲਾਂ 'ਤੇ ਰੋਡ ਟੈਕਸ ਖਤਮ ਕੀਤਾ ਜਾਵੇਗਾ, ਕਬੱਡੀ ਵਿਸ਼ਵ ਕੱਪ ਮੁੜ ਸ਼ੁਰੂ ਕੀਤਾ ਜਾਵੇਗਾ ਅਤੇ ਪਸ਼ੂ ਮੇਲੇ ਮੁੜ ਸ਼ੁਰੂ ਕੀਤੇ ਜਾਣਗੇ ਤੇ ਮਾਰਵਾੜੀ ਘੋੜਿਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ।

# ਜਲੰਧਰ ਵਿਖੇ ਜਪਨੂਰ ਟ?ਰੈਵਲ ਏਜੰਟ ਵੱਲੋਂ 45 ਲੱਖ ਦੀ ਠੱਗੀ, ਕਿਸਾਨਾਂ ਨੇ ਦ.ਫਤਰ ਬਾਹਰ ਲਾਇਆ ਧਰਨਾ

ਕੌਮੀ ਪਤ੍ਰਿਕਾ

ਜਲੰਧਰ 5 ਮਾਰਚ। ਜਲੰਧਰ ਸ਼ਹਿਰ ਦੇ ਸੰਵਿਧਾਨ ਚੌਕ ਨੇੜੇ ਸਥਿਤ ਜਪਨੂਰ ਟ?ਰੈਵਲਜ਼ ਦੇ ਏਜੰਟ ਖ਼?ਲਾਫ਼ ਕਿਸਾਨਾਂ ਵੱਲੋਂ ਜ਼ੋਰਦਾਰ ਧਰਨਾ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਭੁਲੱਥ ਦੇ ਰਹਿਣ ਵਾਲੇ ਪੀੜਤਾਂ ਨੇ ਟ?ਰੈਵਲ ਏਜੰਟ 'ਤੇ ਜਾਅਲੀ ਵੀਜ਼ਾ ਲਗਾ ਕੇ ਲੱਖਾਂ ਰੁਪਏ ਦੀ ਠੱਗੀ ਮਾਰਨ ਦੇ ਗੰਭੀਰ ਦੋਸ਼ ਲਗਾਏ ਹਨ। ਕਿਸਾਨ ਆਗੂ ਸੁਖਚੈਨ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਕੈਨੇਡਾ ਦਾ 10 ਸਾਲਾ ਮਲਟੀਪਲ ਵੀਜ਼ਾ ਲਗਵਾਉਣ ਲਈ ਟ?ਰੈਵਲ ਏਜੰਟ ਨੂੰ 45 ਲੱਖ ਰੁਪਏ ਦਿੱਤੇ ਗਏ ਸਨ ਪਰ ਜਦੋਂ ਪੀੜਤ ਵਿਦੇਸ਼ ਜਾਣ ਲਈ ਹਵਾਈ ਅੱਡੇ 'ਤੇ ਪਹੁੰਚਿਆ ਤਾਂ ਉੱਥੇ ਉਸ ਨੂੰ ਜਾਅਲੀ ਵੀਜ਼ਾ ਹੋਣ ਕਾਰਨ ਰੋਕ ਲਿਆ ਗਿਆ। ਪੀੜਤ ਅਨੁਸਾਰ ਇਹ ਚੰਗੀ ਕਿਸਮਤ ਰਹੀ ਕਿ ਏਅਰਪੋਰਟ ਅਧਿਕਾਰੀਆਂ ਵੱਲੋਂ ਉਸ ਖ਼?ਲਾਫ਼ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਪੀੜਤ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਡੇਢ ਕਿੱਲਾ ਜ਼ਮੀਨ ਵੇਚ ਕੇ ਬੜੀ ਮੁਸ਼ਕਿਲ ਨਾਲ ਪੈਸਿਆਂ ਦਾ ਪ੍ਰਬੰਧ ਕੀਤਾ ਸੀ। ਟ?ਰੈਵਲ ਏਜੰਟ ਵੱਲੋਂ ਕੀਤੀ ਗਈ ਧੋਖਾਧੜੀ ਅਤੇ ਲਗਾਤਾਰ ਦਿੱਤੀ ਜਾ ਰਹੀ ਮਾਨਸਿਕ ਪਰੇਸ਼ਾਨੀ ਕਾਰਨ ਪੀੜਤ ਇੰਨਾ ਟੁੱਟ ਚੁੱਕਾ ਸੀ ਕਿ ਉਸ ਨੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਵੀ ਕੀਤੀ। ਦੋਸ਼ ਹੈ ਕਿ ਏਜੰਟ ਪਿਛਲੇ ਦੋ ਸਾਲਾਂ ਤੋਂ ਉਨ੍ਹਾਂ ਨੂੰ ਪਰੇਸ਼ਾਨ ਕਰ ਰਿਹਾ ਹੈ। ਸੁਖਚੈਨ ਸਿੰਘ ਮੁਤਾਬਕ ਮਾਮਲਾ ਵਧਣ 'ਤੇ ਟ?ਰੈਵਲ ਏਜੰਟ ਨੇ 19 ਲੱਖ ਰੁਪਏ ਵਾਪਸ ਕਰ ਦਿੱਤੇ ਸਨ ਅਤੇ ਬਾਕੀ ਰਕਮ 5-5 ਲੱਖ ਦੀਆਂ ਕਿਸ਼ਤਾਂ ਵਿੱਚ ਮੋੜਨ ਦਾ ਵਾਅਦਾ ਕੀਤਾ ਸੀ। ਪਰ ਹੁਣ ਪਿਛਲੇ ਇਕ ਸਾਲ ਤੋਂ ਏਜੰਟ ਪੈਸੇ ਮੋੜਨ ਦੀ ਬਜਾਏ ਟਾਲ-ਮਟੋਲ ਕਰ ਰਿਹਾ ਹੈ ਅਤੇ ਦਫ਼ਤਰ ਦੇ ਚੱਕਰ ਲਗਵਾ ਰਿਹਾ ਹੈ। ਸੁਖਚੈਨ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਮੱਖੂ ਨਾਲ ਹੀਰਾ ਸਿੰਘ ਇਕ ਟ?ਰੈਵਲ ਏਜੰਟ ਨਾਲ ਸੰਪਰਕ ਕੀਤਾ ਸੀ। ਉਨ੍ਹਾਂ ਨੇ ਵੀਜ਼ਾ ਪ੍ਰਾਪਤ ਕਰਨ ਲਈ ਹੀਰਾ ਸਿੰਘ ਦੇ ਖ਼ਾਤੇ ਵਿੱਚ ਪੈਸੇ ਟ?ਰਾਂਸਫਰ ਕੀਤੇ ਸਨ। ਸੁਖਚੈਨ ਨੇ ਕਿਹਾ ਕਿ ਹੀਰਾ ਦੇ ਪੁੱਤਰ ਪ੍ਰਬਲ ਨੇ ਪੈਸੇ ਟ?ਰੈਵਲ ਏਜੰਟ ਦੇ ਖ਼ਾਤੇ ਵਿੱਚ ਟ?ਰਾਂਸਫ਼ਰ ਕੀਤੇ ਸਨ। ਪੀੜਤ ਦੇ



ਭਰਾ ਨੇ ਕਿਹਾ ਕਿ ਡੇਢ ਏਕੜ ਜ਼ਮੀਨ ਵੇਚ ਕੇ ਪੈਸੇ ਦਾ ਪ੍ਰਬੰਧ ਕੀਤਾ ਗਿਆ ਸੀ। ਦੋਸ਼ ਹੈ ਕਿ ਟ?ਰੈਵਲ ਏਜੰਟ ਉਨ੍ਹਾਂ ਨੂੰ ਪਰੇਸ਼ਾਨ ਕਰ ਰਿਹਾ ਹੈ। ਪੀੜਤ ਨੇ ਕਿਹਾ ਕਿ ਉਨ੍ਹਾਂ ਦੇ ਭਰਾ ਨੇ ਪਰੇਸ਼ਾਨੀ ਕਾਰਨ ਖ਼ੁਦਕੁਸ਼ੀ ਦੀ ਕੋਸ਼ਿਸ਼ ਵੀ ਕੀਤੀ। ਕਿਸਾਨ ਆਗੂ ਨੇ ਕਿਹਾ ਕਿ ਸੁਖਚੈਨ ਸਿੰਘ ਨੂੰ ਜਾਅਲੀ ਵੀਜ਼ਾ ਵਰਤ ਕੇ ਫਸਾਇਆ ਗਿਆ ਸੀ ਅਤੇ ਧੋਖਾਧੜੀ ਤੋਂ ਬਾਅਦ ਪੈਸੇ ਵਾਪਸ ਕਰਨ ਲਈ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਕਿਸਾਨ ਆਗੂ ਨੇ ਕਿਹਾ ਕਿ ਉਨ੍ਹਾਂ ਨੂੰ ਦੋ ਸਾਲਾਂ ਤੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪੀੜਤ ਪੱਖ ਨੇ ਸਤਨਾਮ ਸਿੰਘ, ਅਸ਼ੋਕ ਅਤੇ ਦਫ਼ਤਰ ਦੀ ਦੇਖ-ਰੇਖ ਕਰਨ ਵਾਲੇ ਮਨਦੀਪ ਸਿੰਘ 'ਤੇ ਇਸ ਧੋਖਾਧੜੀ ਵਿੱਚ ਸ਼ਾਮਲ ਹੋਣ ਦੇ ਇਲਜ਼ਾਮ ਲਗਾਏ ਹਨ। ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜਦੋਂ ਤੱਕ ਪੀੜਤ ਪਰਿਵਾਰ ਨੂੰ ਉਨ੍ਹਾਂ ਦੇ ਬਾਕੀ ਪੈਸੇ ਵਾਪਸ ਨਹੀਂ ਮਿਲਦੇ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।

## ਕੇਂਦਰੀ ਜੇਲ੍ਹ ਅੰਦਰੋਂ ਫਿਰ ਤੋਂ ਸ਼ੱਕੀ ਸਾਮਾਨ ਬਰਾਮਦ, ਪੁਲਸ ਵੱਲੋਂ ਜਾਂਚ ਜਾਰੀ

ਤਰਨਤਾਰਨ 5 ਮਾਰਚ। ਕੇਂਦਰੀ ਜੇਲ੍ਹ ਅੰਦਰੋਂ 105 ਗ੍ਰਾਮ ਅਫੀਮ, ਦੋ ਮੋਬਾਈਲ ਫੋਨ 30 ਬੀੜੀ ਦੇ ਬੰਡਲ, 15 ਪੈਕਟ ਕੂਲ ਲਿਪ, 5 ਪੈਕਟ ਤੰਬਾਕੂ ਅਤੇ ਇਕ ਹੈਡਫੋਨ ਬਰਾਮਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲਸ ਨੇ ਜੇਲ ਵਿਚ ਬੰਦ ਦੋ ਅਪਰਾਧੀਆਂ ਦੇ ਖਿਲਾਫ ਪਰਚਾ ਦਰਜ ਕਰਦੇ ਹੋਏ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਗੋਇੰਦਵਾਲ ਸਾਹਿਬ ਦੇ ਮੁਖੀ ਇੰਸਪੈਕਟਰ ਪ੍ਰਭਜੀਤ ਸਿੰਘ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਗੋਇੰਦਵਾਲ ਸਾਹਿਬ ਦੇ ਸਹਾਇਕ ਸੁਪਰਡੈਂਟ ਅਵਤਾਰ ਸਿੰਘ ਵੱਲੋਂ ਦਿੱਤੀ ਗਏ ਬਿਆਨਾਂ, ਜਿਸ ਵਿਚ ਦੱਸਿਆ ਗਿਆ ਹੈ ਕਿ ਬੀਤੀ 28 ਅਕਤੂਬਰ ਦੀ ਸਵੇਰੇ ਕੈਦੀ ਸੁਖਪ੍ਰੀਤ ਸਿੰਘ ਉਰਫ ਸੁਖਦੀਪ ਸਿੰਘ ਉਰਫ ਸੁੱਖ ਪੁੱਤਰ ਬਲਕਾਰ ਸਿੰਘ ਵਾਸੀ ਕੋਟ ਬੁੱਢਾ ਅਤੇ ਅਵਤਾਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਭਾਊਵਾਲ ਵੱਲੋਂ ਜੇਲ ਵਿਚ ਫੈਂਕਾ ਕਰਵਾਇਆ ਗਿਆ ਸੀ। ਇਸ ਫੈਂਕੇ ਦੀ ਤਲਾਸ਼ੀ ਲੈਣ ਦੌਰਾਨ ਉਸ ਵਿਚੋਂ 105 ਗ੍ਰਾਮ ਅਫੀਮ, 2 ਦੋ ਵੱਖ-ਵੱਖ ਕੰਪਨੀਆਂ ਦੇ ਮੋਬਾਈਲ ਫੋਨ, 30 ਬੀੜੀ ਬੰਡਲ, 15 ਪੈਕਟ ਕੂਲ ਲਿਪ, 5 ਪੈਕਟ ਤੰਬਾਕੂ ਅਤੇ ਇਕ ਹੈਡਫੋਨ ਬਰਾਮਦ ਕੀਤਾ ਗਿਆ ਸੀ।

# ਨੌਜਵਾਨ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਹੇਠ ਦੋ ਖ਼ਿਲਾ.ਫ ਮਾਮਲਾ ਦਰਜ

ਕੌਮੀ ਪਤ੍ਰਿਕਾ


ਬਠਿੰਡਾ/ਪਟਿਆਲਾ 5 ਮਾਰਚ। ਰੇਲਵੇ ਪੁਲਸ ਬਠਿੰਡਾ ਵੱਲੋਂ ਇੱਕ ਨੌਜਵਾਨ ਨੂੰ ਕਥਿਤ ਤੌਰ 'ਤੇ ਮਾਨਸਿਕ ਪਰੇਸ਼ਾਨ ਕਰਨ ਅਤੇ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਇਲਜ਼ਾਮ ਹੇਠ ਇੱਕ ਔਰਤ ਸਮੇਤ ਦੋ ਵਿਅਕਤੀਆਂ ਵਿਰੁੱਧ ਧਾਰਾ 306 ਅਤੇ 34 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਮ੍ਰਿਤਕ ਦੀ ਦਾਦੀ ਧੰਨਵੰਤ ਕੌਰ (88) ਵਾਸੀ ਪਟਿਆਲਾ ਦੇ ਬਿਆਨਾਂ ਅਤੇ ਉੱਚ ਪੁਲਸ ਅਧਿਕਾਰੀਆਂ ਦੇ ਹੁਕਮਾਂ 'ਤੇ ਅਮਲ ਵਿੱਚ ਲਿਆਂਦੀ ਗਈ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸਦਾ ਪੋਤਾ ਬਲਜੋਤ ਸਿੰਘ ਉਰਫ ਬਿੰਨੀ, ਜਿਸ ਨੇ ਜੂਨ 2024 ਵਿੱਚ ਰੇਲ ਗੱਡੀ ਹੇਠ ਆ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ ਸੀ, ਕਥਿਤ ਤੌਰ 'ਤੇ ਦੋਸ਼ੀਆਂ ਦੀ ਬਲੈਕਮੇਲਿੰਗ ਤੋਂ ਪਰੇਸ਼ਾਨ ਸੀ। ਸ਼ਿਕਾਇਤ ਅਨੁਸਾਰ, ਬਲਜੋਤ ਦੇ ਪਿਤਾ ਦੀ ਮੌਤ ਤੋਂ ਬਾਅਦ ਕਰਮਦੀਪ ਕੌਰ ਨਾਮੀ ਔਰਤ ਨੇ ਖ਼ੁਦ ਨੂੰ ਉਸਦੀ ਪਤਨੀ ਦੱਸ ਕੇ ਜਾਇਦਾਦ ਹੜੱਪਣ ਦੀ ਕੋਸ਼ਿਸ਼ ਕੀਤੀ। ਐਫ.ਆਈ.ਆਰ. ਵਿੱਚ ਦਰਜ ਵੇਰਵਿਆਂ ਮੁਤਾਬਕ, ਦੂਜੇ ਕਥਿਤ ਦੋਸ਼ੀ ਬੂਟਾ ਸਿੰਘ 'ਤੇ ਇਲਜ਼ਾਮ ਹੈ ਕਿ ਉਸਨੇ ਨੌਜਵਾਨ ਨੂੰ ਨਸ਼ੇ ਦੀ ਆਦਤ ਪਾਈ ਅਤੇ ਧੋਖੇ ਨਾਲ ਉਸਦੀ ਦੋ ਕਿੱਲੇ ਜ਼ਮੀਨ ਆਪਣੇ ਨਾਮ ਕਰਵਾ ਲਈ। ਇੰਨਾ ਹੀ ਨਹੀਂ, ਵਿਦੇਸ਼ ਜਾਣ ਲਈ ਰੱਖੀ 30 ਲੱਖ ਰੁਪਏ ਦੀ ਰਕਮ ਵੀ ਕਥਿਤ ਤੌਰ 'ਤੇ ਨੌਜਵਾਨ ਤੋਂ ਹੜੱਪ ਲਈ ਗਈ ਸੀ। ਮ੍ਰਿਤਕ ਨੇ ਮਰਨ ਤੋਂ ਪਹਿਲਾਂ ਆਪਣੀ ਦਾਦੀ ਨੂੰ ਦੱਸਿਆ ਸੀ ਕਿ ਇਹ ਦੋਵੇਂ ਮਿਲ ਕੇ ਉਸ ਕੋਲੋਂ ਖਾਲੀ ਕਾਗਜ਼ਾਂ 'ਤੇ ਦਸਤਖਤ ਕਰਵਾ ਚੁੱਕੇ ਹਨ ਅਤੇ ਉਸਨੂੰ



ਲਗਾਤਾਰ ਡਰਾ-ਧਮਕਾ ਰਹੇ ਹਨ। ਹਾਲਾਂਕਿ ਇਹ ਘਟਨਾ ਸਾਲ 2024 ਦੀ ਹੈ, ਪਰ ਪੁਲਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਅਤੇ ਸਪੈਸ਼ਲ ਡਾਇਰੈਕਟਰ ਪੁਲਸ (ਰੇਲਵੇਜ਼) ਦੇ ਦਖਲ ਤੋਂ ਬਾਅਦ ਹੁਣ ਰਸਮੀ ਤੌਰ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਤਫਤੀਸ਼ੀ ਅਧਿਕਾਰੀ ਐਸ.ਆਈ. ਕੁਲਦੀਪ ਚੰਦ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਦੋਸ਼ੀਆਂ ਦੀ ਭਾਲ ਜਾਰੀ ਹੈ।

## ਰੇਲ ਯਾਤਰੀਆਂ ਲਈ ਖ਼ੁਸ਼ਖਬਰੀ: ਨਵੀਂ ਸਪੈਸ਼ਲ ਟ?ਰੇਨ ਦਾ ਐਲਾਨ, ਕਿਹੜੇ ਸਟੇਸ਼ਨਾਂ 'ਤੇ ਹੋਵੇਗਾ ਠਹਿਰਾਅ

ਅੰਮ੍ਰਿਤਸਰ 5 ਮਾਰਚ। ਰੇਲ ਯਾਤਰੀਆਂ ਦੀ ਸੁਵਿਧਾਜਨਕ ਆਵਾਜਾਈ ਨੂੰ ਧਿਆਨ ਵਿਚ ਰੱਖਦਿਆਂ ਰੇਲਵੇ ਵੱਲੋਂ ਅੰਮ੍ਰਿਤਸਰ-ਮਾਨਸੀ-ਅੰਮ੍ਰਿਤਸਰ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਰੇਲਗੱਡੀ ਚਲਾਉਣ ਦਾ ਐਲਾਨ ਕੀਤਾ ਗਿਆ ਹੈ। ਇਸ ਰਿਜ਼ਰਵਡ ਸਪੈਸ਼ਲ ਰੇਲਗੱਡੀ ਨੂੰ ਨੰਬਰ 04610/04609 ਅਲਾਟ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਿਜ਼ਰਵਡ ਸਪੈਸ਼ਲ ਐਕਸਪ੍ਰੈੱਸ ਟ?ਰੇਨ ਨੰਬਰ 04610



ਅੰਮ੍ਰਿਤਸਰ ਤੋਂ ਮਾਨਸੀ ਲਈ 24 ਤੋਂ 5 ਮਾਰਚ। ਅਤੇ 4 ਮਾਰਚ (ਤਿੰਨ ਟ੍ਰਿਪ) ਨੂੰ ਚਲਾਈ ਜਾਵੇਗੀ। ਇਹ ਰੇਲ ਗੱਡੀ ਅੰਮ੍ਰਿਤਸਰ ਤੋਂ ਰਾਤ 8:10 ਵਜੇ ਪ੍ਰਸਥਾਨ ਕਰੇਗੀ ਅਤੇ ਲਗਭਗ 30 ਘੰਟਿਆਂ ਬਾਅਦ ਰਾਤ 2:30 ਵਜੇ ਮਾਨਸੀ ਪਹੁੰਚੇਗੀ। ਇਸੇ ਤਰ੍ਹਾਂ ਰਿਜ਼ਰਵਡ ਸਪੈਸ਼ਲ ਐਕਸਪ੍ਰੈਸ ਟ?ਰੇਨ ਨੰਬਰ 04609 ਮਾਨਸੀ ਤੋਂ ਅੰਮ੍ਰਿਤਸਰ ਲਈ 5 ਮਾਰਚ। , 5 ਮਾਰਚ ਅਤੇ 6 ਮਾਰਚ (ਤਿੰਨ ਟ੍ਰਿਪ) ਨੂੰ ਚਲਾਈ ਜਾਵੇਗੀ। ਇਹ ਟ?ਰੇਨ ਮਾਨਸੀ ਤੋਂ ਸਵੇਰੇ 4 ਵਜੇ ਰਵਾਨਾ ਹੋ ਕੇ ਲਗਭਗ 33 ਘੰਟਿਆਂ ਬਾਅਦ ਦੁਪਹਿਰ 1:15 ਵਜੇ ਅੰਮ੍ਰਿਤਸਰ ਪਹੁੰਚੇਗੀ। ਯਾਤਰੀਆਂ ਦੀ ਸੁਵਿਧਾ ਲਈ ਇਹ ਰਿਜ਼ਰਵਡ ਸਪੈਸ਼ਲ ਐਕਸਪ੍ਰੈਸ ਟ?ਰੇਨ ਦੋਹਾਂ ਦਿਸ਼ਾਵਾਂ ਵਿਚ ਰਸਤੇ ਦੌਰਾਨ ਬਿਆਸ, ਜਲੰਧਰ ਸਿਟੀ, ਫਗਵਾੜਾ, ਢੰਡਾਰੀ ਕਲਾਂ, ਸਰਹਿੰਦ, ਰਾਜਪੁਰਾ, ਅੰਬਾਲਾ ਕੈਂਟ, ਯਮੁਨਾਨਗਰ ਜਗਾਧਰੀ, ਸਹਾਰਨਪੁਰ, ਮੁਰਾਦਾਬਾਦ, ਬਰੇਲੀ, ਸੀਤਾਪੁਰ, ਗੋਂਡਾ, ਗੋਰਖਪੁਰ, ਸੀਵਾਨ, ਛਪਰਾ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੌਨੀ, ਬੇਗੂਸਰਾਏ ਅਤੇ ਖਗੜੀਆ ਰੇਲਵੇ ਸਟੇਸ਼ਨਾਂ 'ਤੇ ਠਹਿਰੇਗੀ।

## ਪੰਜਾਬ 'ਚ ਖਾਦਾਂ ਦੀ ਵਰਤੋਂ ਨੂੰ ਲੈ ਕੇ ਨਵੇਂ ਅੰਕੜੇ ਆਏ ਸਾਹਮਣੇ, ਕੌਮੀ ਔਸਤ ਨੂੰ ਪਛਾੜਿਆ

ਚੰਡੀਗੜ੍ਹ 5 ਮਾਰਚ। ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਨੈਸ਼ਨਲ ਗ੍ਰੀਨ ਟ੍ਰਿਬੀਊਨਲ 'ਚ ਦਾਇਰ ਕੀਤੇ ਗਏ ਇੱਕ ਹਲਫ਼ਨਾਮੇ ਅਨੁਸਾਰ ਸੂਬੇ 'ਚ ਖਾਦਾਂ ਦੀ ਵਰਤੋਂ ਨੂੰ ਲੈ ਕੇ ਇੱਕ ਸਕਾਰਾਤਮਕ ਤਸਵੀਰ ਸਾਹਮਣੇ ਆਈ ਹੈ। ਅੰਕੜੇ ਦੱਸਦੇ ਹਨ ਕਿ ਪੰਜਾਬ 'ਚ ਵਰਤੀ ਜਾਣ ਵਾਲੀ ਹਰ ਇੱਕ ਕਿਲੋਗ੍ਰਾਮ ਖਾਦ ਕਰੀਬ 16.24 ਕਿਲੋਗ੍ਰਾਮ ਅਨਾਜ ਦੀ ਪੈਦਾਵਾਰ ਕਰਦੀ ਹੈ, ਜੋ ਕਿ 11.06 ਕਿਲੋਗ੍ਰਾਮ ਦੀ ਰਾਸ਼ਟਰੀ ਔਸਤ ਨਾਲੋਂ ਕਿਤੇ ਜ਼ਿਆਦਾ ਹੈ। ਇਹ ਅੰਕੜਾ ਉਨ੍ਹਾਂ ਦਾਅਵਿਆਂ ਨੂੰ ਚੁਣੌਤੀ ਦਿੰਦਾ ਹੈ, ਜਿਨ੍ਹਾਂ 'ਚ ਕਿਹਾ ਜਾਂਦਾ ਸੀ ਕਿ ਪੰਜਾਬ 'ਚ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਕੀਤੀ ਜਾ ਰਹੀ ਹੈ। ਵਿਭਾਗ ਨੇ ਦੱਸਿਆ ਕਿ ਪੰਜਾਬ ਦੀ ਫ਼ਸਲੀ ਤੀਬਰਤਾ ਕਰੀਬ 189 ਫ਼ੀਸਦੀ ਹੈ, ਜਦੋਂ ਕਿ ਭਾਰਤ ਦੀ ਔਸਤ 145 ਫ਼ੀਸਦੀ ਹੈ। ਸੂਬੇ 'ਚ ਕਣਕ ਦਾ ਝਾੜ 5 ਟਨ ਪ੍ਰਤੀ ਹੈਕਟੇਅਰ ਤੋਂ ਵੱਧ ਹੈ ਅਤੇ ਝੋਨੇ ਦਾ ਝਾੜ 6-7 ਟਨ ਪ੍ਰਤੀ ਹੈਕਟੇਅਰ ਦੇ ਵਿਚਕਾਰ ਰਹਿੰਦਾ ਹੈ, ਜੋ ਦੇਸ਼ 'ਚ ਸਭ ਤੋਂ ਵੱਧ ਹੈ। ਇਹ ਉੱਚ ਪੈਦਾਵਾਰ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਕੁਸ਼ਲ ਪੌਸ਼ਟਿਕ ਪ੍ਰਬੰਧਨ ਸਦਕਾ ਹੀ ਸੰਭਵ ਹੋ ਸਕੀ ਹੈ। ਸਭ ਤੋਂ ਮਹੱਤਵਪੂਰਨ ਤਬਦੀਲੀ ਜ਼ਮੀਨ 'ਚ ਦੇਖੀ ਗਈ ਹੈ। ਸਰੋਤਾਂ ਅਨੁਸਾਰ ਪੰਜਾਬ 'ਚ ਸੋਇਲ ਆਰਗੈਨਿਕ ਕਾਰਬਨ 1981-90 ਦੌਰਾਨ 0.33 ਫ਼ੀਸਦੀ ਸੀ, ਜੋ 2011-23 'ਚ ਵਧ ਕੇ 0.53 ਫ਼ੀਸਦੀ ਹੋ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅੰਕੜੇ ਦੱਸਦੇ ਹਨ ਕਿ ਪਹਿਲਾਂ ਸਿਰਫ਼ 1 ਫ਼ੀਸਦੀ ਮਿੱਟੀ ਦੇ ਨਮੂਨੇ ਉੱਚ ਜੈਵਿਕ ਕਾਰਬਨ ਸ਼੍ਰੇਣੀ ਵਿੱਚ ਸਨ, ਜੋ ਹੁਣ ਵੱਧ ਕੇ 15.4 ਫ਼ੀਸਦੀ ਹੋ ਗਏ ਹਨ। ਇਸ ਸੁਧਾਰ ਦਾ ਮੁੱਖ ਕਾਰਨ ਫ਼ਸਲੀ ਰਹਿੰਦ-ਖੂੰਹਦ ਦਾ ਪ੍ਰਬੰਧਨ, ਜੈਵਿਕ ਖਾਦਾਂ ਦੀ ਵਰਤੋਂ ਅਤੇ ਸੰਤੁਲਿਤ ਖਾਦ ਪ੍ਰਣਾਲੀ ਨੂੰ ਅਪਣਾਉਣਾ ਹੈ।

# ਲੁਧਿਆਣਾ-ਫਿਰੋਜ਼ਪੁਰ ਹਾਈਵੇਅ 'ਤੇ ਭਿਆਨਕ ਹਾਦਸਾ, ਟਾਇਰ ਫਟਣ ਨਾਲ ਕਾਰਨ ਪਲਟੀ ਕਾਰ, 2 ਦੀ ਹੋਈ ਮੌਤ

ਕੌਮੀ ਪਤ੍ਰਿਕਾ

ਲੁਧਿਆਣਾ 5 ਮਾਰਚ। ਫਿਰੋਜ਼ਪੁਰ ਰੋਡ 'ਤੇ ਬੱਦੋਵਾਲ ਦੇ ਇਕ ਨਾਮੀ ਪ੍ਰਾਈਵੇਟ ਕਾਲਜ ਦੇ ਵਿਦਿਆਰਥੀਆਂ ਨਾਲ ਹੋਏ ਇਕ ਭਿਆਨਕ ਹਾਦਸੇ ਨੇ ਹਾਈਵੇ 'ਤੇ ਚੀਖ-ਚਿਹਾੜਾ ਮਚਾ ਦਿੱਤਾ। ਚੁੰਗੀ ਨੇੜੇ ਵਾਪਰੇ ਇਸ ਦਰਦਨਾਕ ਐਕਸੀਡੈਂਟ ਵਿਚ ਸਵਿਫਟ ਕਾਰ ਦੇ ਪਰਖੱਚੇ ਉੱਡ ਗਏ। ਜਿਸ ਵਿਚ ਸਵਾਰ ਤਿੰਨ ਨੌਜਵਾਨ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਅਤੇ ਬਾਈਕ ਸਵਾਰ ਵੀ ਜ਼ਖਮੀ ਹੋ ਗਿਆ। ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਦੋ ਦੀ ਮੌਤ ਹੋ ਗਈ ਹੈ। ਮਿਲੀ ਜਾਣਕਾਰੀ ਮੁਤਾਬਕ, ਇਕ ਚਿੱਟੇ ਰੰਗ ਦੀ ਸਵਿਫਟ ਕਾਰ ਵਿਚ ਸਵਾਰ ਤਿੰਨ ਨੌਜਵਾਨ ਸਵੇਰੇ-ਸਵੇਰੇ ਆਪਣੇ ਕਾਲਜ ਦੇ ਲੈਕਚਰ ਅਟੈਂਡ ਕਰਨ ਲਈ ਜਾ ਰਹੇ ਸਨ। ਕਾਰ ਤੇਜ਼ ਰਫ਼ਤਾਰ ਸੀ, ਉਦੋਂ ਹੀ ਅਚਾਨਕ ਉਸ ਦਾ ਟਾਇਰ ਫਟ ਗਿਆ।



ਟਾਇਰ ਫਟਦੇ ਹੀ ਕਾਰ ਦਾ ਸੰਤੁਲਨ ਵਿਗੜ ਗਿਆ ਅਤੇ ਬੇਕਾਬੂ ਕਾਰ ਨੇ ਸਾਹਮਣੇ ਤੋਂ ਆ ਰਹੀ ਇਕ ਬਾਈਕ ਨੂੰ ਆਪਣੀ ਲਪੇਟ ਵਿਚ ਲੈ ਲਿਆ ਅਤੇ ਸੜਕ 'ਤੇ ਕਈ ਬਾਜ਼ੀਆਂ ਖਾਂਦੇ ਹੋਏ ਪਲਟ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਪਲਟਣ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ। ਟੱਕਰ ਲੱਗਦੇ ਹੀ ਬਾਈਕ ਸਵਾਰ ਸੜਕ 'ਤੇ ਜਾ ਗਿਰਿਆ, ਉੱਥੇ ਹੀ ਕਾਰ ਦੇ ਅੰਦਰ ਸਵਾਰ ਵਿਦਿਆਰਥੀ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਹਾਦਸੇ ਤੋਂ ਬਾਅਦ ਮੌਕੇ 'ਤੇ ਲੋਕਾਂ ਦਾ ਭਾਰੀ ਇਕੱਠ ਉਮੜ ਪਿਆ, ਜਿਨ੍ਹਾਂ ਨੇ ਤੁਰੰਤ ਰਾਹਤ ਕਾਰਜ ਸ਼ੁਰੂ ਕੀਤਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਵੀ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਭਿਜਵਾਇਆ। ਹਾਈਵੇ 'ਤੇ ਹੋਈ ਇਸ ਖੌਫਨਾਕ ਦੁਰਘਟਨਾ ਕਾਰਨ ਕਾਫੀ ਸਮੇਂ ਤੱਕ ਆਵਾਜਾਈ ਵੀ ਪ੍ਰਭਾਵਿਤ ਰਹੀ। ਫਿਲਹਾਲ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਪੱਟੀ 'ਚ ਖ਼ੌ.ਫਨਾਕ ਵਾਰਦਾਤ: ਦਵਾਈ ਲੈ ਕੇ ਪਰਤ ਰਹੀ ਵਿਆਹੁਤਾ ਦੇ ਸਿਰ 'ਚ ਨੌਜਵਾਨ ਨੇ ਮਾਰੀ ਗੋਲੀ

ਪੱਟੀ 5 ਮਾਰਚ। ਇਲਾਕੇ ਦੀ ਗਾਰਡਨ ਕਾਲੋਨੀ ਵਿੱਚ ਇੱਕ ਰੂਹ ਕੰਬਾਊ ਵਾਰਦਾਤ ਸਾਹਮਣੇ ਆਈ ਹੈ, ਜਿੱਥੇ ਇੱਕ ਅਣਪਛਾਤੇ ਨੌਜਵਾਨ ਨੇ ਇੱਕ ਵਿਆਹੁਤਾ ਨੂੰ ਗੋਲੀ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤਾ। ਜ਼ਖ਼ਮੀ ਮਹਿਲਾ ਦੀ ਪਛਾਣ ਰੂਬੀ ਮਹਿਰਾ ਪਤਨੀ ਅੰਸ਼ ਗਰੋਵਰ (ਵਾਰਡ ਨੰਬਰ 17) ਵਜੋਂ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ, ਰੂਬੀ ਮਹਿਰਾ ਆਪਣੇ ਪਤੀ ਨਾਲ ਦਵਾਈ ਲੈ ਕੇ ਵਾਪਸ ਘਰ ਆ ਰਹੀ ਸੀ। ਜਦੋਂ ਉਹ ਘਰ ਦੇ ਨਜ਼ਦੀਕ ਪਹੁੰਚੇ ਤਾਂ ਸਾਹਮਣੇ ਤੋਂ ਐਕਟਿਵਾ ਸਵਾਰ ਹੋ ਕੇ ਆ ਰਹੇ ਇੱਕ ਨੌਜਵਾਨ ਨੇ ਉਨ੍ਹਾਂ ਨੂੰ ਰੋਕ ਲਿਆ। ਹਮਲਾਵਰ ਨੇ ਪਹਿਲਾਂ ਰੂਬੀ ਦੇ ਪਤੀ ਨਾਲ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ ਰੂਬੀ ਨੇ ਆਪਣੇ ਪਤੀ ਨੂੰ ਬਚਾਉਣ ਲਈ ਵਿਚਾਲੇ ਪੈ ਕੇ ਛੁਡਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਉਸ



ਨੌਜਵਾਨ ਨੇ ਰੂਬੀ ਨਾਲ ਧੱਕਾ-ਮੁੱਕੀ ਕੀਤੀ ਅਤੇ ਉਸ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਿਆ। ਜ਼ਖ਼ਮੀ ਰੂਬੀ ਨੂੰ ਤੁਰੰਤ ਸਿਵਲ ਹਸਪਤਾਲ ਪੱਟੀ ਪਹੁੰਚਾਇਆ ਗਿਆ, ਜਿੱਥੇ ਉਸ ਦੀ ਨਾਜ਼ੁਕ ਹਾਲਤ ਨੂੰ ਦੇਖਦੇ ਹੋਏ ਡਾਕਟਰਾਂ ਨੇ ਉਸ ਨੂੰ ਬਿਹਤਰ ਇਲਾਜ ਲਈ ਅੰਮ੍ਰਿਤਸਰ ਰੈਫਰ ਕਰ ਦਿੱਤਾ ਹੈ। ਰੂਬੀ ਦੀ ਦਾਦੀ ਸੱਸ ਰੇਣੂ ਬਾਲਾ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਹਮਲਾ ਬਹੁਤ ਅਚਾਨਕ ਹੋਇਆ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਸਿਟੀ ਪੱਟੀ ਦੀ ਪੁਲਿਸ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਵੇਚੀ ਜ਼ਮੀਨ ਦੇ ਪੈਸੇ ਨਾ ਮਿਲਣ 'ਤੇ ਵਿਅਕਤੀ ਵਲੋਂ ਖ਼ੁਦਕੁਸ਼ੀ ਦੀ ਕੋਸ਼ਿਸ਼

ਬਠਿੰਡਾ 5 ਮਾਰਚ। ਵੇਚੀ ਹੋਈ ਜ਼ਮੀਨ ਦੇ ਪੈਸੇ ਨਾ ਮਿਲਣ 'ਤੇ ਇਕ ਵਿਅਕਤੀ ਵਲੋਂ ਜ਼ਹਿਰੀਲੀ ਵਸਤੂ ਨਿਗਲ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ ਕੀਤੀ ਗਈ, ਜਿਸ ਤੋਂ ਬਾਅਦ ਥਾਣਾ ਸਦਰ ਵਲੋਂ 3 ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਕਰਮਜੀਤ ਕੌਰ ਵਾਸੀ ਕੋਟਸ਼ਮੀਰ ਨੇ ਸਦਰ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸਦੇ ਪਤੀ ਕੁਲਦੀਪ ਸਿੰਘ ਵਲੋਂ ਮੁਲਜ਼ਮ ਹਰਜੀਤ ਸਿੰਘ, ਹਰਵਿੰਦਰ ਸਿੰਘ ਵਾਸੀ ਹਾਊਸਫੈਡ ਕਾਲੋਨੀ ਅਤੇ ਨਰਾਇਣ ਸਿੰਘ ਵਾਸੀ ਕੋਟਸ਼ਮੀਰ ਤੋਂ ਵੇਚੀ ਹੋਈ ਜ਼ਮੀਨ ਦੇ 85 ਲੱਖ ਰੁਪਏ ਲੈਣੇ ਸਨ। ਜਦੋਂ ਉਸ ਵਲੋਂ ਮੁਲਜ਼ਮਾਂ ਤੋਂ ਪੈਸੇ ਮੰਗੇ ਤਾਂ ਉਨ੍ਹਾਂ ਟਾਲ-ਮਟੋਲ ਕਰਦਿਆ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ। ਉਕਤ ਮੁਲਜ਼ਮਾਂ ਤੋਂ ਪਰੇਸ਼ਾਨ ਹੋ ਕਿ ਉਸਦੇ ਪਤੀ ਵਲੋਂ ਜ਼ਹਿਰਲੀ ਦਵਾਈ ਨਿਗਲ ਕੇ ਖ਼ੁਦਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ, ਜੋ ਬਠਿੰਡਾ ਵਿਖੇ ਨਿੱਜੀ ਹਸਪਤਾਲ ਵਿਚ ਜ਼ੇਰੇ ਇਲਾਜ ਹੈ।

# ਪੈਟਰੋਲ ਪੰਪ 'ਤੇ ਸਿਗਰਟ ਪੀਣ ਤੋਂ ਰੋਕਣ 'ਤੇ ਭੜਕਿਆ ਨੌਜਵਾਨ, ਲਾਈਟਰ ਨਾਲ ਨੋਜ਼ਲ ਨੂੰ ਲਗਾਈ ਅੱਗ

ਕੌਮੀ ਪਤ੍ਰਿਕਾ

ਰਾਏਪੁਰ 5 ਮਾਰਚ। ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਤੋਂ ਇਕ ਰੂਹ ਕੰਬਾਊ ਵੀਡੀਓ ਸਾਹਮਣੇ ਆਈ ਹੈ, ਜਿੱਥੇ ਇਕ ਪੈਟਰੋਲ ਪੰਪ 'ਤੇ ਸਿਗਰਟ ਪੀਣ ਤੋਂ ਰੋਕਣ 'ਤੇ ਇਕ ਨੌਜਵਾਨ ਨੇ ਗੁੱਸੇ 'ਚ ਆ ਕੇ ਤੇਲ ਵਾਲੀ ਨੋਜ਼ਲ ਨੂੰ ਹੀ ਅੱਗ ਲਗਾ ਦਿੱਤੀ। ਇਸ ਘਟਨਾ ਕਾਰਨ ਪੈਟਰੋਲ ਪੰਪ ਅਤੇ ਮੌਕੇ 'ਤੇ ਖੜ੍ਹੀ ਬਾਈਕ ਦੀ ਟੰਕੀ ਵਿਚ ਭਿਆਨਕ ਅੱਗ ਭੜਕ ਉੱਠੀ। ਜਾਣਕਾਰੀ ਅਨੁਸਾਰ ਇਹ ਘਟਨਾ ਉਰਲਾ ਇਲਾਕੇ ਦੇ ਸੰਗੀਤਾ ਫਿਊਲਜ਼ ਪੈਟਰੋਲ ਪੰਪ 'ਤੇ ਬੁੱਧਵਾਰ ਰਾਤ ਲਗਭਗ 8 ਵਜੇ ਵਾਪਰੀ। ਧਰਮਿੰਦਰ ਕਸ਼ੱਤਰੀ ਅਤੇ ਇਮਰਾਨ ਨਾਂ ਦੇ 2 ਨੌਜਵਾਨ ਬਾਈਕ 'ਚ ਤੇਲ ਪੁਆਉਣ ਪਹੁੰਚੇ ਸਨ। ਜਿਵੇਂ ਹੀ ਇਮਰਾਨ ਨੇ ਬਾਈਕ ਦੀ ਟੰਕੀ ਖੋਲ੍ਹੀ, ਧਰਮਿੰਦਰ ਨੇ ਸਿਗਰਟ ਜਲਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਦੇ ਦੋਸਤ ਨੇ ਉਸ ਨੂੰ ਸਿਗਰਟ ਪੀਣ ਤੋਂ ਮਨ੍ਹਾ ਕਰਦਿਆਂ ਧੱਕਾ ਦਿੱਤਾ, ਤਾਂ ਧਰਮਿੰਦਰ ਨੇ ਗੁੱਸੇ 'ਚ ਆ ਕੇ ਪੈਟਰੋਲ ਭਰ ਰਹੀ ਨੋਜ਼ਲ



ਪਾਈਪ ਕੋਲ ਲਾਈਟਰ ਜਲਾ ਕੇ ਅੱਗ ਲਗਾ ਦਿੱਤੀ। ਅੱਗ ਲੱਗਦੇ ਹੀ ਉੱਥੇ ਮੌਜੂਦ ਲੋਕ ਆਪਣੀ ਜਾਨ ਬਚਾਉਣ ਲਈ ਭੱਜਣ ਲੱਗੇ। ਪਰ ਪੰਪ ਕਰਮਚਾਰੀ ਨੇ ਬੜੀ ਦਲੇਰੀ ਅਤੇ ਸਮਝਦਾਰੀ ਦਿਖਾਉਂਦੇ ਹੋਏ ਤੁਰੰਤ ਮੇਨ ਸਵਿੱਚ ਬੰਦ ਕੀਤਾ ਅਤੇ ਪੰਪ 'ਤੇ ਮੌਜੂਦ ਫਾਇਰ ਫਾਈਟਿੰਗ ਕਿਟ ਦੀ ਵਰਤੋਂ ਕਰਕੇ ਅੱਗ 'ਤੇ ਕਾਬੂ ਪਾਇਆ। ਜੇਕਰ ਸਮੇਂ ਸਿਰ ਅੱਗ ਨਾ ਬੁਝਾਈ ਜਾਂਦੀ ਤਾਂ ਇਕ ਵੱਡਾ ਧਮਾਕਾ ਹੋ ਸਕਦਾ ਸੀ। ਜੇਲ੍ਹ ਘਟਨਾ ਤੋਂ ਬਾਅਦ ਮੁਲਜ਼ਮਾਂ ਨੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੰਪ ਕਰਮਚਾਰੀਆਂ ਨੇ ਉਨ੍ਹਾਂ ਨੂੰ ਮੌਕੇ 'ਤੇ ਹੀ ਫੜ ਲਿਆ ਅਤੇ ਪੁਲਸ ਦੇ ਹਵਾਲੇ ਕਰ ਦਿੱਤਾ। ਉਰਲਾ ਪੁਲਸ ਨੇ ਦੱਸਿਆ ਕਿ ਮੁਲਜ਼ਮ ਧਰਮਿੰਦਰ ਅਤੇ ਉਸ ਦੇ ਸਾਥੀ ਇਮਰਾਨ ਵਿਰੁੱਧ ਜਨਤਕ ਸੁਰੱਖਿਆ ਨੂੰ ਖਤਰੇ ਵਿਚ ਪਾਉਣ ਅਤੇ ਅੱਗਜ਼ਨੀ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਖਰੜ ਪੁਲਸ ਵੱਲੋਂ 2 ਨਸ਼ਾ ਸਪਲਾਇਰ ਟਰਾਲੇ ਸਮੇਤ ਗ੍ਰਿਫਤਾਰ

ਖਰੜ 5 ਮਾਰਚ। ਸਨੀ ਇਨਕਲੇਵ ਸੈਕਟਰ 125 ਪੁਲਸ ਨੇ ਦੋ ਮੁਲਜ਼ਮਾਂ ਨੂੰ ਅਫੀਮ ਅਤੇ ਪੋਸਟ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਖਰੜ ਦੇ ਡੀਐੱਸਪੀ ਕਰਨ ਸਿੰਘ ਸੰਧੂ ਨੇ ਦੱਸਿਆ ਕਿ ਚੌਕੀ ਇੰਚਾਰਜ ਸੰਨੀ ਇਨਕਲੇਵ ਸਬ ਇੰਸਪੈਕਟਰ ਹਰਦੀਪ ਸਿੰਘ ਦੀ ਅਗਵਾਈ ਵਿਚ ਨਿੱਜਰ ਚੌਕ ਖਰੜ ਤੇ ਗਲਤ ਅਨਸਰਾਂ ਖਿਲਾਫ ਗਸ਼ਤ ਅਤੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਮੁਖਬਰ ਖ਼ਾਸ ਤੋਂ ਪ੍ਰਾਪਤ ਇਤਲਾਹ ਅਨੁਸਾਰ ਟਰੱਕ ਨੰਬਰ ਵਿਚ ਸਵਾਰ ਦੋ ਵਿਅਕਤੀ ਵੱਡੇ ਪੱਧਰ 'ਤੇ ਝਾਰਖੰਡ ਅਤੇ ਵੈਸਟ ਬੰਗਾਲ ਤੋਂ ਚੂਰਾ ਪੋਸਤ ਅਤੇ ਅਫੀਮ ਲਿਆ ਕੇ ਪੰਜਾਬ ਵਿਚ ਸਪਲਾਈ ਕਰਦੇ ਹਨ ਅਤੇ ਅੱਜ ਸਿਟੀ ਹਾਰਟ ਖਰੜ ਵਿਚ ਨਸ਼ਾ ਵੇਚਣ ਲਈ ਖੜੇ ਹਨ। ਪੁਲਸ ਪਾਰਟੀ ਵੱਲੋਂ ਮੌਕੇ 'ਤੇ ਰੇਡ ਕਰਕੇ ਹੇਠ ਲਿਖੇ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ। ਮੁਲਜ਼ਮਾਂ ਦੀ ਪਛਾਣ ਇੰਦਰਜੀਤ ਸਿੰਘ ਪੁੱਤਰ ਭੁਪਿੰਦਰ ਸਿੰਘ ਵਾਸੀ ਮਕਾਨ ਨੰਬਰ 485, ਵਾਰਡ ਨੰਬਰ 13, ਕ੍ਰਿਸ਼ਨਾ ਮੰਡੀ, ਮੋਰਿੰਡਾ ਜ਼ਿਲ੍ਹਾ ਰੋਪੜ ਅਤੇ ਗੁਰਪ੍ਰੀਤ ਸਿੰਘ ਪੁੱਤਰ ਜਗਤਾਰ ਸਿੰਘ ਵਾਸੀ ਪਿੰਡ ਅਮਰਾਲੀ, ਜ਼ਿਲ੍ਹਾ ਰੂਪਨਗਰ ਵਜੋਂ ਹੋਈ। ਮੁਲਜ਼ਮਾਂ ਖ਼?ਲਾਫ਼ ਧਾਰਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਬਰਾਮਦਗੀ 150 ਕਿਲੋ ਚੂਰਾ ਪੋਸਤ 270 ਗ੍ਰਾਮ ਅਫੀਮ ਟਰੱਕ ਨੰਬਰ (ਟਰਾਲਾ) ਮੋਬਾਇਲ ਫੋਨ।



ਫੋਟੋ 20ਮੋਹਾਲੀ801 ਅਮਰਦੀਪ ਡੀਐਸਪੀ ਕਰਨ ਸਿੰਘ ਸੰਧੂ ਫੜੇ ਗਏ ਮੁਲਜ਼ਮਾਂ ਸਬੰਧੀ ਜਾਣਕਾਰੀ ਦਿੰਦੇ ਹੋਏ।

## 1 ਕੁਇੰਟਲ ਤੋਂ ਵੱਧ ਗਾਂਜੇ ਸਮੇਤ ਫੜਿਆ ਗਿਆ ਨਸ਼ਾ ਤਸਕਰ

ਲੁਧਿਆਣਾ 5 ਮਾਰਚ। ਕ੍ਰਾਈਮ ਬ੍ਰਾਂਚ ਲੁਧਿਆਣਾ ਦੀ ਪੁਲਸ ਪਾਰਟੀ ਵੱਲੋਂ ਇਕ ਨਸ਼ਾ ਤਸਕਰ ਨੂੰ ਕਾਬੂ ਕਰਕੇ ਉਸ ਪਾਸੋਂ ਕੁੱਲ 1 ਕੁਇੰਟਲ 05 ਕਿੱਲੋ ਗਾਂਜਾ ਬਰਾਮਦ ਕੀਤਾ ਗਿਆ ਹੈ। ਪੁਲਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਮੁਤਾਬਕ, ਕ੍ਰਾਈਮ ਬ੍ਰਾਂਚ ਲੁਧਿਆਣਾ ਦੀ ਪੁਲਸ ਪਾਰਟੀ ਵੱਲੋਂ ਮੁਖਬਰੀ ਦੇ ਆਧਾਰ 'ਤੇ ਮੁਕੱਦਮਾ ਨੰਬਰ 50 ਮਿਤੀ 01-03-2026 ਅਧੀਨ ਧਾਰਾ 203/61/85 ਐਕਟ ਥਾਣਾ ਹੈਬੋਵਾਲ ਲੁਧਿਆਣਾ ਦਰਜ ਕਰਕੇ ਰਾਜਪੁਰਾ ਪੁੱਲੀ ਹੈਬੋਵਾਲ ਲੁਧਿਆਣਾ ਵਿਖੇ ਨਾਕਾਬੰਦੀ ਕੀਤੀ ਗਈ ਸੀ। ਇਸ ਦੌਰਾਨ ਮੁਲਜ਼ਮ ਸੰਤੋਸ਼ ਸਾਹਨੀ ਪੁੱਤਰ ਟੂਸੋ ਸਾਹਨੀ ਵਾਸੀ ਪਿੰਡ ਬਾਗੋਪੁਰ ਜ਼ਿਲ੍ਹਾ ਸਮਸਤੀਪੁਰ (ਬਿਹਾਰ), ਹਾਲ ਵਾਸੀ ਕਿਰਾਏਦਾਰ ਕੁਲਵੰਤ ਸਿੰਘ ਦਾ ਵੇਹੜਾ, ਗਲੀ ਨੰਬਰ 3, ਪੰਜ ਪੀਰ ਰੋਡ, ਅਮ੍ਰਿਤ ਕਲੋਨੀ ਡੇਅਰੀ ਕੰਪਲੈਕਸ ਲੁਧਿਆਣਾ ਨੂੰ ਬਿਨ੍ਹਾਂ ਨੰਬਰੀ ਐਕਟੀਵਾ (ਰੰਗ ਸਿਲਵਰ ਗਰੇਅ ) ਸਮੇਤ ਕਾਬੂ ਕਰਕੇ ਇਸ ਪਾਸੋਂ 25 ਕਿੱਲੋਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਪੁੱਛਗਿੱਛ ਦੌਰਾਨ ਦੋਸ਼ੀ ਦੀ ਨਿਸ਼ਾਨਦੇਹੀ 'ਤੇ ਹੋਰ 80 ਕਿਲੋਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਇਸ ਤਰ੍ਹਾਂ ਕੁੱਲ 01 ਕੁਇੰਟਲ 05 ਕਿਲੋਗ੍ਰਾਮ ਗਾਂਜਾ ਬਰਾਮਦ ਹੋਇਆ ਹੈ। ਦੋਸ਼ੀ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾ ਰਿਹਾ ਹੈ।

## ਬਾਈਕ 'ਤੇ ਜਾਂਦੇ ਨੌਜਵਾਨਾਂ ਨਾਲ ਵਾਪਰ ਗਿਆ ਭਾਣਾ !

ਨੈਸ਼ਨਲ ਡੈਸਕ 5 ਮਾਰਚ। ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਦੇ ਸਰਸਾਵਾ ਥਾਣਾ ਖੇਤਰ ਵਿੱਚ ਸੋਮਵਾਰ ਨੂੰ ਇੱਕ ਤੇਜ਼ ਰਫ਼ਤਾਰ ਅਣਪਛਾਤੇ ਵਾਹਨ ਦੀ ਟੱਕਰ ਕਾਰਨ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਤ ਹੋ ਗਈ। ਪੁਲਸ ਹੁਣ ਦੋਸ਼ੀ ਵਾਹਨ ਚਾਲਕ ਦੀ ਭਾਲ ਕਰ ਰਹੀ ਹੈ। ਹਾਦਸੇ ਵਿੱਚ ਜਾਨ ਗੁਆਉਣ ਵਾਲੇ ਨੌਜਵਾਨਾਂ ਦੀ ਪਛਾਣ ਵਿਸ਼ਵਜੀਤ (25), ਵਾਸੀ ਹਰਿਦੁਆਰ (ਉੱਤਰਾਖੰਡ) ਅਤੇ ਰੂਪਪ੍ਰਤਾਪ ਸਿੰਘ (22), ਵਾਸੀ ਬੜਗਾਂਵ (ਸਹਾਰਨਪੁਰ) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਇਹ ਦੋਵੇਂ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਹਰਿਦੁਆਰ-ਪੰਚਕੂਲਾ ਰਾਸ਼ਟਰੀ ਰਾਜਮਾਰਗ ਤੋਂ ਲੰਘ ਰਹੇ ਸਨ। ਇਸੇ ਦੌਰਾਨ ਇੱਕ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸ ਨਾਲ ਉਹ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਨੂੰ ਪਿਲਖਨੀ ਸਥਿਤ ਮੈਡੀਕਲ ਕਾਲਜ ਵਿੱਚ ਭਰਤੀ ਕਰਵਾਇਆ, ਪਰ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਹਾਦਸੇ ਤੋਂ ਬਾਅਦ ਵਾਹਨ ਚਾਲਕ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਰਿਹਾ। ਪੁਲਸ ਹੁਣ ਹਾਈਵੇਅ 'ਤੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਖੰਗਾਲ ਰਹੀ ਹੈ ਤਾਂ ਜੋ ਦੋਸ਼ੀਆਂ ਦੇ ਵਾਹਨ ਦੀ ਪਛਾਣ ਕੀਤੀ ਜਾ ਸਕੇ।

# ਸਿਰ.ਫ 80,000 ਰੁਪਏ ਤੋਲਾ ਰਹਿ ਜਾਵੇਗਾ ਸੋਨੇ ਦਾ ਭਾਅ ! ਮਾਹਿਰਾਂ ਨੇ ਜਤਾਈ ਚਿੰਤਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ 5 ਮਾਰਚ। ਸੋਨੇ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਨੇ ਆਮ ਖ਼ਰੀਦਦਾਰਾਂ ਨੂੰ ਹੈਰਾਨ ਕਰ ਦਿੱਤਾ ਹੈ, ਪਰ ਹੁਣ ਬਾਜ਼ਾਰ ਦੇ ਮਾਹਰਾਂ ਨੇ ਇੱਕ ਵੱਡੀ ਭਵਿੱਖਬਾਣੀ ਕੀਤੀ ਹੈ। ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਭਾਰੀ ਗਿਰਾਵਟ ਆ ਸਕਦੀ ਹੈ ਅਤੇ ਇਹ 80,000 ਰੁਪਏ ਪ੍ਰਤੀ 10 ਗ੍ਰਾਮ ਤੱਕ ਹੇਠਾਂ ਆ ਸਕਦਾ ਹੈ। ਇਸ ਸਾਲ 24 ਕੈਰੇਟ ਸੋਨੇ ਦੀ ਕੀਮਤ 1,76,121 ਰੁਪਏ ਦੇ ਉੱਚੇ ਪੱਧਰ ਤੱਕ ਪਹੁੰਚ ਗਈ ਸੀ, ਜਿਸ ਤੋਂ ਬਾਅਦ ਇਸ ਵਿੱਚ ਕੁਝ ਗਿਰਾਵਟ ਦੇਖੀ ਗਈ ਅਤੇ ਇਹ 1,48,746 ਰੁਪਏ ਦੇ ਆਸ-ਪਾਸ ਆ ਗਈ। ਹਾਲਾਂਕਿ ਹੁਣ ਫਿਰ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ, ਪਰ ਮਾਹਰਾਂ ਅਨੁਸਾਰ ਇਹ ਲੰਬੇ ਸਮੇਂ



ਤੱਕ ਨਹੀਂ ਟਿਕੇਗੀ। ਪਿਛਲੇ ਮਹੀਨਿਆਂ ਵਿੱਚ ਸੋਨੇ ਦੀਆਂ ਕੀਮਤਾਂ ਵਿੱਚ ਹੋਏ ਵਾਧੇ ਦਾ ਵੱਡਾ ਕਾਰਨ ਵਿਸ਼ਵ ਪੱਧਰੀ ਆਰਥਿਕ ਅਸਥਿਰਤਾ ਅਤੇ ਕੇਂਦਰੀ ਬੈਂਕਾਂ ਵੱਲੋਂ ਕੀਤੀ ਗਈ ਭਾਰੀ ਖਰੀਦਦਾਰੀ ਹੈ। ਖਾਸ ਕਰਕੇ ਬ੍ਰਿਕਸ ਦੇਸ਼ਾਂ—ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ, ਨੇ ਪਿਛਲੇ ਛੇ ਮਹੀਨਿਆਂ ਵਿੱਚ ਦੁਨੀਆ ਭਰ ਦੀ ਕੁੱਲ ਸੋਨੇ ਦੀ ਖਰੀਦ ਦਾ ਲਗਭਗ 50% ਹਿੱਸਾ ਇਕੱਲਿਆਂ ਹੀ ਖਰੀਦਿਆ ਹੈ। ਇਨ੍ਹਾਂ ਦੇਸ਼ਾਂ ਦਾ ਉਦੇਸ਼ ਅਮਰੀਕੀ ਡਾਲਰ 'ਤੇ ਆਪਣੀ ਨਿਰਭਰਤਾ ਨੂੰ ਘਟਾਉਣਾ ਸੀ। ਰੂਸ ਦੀ ਬਦਲਦੀ ਰਣਨੀਤੀ: ਜੇਕਰ ਰੂਸ ਅੰਤਰਰਾਸ਼ਟਰੀ ਵਪਾਰ ਲਈ ਦੁਬਾਰਾ ਡਾਲਰ ਦੀ ਵਰਤੋਂ ਸ਼ੁਰੂ ਕਰਦਾ ਹੈ, ਤਾਂ ਉਹ ਆਪਣੇ ਸੋਨੇ ਦੇ ਭੰਡਾਰ ਵੇਚ ਸਕਦਾ ਹੈ, ਜਿਸ ਨਾਲ ਬਾਜ਼ਾਰ ਵਿੱਚ ਸਪਲਾਈ ਵਧੇਗੀ ਅਤੇ ਕੀਮਤਾਂ ਡਿੱਗਣਗੀਆਂ। ਰੂਸ-ਯੂਕਰੇਨ ਯੁੱਧ ਦਾ ਅੰਤ: ਜੇਕਰ ਇਹ ਯੁੱਧ ਕਿਸੇ ਸਮਝੌਤੇ ਰਾਹੀਂ ਖਤਮ ਹੁੰਦਾ ਹੈ, ਤਾਂ ਵਿਸ਼ਵ ਬਾਜ਼ਾਰ ਵਿੱਚ ਸਥਿਰਤਾ ਆਵੇਗੀ, ਜਿਸ ਨਾਲ ਸੋਨੇ ਦੇ ਭਾਅ ਹੇਠਾਂ ਆਉਣਗੇ। ਮੰਗ ਵਿੱਚ ਕਮੀ: ਜੇਕਰ ਭਾਰਤ ਅਤੇ ਚੀਨ ਵਰਗੇ ਵੱਡੇ ਖਰੀਦਦਾਰ ਆਪਣੀ ਮੰਗ ਘਟਾ ਦਿੰਦੇ ਹਨ, ਤਾਂ ਕੀਮਤਾਂ 'ਤੇ ਭਾਰੀ ਦਬਾਅ ਬਣੇਗਾ। ਬਲੂਮਬਰਗ ਦੇ ਅਨੁਮਾਨ ਅਨੁਸਾਰ, ਭਾਰਤ ਵਿੱਚ ਸੋਨੇ ਦੀਆਂ ਕੀਮਤਾਂ ਹੌਲੀ-ਹੌਲੀ ਘਟਦੀਆਂ ਹੋਈਆਂ 2027 ਦੇ ਅੰਤ ਤੱਕ 80,000 ਰੁਪਏ ਦੇ ਪੱਧਰ 'ਤੇ ਆ ਕੇ ਟਿਕ ਸਕਦੀਆਂ ਹਨ। ਹਾਲਾਂਕਿ, ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਸੋਨਾ ਇੱਕ ਅਜਿਹੀ ਧਾਤ ਹੈ ਜੋ ਵਿਸ਼ਵ ਸੰਕਟਾਂ ਨਾਲ ਜਲਦੀ ਪ੍ਰਭਾਵਿਤ ਹੁੰਦੀ ਹੈ, ਇਸ ਲਈ ਖਰੀਦਦਾਰਾਂ ਨੂੰ ਬਹੁਤ ਸਾਵਧਾਨੀ ਨਾਲ ਫੈਸਲਾ ਲੈਣਾ ਚਾਹੀਦਾ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰੂਹਾਨੀ ਰੁਤਬੇ ਦੀ ਬਾਤ ਹੈ ਜੁਗਨੀ



**ਮਰਦ ਅਤੇ ਔਰਤਾਂ ਜੁਗਨੀ ਨੂੰ ਇਕ ਗਹਿਣੇ ਵਜੋਂ ਵੀ ਪਹਿਨਦੇ ਹਨ। ਨਾਮ ਜਪਣ ਵੇਲੇ ਹੱਥ ਨਾਲ ਫੇਰਨ ਵਾਰੀ ਤਸਬੀਹ ਨੂੰ ਵੀ ਕਈ ਵਾਰ ਜੁਗਨੀ ਕਹਿ ਲਿਆ ਜਾਂਦਾ ਹੈ...**

ਸੁਖਵੀਰ ਸਿੰਘ ਕੰਗ

ਜੁਗਨੀ ਪੰਜਾਬੀ ਲੋਕ ਗੀਤਾਂ ਦੀ ਇਕ ਪ੍ਰਮੁੱਖ ਸ਼ੈਲੀ ਹੈ ਜੋ ਪੰਜਾਬੀ ਗੀਤ ਅਤੇ ਸੰਗੀਤ ਪ੍ਰੇਮੀਆਂ ਵਿਚ ਬਹੁਤ ਹਰਮਨ ਪਿਆਰੀ ਹੈ। ਇਸ ਨੂੰ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਚਾਹ ਕੇ ਗਾਇਆ ਅਤੇ ਸੁਣਿਆ ਜਾਂਦਾ ਹੈ। ਅਲਗੋਜ਼ਿਆਂ ਦੇ ਸੁਰ ਦੀ ਚਾਸ਼ਣੀ 'ਚ ਭਿੱਜੀ ਜੁਗਨੀ ਹਰ ਸੰਗੀਤ ਰਸੀਏ ਦਾ ਮਨ ਮੋਹ ਲੈਂਦੀ ਹੈ। ਪੰਜਾਬੀ ਗਾਇਕੀ ਦੇ ਇਸ ਸੂਹੇ ਰੰਗ ਦਾ ਪਿਛੋਕੜ ਅਤੇ ਇਤਿਹਾਸ ਬਹੁਤ ਪੁਰਾਣਾ ਹੈ। ਇਹ ਪੰਜਾਬੀ ਤੋਂ ਇਲਾਵਾ, ਮੁਲਤਾਨੀ, ਫ਼ਾਰਸੀ, ਅਰਬੀ ਆਦਿ ਭਾਸ਼ਾਵਾਂ ਵਿਚ ਵੀ ਪ੍ਰਚੱਲਿਤ ਹੈ। ਜੁਗਨੀ ਗਾਉਣ ਵਾਲੇ ਪੁਰਾਣੇ ਅਤੇ ਜੱਦੀ-ਪੁਸ਼ਤੀ ਗਾਇਕਾਂ ਨੂੰ ਸੁਣਨ ਤੇ ਇਹ ਆਭਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਜੁਗਨੀ ਇਨਸਾਨੀ ਰੂਹ ਦੀ ਗੱਲ ਹੈ, ਇਹ ਜ਼ਿੰਦਗੀ ਦਾ ਸਾਰ ਹੈ ਅਤੇ ਰੱਬ ਦੇ ਨਾਂ ਦੀ ਤਸ਼ਬੀਹ ਹੈ :

ਅਵਲ ਨਾਮ ਅੱਲਾ ਦਾ ਲਈਏ,
ਫੇਰ ਦਰੂਦ ਨਬੀ ਨੂੰ ਕਹੀਏ,
ਹਰ ਦਮ ਅਜਿਜ਼ੀ ਵਿਚ ਰਹੀਏ,
ਓ ਪੀਰ ਮੇਰਿਆ ਜੁਗਨੀ ਰਹਿੰਦੀ ਆ
ਨਾਮ ਅਲੀ ਦਾ ਲੈਂਦੀ ਆ...

## ਦੰਦ ਕਥਾਵਾਂ ਵਿਚ ਸਾਂਭੀ ਜੁਗਨੀ

ਗੀਤਾਂ ਅਤੇ ਦੰਦ ਕਥਾਵਾਂ ਵਿਚ ਸਾਂਭੀ ਜੁਗਨੀ ਦੇ ਅਰੰਭ ਅਤੇ ਪਿਛੋਕੜ ਬਾਰੇ ਕੋਈ ਪ੍ਰਮਾਣਿਕ ਤੱਥ ਤਾਂ ਨਹੀਂ ਮਿਲਦੇ ਪਰ ਇਸ ਦੀ ਪੁਰਾਣੀ ਗਾਇਕੀ ਦੇ ਕੇਂਦਰੀ ਭਾਵ ਨੂੰ ਮਹਿਸੂਸ ਕਰ ਕੇ ਅਤੇ ਇਸ ਸਬੰਧੀ ਪੜ੍ਹੇ-ਸੁਣੇ ਬਿਰਤਾਂਤਾਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਜੁਗਨੀ ਹਜ਼ਾਰਾਂ ਸਾਲ ਪਹਿਲਾਂ ਹੋਂਦ ਵਿਚ ਆ ਚੁੱਕੀ ਸੀ। ਪੁਰਾਤਨ ਸਮੇਂ ਤੋਂ ਸਿੱਧ, ਯੋਗੀ, ਪੀਰ ਅਤੇ ਫ਼ਕੀਰ ਆਪਣੇ ਗਲ਼ੇ ਵਿਚ ਧਾਤ ਦਾ ਕੈਪਸੂਲ-ਨੁਮਾ ਤਵੀਤ ਧਾਗੇ ਜਾਂ ਮਾਲ਼ਾ ਵਿਚ ਪਰੋ ਕੇ ਧਾਰਨ ਕਰ ਕੇ ਰੱਖਦੇ ਸਨ ਜੋ ਉਨ੍ਹਾਂ ਦੀ ਸਾਧਨਾ, ਯੋਗ ਅਤੇ ਫ਼ਕੀਰੀ ਦੀ ਕਮਾਈ ਅਤੇ ਰੂਹ ਹੁੰਦਾ ਸੀ। ਇਸ ਨੂੰ ਯੋਗ-ਗ੍ਰਹਿਣੀ ਕਿਹਾ ਜਾਂਦਾ ਸੀ ਜੋ ਅੱਗੇ ਚੱਲ ਕੇ ਯੋਗਿਨੀ ਅਤੇ ਫਿਰ ਜੁਗਨੀ ਬਣ ਗਈ। ਕੁਝ ਯੋਗੀ ਜਾਂ ਫ਼ਕੀਰ ਇਸ ਨੂੰ ਡੌਲ਼ੇ ਨਾਲ ਵੀ ਬੰਨ ਲੈਂਦੇ ਸਨ।

## ਜੁਬਲੀ ਸ਼ਬਦ

ਇਸ ਤੋਂ ਬਿਨ੍ਹਾਂ ਇਕ ਹੋਰ ਦੰਦ ਕਥਾ ਸੁਣਨ ਨੂੰ ਮਿਲਦੀ ਹੈ ਕਿ ਭਾਰਤ ਵਿਚ ਆਪਣੇ ਸਾਮਰਾਜ ਦੇ ਪੰਜਾਹ ਵਰ੍ਹੇ ਪੂਰੇ ਹੋਣ ਤੇ 1887 ਵਿਚ ਬਰਤਾਨਵੀ ਰਾਣੀ ਵਿਕਟੋਰੀਆ ਨੇ ਗੋਲਡਨ ਜੁਬਲੀ ਦੇ ਜਸ਼ਨਾਂ ਵਜੋਂ ਇਕ ਮਸ਼ਾਲ ਪੂਰੇ ਭਾਰਤ ਦੇ ਪ੍ਰਮੁੱਖ ਸ਼ਹਿਰਾਂ ਵਿਚ ਘੁੰਮਾਈ ਸੀ ਇਹ ਮਸ਼ਾਲ ਜਿਸ ਸ਼ਹਿਰ ਜਾਂਦੀ ਤਾਂ ਉੱਥੇ ਇਕੱਠ ਕਰ ਕੇ ਅੰਗਰੇਜ਼ ਅਫ਼ਸਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਜਸ਼ਨ ਮਨਾਇਆ ਜਾਂਦਾ ਸੀ। ਇਸ ਦੇ ਵਿਰੋਧ ਵਜੋਂ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੇ ਅੰਗਰੇਜ਼ਾਂ ਦੇ ਜਸ਼ਨ ਦੇ ਮੁਕਾਬਲੇ ਵਜੋਂ ਉਸੇ ਸ਼ਹਿਰ, ਉਸੇ ਸਮੇਂ ਬਰਾਬਰ ਇਕੱਠ ਕਰ ਕੇ ਆਪਣਾ ਗੁੱਸਾ ਜ਼ਾਹਰ ਕਰਨ ਦਾ ਫ਼ੈਸਲਾ ਕੀਤਾ। ਇਕੱਠ ਕਰਨ ਅਤੇ ਵਧੇਰੇ ਲੋਕਾਂ ਨੂੰ ਬਿਠਾਈ ਰੱਖਣ ਲਈ ਅੰਮ੍ਰਿਤਸਰ ਜ਼ਿਲ੍ਹੇ ਦੇ ਦੋ ਕਵੀਸ਼ਰਾਂ ਨੂੰ ਬੁਲਾ ਕੇ ਹਰ ਪ੍ਰੋਗਰਾਮ ਉੱਤੇ ਜੁਬਲੀ ਵਿਰੋਧੀ ਗੀਤ ਗਾਉਣ ਲਈ ਕਿਹਾ ਗਿਆ। ਬਿਸ਼ਨਾ ਅਤੇ ਮਾਂਦਾ ਨਾਂ ਦੇ ਇਨ੍ਹਾਂ ਅਨਪੜ੍ਹ ਗਾਇਕਾਂ ਨੇ 'ਜੁਬਲੀ' ਸ਼ਬਦ ਨੂੰ 'ਜੁਗਨੀ' ਸਮਝਦਿਆਂ ਆਪਣੇ ਹਿਸਾਬ ਨਾਲ ਮੌਕੇ 'ਤੇ ਸਬੰਧਤ ਸ਼ਹਿਰ ਦਾ ਨਾਂ ਲੈ ਕੇ ਗੀਤ ਜੋੜ ਲਏ :

ਜੁਗਨੀ ਜਾ ਵੜੀ ਮਜੀਠੇ,
ਕੋਈ ਰੰਨ ਨਾ ਚੱਕੀ ਪੀਠੇ,
ਪੁੱਤ ਗੱਭਰੂ ਮੁਲਕ ਵਿਚ ਮਾਰੇ,
ਰੋਵਣ ਅੱਖੀਆਂ ਪਰ ਬੁੱਲ੍ਹ ਸੀਤੇ,
ਪੀਰ ਮੇਰਿਆ ਓਏ ਜੁਗਨੀ ਆਈ ਆ,
ਇਨ੍ਹਾਂ ਕਿਹੜੀ ਜੋਤ ਜਗਾਈ ਆ।
ਜੁਗਨੀ ਜਾ ਵੜੀ ਲੁਧਿਆਣੇ,
ਉਹਨੂੰ ਪੈ ਗਏ ਅੰਨੇ ਕਾਣੇ
ਮਾਰਨ ਮੁੱਕੀਆਂ ਮੰਗਣ ਦਾਣੇ,
ਪੀਰ ਮੇਰਿਆ ਉਏ ਜੁਗਨੀ ਕਹਿੰਦੀ ਆ
ਜਿਹੜੀ ਨਾਮ ਸਾਈਂ ਦਾ ਲੈਂਦੀ ਆ।

### ਨਿਪੁੰਨ ਯੋਗੀ ਦਾ ਚਿੰਨ੍ਹ

*ਯੋਗੀ ਆਪਣੇ ਚੇਲਿਆਂ ਨੂੰ ਯੋਗ ਵਿੱਦਿਆ ਵਿਚ ਨਿਪੁੰਨ ਹੋ ਜਾਣ ਤੇ ਉਨ੍ਹਾਂ ਨੂੰ ਯੋਗ ਦੇਣ ਵੇਲੇ ਉਨ੍ਹਾਂ ਦੇ ਗਲ਼ ਵਿਚ ਇਹ ਯੋਗਿਨੀ ਧਾਰਨ ਕਰਾਉਂਦੇ ਸਨ, ਭਾਵ ਇਹ ਯੋਗ ਗ੍ਰਹਿਣ ਅਤੇ ਨਿਪੁੰਨ ਯੋਗੀ ਦੇ ਚਿੰਨ੍ਹ ਵਜੋਂ ਪ੍ਰਚੱਲਿਤ ਹੋਈ। ਇਸੇ ਤਰ੍ਹਾਂ ਹੀ ਇਸਲਾਮ ਦੀ ਸੰਗੀਤ ਪ੍ਰੇਮੀ ਸੰਪਰਦਾਏ ਸੂਫ਼ੀ ਮਤ ਵਿਚ ਵੀ ਇਸੇ ਤਰ੍ਹਾਂ ਪੀਰ-ਮੁਰਸ਼ਦ ਆਪਣੇ ਸਭ ਤੋਂ ਕਾਬਲ ਸ਼ਾਗਿਰਦ ਨੂੰ ਜਦੋਂ ਆਪਣੀ ਗੱਦੀ ਦਿੰਦੇ ਜਾਂ ਖ਼ਾਸ ਅਵਸਥਾ ਵਿਚ ਪੁੱਜਣ ਵਾਲੇ ਦਰਵੇਸ਼ ਨੂੰ ਫ਼ਕੀਰੀ ਬਖ਼ਸ਼ਦੇ ਤਾਂ ਉਹ ਵੀ ਆਪਣੀ ਯੋਗਿਨੀ ਭਾਵ ਰੂਹ ਉਸ ਨੂੰ ਧਾਰਨ ਕਰਵਾ ਦਿੰਦੇ ਸਨ। ਇਸ ਤਰ੍ਹਾਂ ਯੋਗਿਨੀ ਅੱਗੇ ਤੋਂ ਅੱਗੇ ਚਲਦੀ ਰਹਿੰਦੀ ਸੀ। ਕਠਿਨ ਸਾਧਨਾ ਅਤੇ ਚਿੱਲ੍ਹੇ ਕੱਟ ਕੇ ਮਿਲੀ ਯੋਗਿਨੀ ਇਕ ਰੁਤਬਾ ਮੰਨੀ ਜਾਂਦੀ ਸੀ। ਇਸ ਅਵਸਰ 'ਤੇ ਜਸ਼ਨ ਵੀ ਮਨਾਏ ਜਾਂਦੇ ਸਨ, ਜਿਨ੍ਹਾਂ ਵਿਚ ਰੱਬ, ਅੱਲਾ, ਪੀਰ, ਮੁਰਸ਼ਦ ਜਾਂ ਗੁਰੂ ਦੀ ਸਿਫ਼ਤ ਸਲਾਹ ਦਾ ਗਾਇਨ ਵੀ ਹੁੰਦਾ ਸੀ। ਇਸ ਤਰ੍ਹਾਂ ਜੁਗਨੀ ਵਰਗਾ ਪਾਕ-ਪਵਿੱਤਰ ਗਹਿਣਾ ਕਦੇ ਸਿੱਧਾਂ, ਯੋਗੀਆਂ ਅਤੇ ਪੀਰਾਂ ਦੀ ਕਮਾਈ ਹੁੰਦਾ ਸੀ ਜਿਸ ਨੂੰ ਧਾਰਨ ਕਰ ਕੇ ਉਹ ਲੋਕਾਈ ਦੀ ਸੇਵਾ ਅਤੇ ਸੁਧਾਰ ਕਰਦੇ ਸਨ। ਇਹ ਪੰਜਾਬੀ ਲੋਕ ਗੀਤਾਂ ਵਿਚਲੀ ਯੋਗਿਨੀ ਤੋਂ ਬਣੀ ਜੁਗਨੀ ਦਾ ਅਰੰਭ ਅਤੇ ਅਸਲ ਵਜੂਦ ਹੈ।*

### ਯੋਗੀ ਫ਼ਕੀਰ

ਇਕ ਦੰਦ ਕਥਾਂ ਅਨੁਸਾਰ ਕਿਹਾ ਜਾਂਦਾ ਹੈ ਕਿ ਪੁਰਾਤਨ ਸਮੇਂ ਤੋਂ ਸਿੱਧ, ਯੋਗੀ, ਪੀਰ ਅਤੇ ਫ਼ਕੀਰ ਆਪਣੇ ਗਲ਼ੇ ਵਿਚ ਧਾਤ ਦਾ ਕੈਪਸੂਲ-ਨੁਮਾ ਤਵੀਤ ਧਾਗੇ ਜਾਂ ਮਾਲ਼ਾ ਵਿਚ ਪਰੋ ਕੇ ਧਾਰਨ ਕਰ ਕੇ ਰੱਖਦੇ ਸਨ ਜੋ ਉਨ੍ਹਾਂ ਦੀ ਸਾਧਨਾ, ਯੋਗ ਅਤੇ ਫ਼ਕੀਰੀ ਦੀ ਕਮਾਈ ਅਤੇ ਰੂਹ ਹੁੰਦਾ ਸੀ। ਇਸ ਨੂੰ ਯੋਗ-ਗ੍ਰਹਿਣੀ ਕਿਹਾ ਜਾਂਦਾ ਸੀ ਜੋ ਅੱਗੇ ਚੱਲ ਕੇ ਯੋਗਿਨੀ ਅਤੇ ਫਿਰ ਜੁਗਨੀ ਬਣ ਗਈ।



## ਜੁਗਨੀ ਦੇ ਸਫ਼ਰ ਦਾ ਇਕ ਮੋੜ

ਕਈ ਜੁਗਨੀ ਦੀ ਉਪਜ ਆਜ਼ਾਦੀ ਦੀ ਲੜਾਈ ਨਾਲ ਜੋੜ ਦਿੰਦੇ ਹਨ ਪਰ ਇਹ ਸਹੀ ਨਹੀਂ ਹੈ। ਇਸ ਨੂੰ ਅਸੀਂ ਜੁਗਨੀ ਦੇ ਸਫ਼ਰ ਦਾ ਇਕ ਮੋੜ ਹੀ ਕਹਿ ਸਕਦੇ ਹਾਂ। ਜਿਸ ਨੇ ਜੁਗਨੀ ਨੂੰ ਸ਼ਹਿਰਾਂ ਅਤੇ ਕਸਬਿਆਂ ਨਾਲ ਜੋੜ ਦਿੱਤਾ। ਕਈ ਵਾਰ ਜੁਗਨੀ ਤੋਂ ਸੋਹਣੀ ਮੁਟਿਆਰ ਦਾ ਭਾਵ ਵੀ ਲੈ ਲਿਆ ਜਾਂਦਾ ਹੈ। ਕਾਫ਼ੀ ਗਾਇਕਾਂ ਨੇ ਇਸ ਭਾਵ ਵਿਚ ਵੀ ਗਾਇਆ ਹੈ। ਰਾਤ ਨੂੰ ਉੱਡਦੇ ਹੋਏ ਰੋਸ਼ਨੀ ਬਿਖੇਰਨ ਵਾਲੇ ਜੀਵ ਜੁਗਨੂੰ ਦੀ ਮਾਦਾ ਨੂੰ ਵੀ ਕਈ ਜੁਗਨੀ ਕਹਿ ਦਿੰਦੇ ਹਨ। ਮਰਦ ਅਤੇ ਔਰਤਾਂ ਜੁਗਨੀ ਨੂੰ ਇਕ ਗਹਿਣੇ ਵਜੋਂ ਵੀ ਪਹਿਨਦੇ ਹਨ। ਨਾਮ ਜਪਣ ਵੇਲੇ ਹੱਥ ਨਾਲ ਫੇਰਨ ਵਾਰੀ ਤਸਬੀਹ ਨੂੰ ਵੀ ਕਈ ਵਾਰ ਜੁਗਨੀ ਕਹਿ ਲਿਆ ਜਾਂਦਾ ਹੈ।

ਜੁਗਨੀ ਨੂੰ ਸੰਗੀਤਕ ਰੂਪ ਵਿਚ ਗਾਉਣ ਵਾਲਿਆਂ ਦੀ ਗੱਲ ਕਰੀਏ ਤਾਂ ਸਭ ਤੋਂ ਪਹਿਲਾਂ ਦੋ ਨਾਂ ਉੱਭਰਦੇ ਹਨ, ਪਹਿਲਾ ਪਿੰਡ ਕੋਟ ਇਨਾਇਤ ਖਾਂ (ਪਾਕਿਸਤਾਨ) ਵਾਲਾ ਨਵਾਬ ਹੈ, ਜੋ ਨੈਬ ਕੋਟੀਆ ਘੁਮਿਆਰ ਦੇ ਨਾਂ ਨਾਲ ਮਸ਼ਹੂਰ ਹੈ ਅਤੇ ਦੂਸਰਾ ਵੀ ਪਾਕਿਸਤਾਨ ਦੇ ਕਸਬੇ ਲਾਲਾ ਮੂਸਾ ਦਾ ਆਲਮ ਲੁਹਾਰ ਹੈ, ਜੋ ਚਿਮਟੇ ਵਾਲਾ ਤਖ਼ੱਲਸ ਨਾਲ ਮਸ਼ਹੂਰ ਹੈ। ਨੈਬ ਕੋਟੀਆ ਜਦੋਂ ਆਪਣੇ ਪੁੱਤਰਾਂ ਸਰਜਾ, ਮਿਰਜਾ, ਬੂਟੇ ਅਤੇ ਜਾਨੇ ਨਾਲ ਗਾਉਂਦਿਆ ਜਦੋਂ 'ਪੀਰ ਮੇਰਿਆ ਜੁਗਨੀ' ਤੋਂ ਬਾਅਦ ਜਦੋਂ 'ਉਏ' ਕਹਿੰਦਾ ਹੈ ਤਾਂ ਸੰਗੀਤ ਰਸੀਆਂ ਦੇ ਕਾਲਜੇ ਧੂ ਪਾ ਦਿੰਦਾ ਹੈ, ਉਹ ਜੁਗਨੀ ਲੋਰੀ ਵਾਂਗ ਗਾਉਂਦਾ ਹੈ :

ਅਵੱਲ ਸਿਫ਼ਤ ਖ਼ੁਦਾ ਦੀ ਆਖਾਂ
ਜਿਹੜਾ ਪਰਵਰਦਿਗਾਰ,
ਦੂਜੀ ਸਿਫ਼ਤ ਰਸੂਲ ਇਲ-ਲਿਲਹਾ ਦੀ,
ਆਖਾਂ ਹਮਦ ਹਜ਼ਾਰ,
ਤੀਜੀ ਸਿਫ਼ਤ ਉਨ੍ਹਾਂ ਦੀ ਆਖਾਂ,
ਜਿਹੜੇ ਪਿਆਰੇ ਯਾਰ,
ਨਾਮ ਨਵਾਬ ਤੇ ਜਾਤ ਕੰਮੀ ਦੀ,
ਜੁਗਨੀ ਕਰਾਂ ਤਿਆਰ
ਪੀਰ ਮੇਰਿਆ ਜੁਗਨੀ ਉਏ,
ਪੀਰ ਮੇਰਿਆ ਜੁਗਨੀ ਕਹਿੰਦੀ ਆ
ਜਿਹੜੀ ਨਾਮ ਅੱਲਾ ਦਾ ਲੈਂਦੀ ਆ।

ਇਸੇ ਤਰ੍ਹਾਂ ਆਲਮ ਲੁਹਾਰ ਨੇ ਜਿੱਥੇ ਬਹੁਤ ਸਾਰੀਆਂ ਲੋਕ-ਕਥਾਵਾਂ ਅਤੇ ਗੀਤਾਂ ਨੂੰ ਪੰਜਾਬੀ ਲੋਕ ਗਾਇਕੀ ਦੀ ਝੋਲੀ ਪਾਇਆ ਉੱਥੇ ਉਸ ਨੇ ਜੁਗਨੀ ਨੂੰ ਵੀ ਬੜੀ ਰੂਹ ਨਾਲ ਗਾਇਆ :

ਅਲੀ ਵਾਕ ਇਮਾਮ ਦਾ,
ਮੈਂ ਬਿਰਦ ਕਰਾਂ ਦਮ ਦਮ,
ਇਹਨੂੰ ਪੈਣ ਉਜੱਲੇ ਨੂਰ ਦੇ,
ਜਿਉਂ ਕਤਰੇ ਸ਼ਬਨਮ,
ਮੈਂ ਪੜ੍ਹੀ ਨਮਾਜ਼ ਐ ਇਸ਼ਕ ਦੀ,
ਦੂਰ ਹੋਏ ਸਭ ਗ਼ਮ,
ਓ ਮੈਂ ਗਾਵਾਂ ਜੁਗਨੀ।

ਇੱਥੇ ਬੁੱਢਾ ਸ਼ੇਖ ਦੀ ਜੁਗਨੀ ਦਾ ਵੀ ਜਿਕਰ ਕਰਨਾ ਬਣਦਾ ਹੈ :

ਇਹ ਜਿੱਤਣ ਨਾਲੋਂ ਹਾਰਨ ਚੰਗਾ ਜੇ,
ਤੂੰ ਸੁਣ ਮਸਤ ਫ਼ਕੀਰਾ,
ਜਿੱਤ ਜਾਏਂ ਤੇ ਛੱਲਾ ਕੱਚ ਦਾ,
ਹਾਰ ਜਾਏਂ ਤੇ ਹੀਰਾ,
ਓ ਪੀਰ ਮੇਰਿਆ ਤੇਰੀ ਜੁਗਨੀ
ਸਾਈਂ ਬੋਹੜਾਂ ਵਾਲਿਆਂ ਤੇਰੀ ਜੁਗਨੀ।

## ਪੰਜਾਬੀ ਗਾਇਕੀ ਅਤੇ ਜੁਗਨੀ

ਜੇਕਰ ਪੰਜਾਬੀ ਗਾਇਕੀ ਅਤੇ ਜੁਗਨੀ ਦਾ ਦਮ ਦੇਖਣਾ ਹੋਵੇ ਤਾਂ ਬੀਬਾ ਗੁਰਮੀਤ ਬਾਵਾ ਜੀ ਦੀ ਜੁਗਨੀ ਸੁਣੀ ਜਾ ਸਕਦੀ ਹੈ। ਆਪਣੀ ਬੁਲੰਦ ਆਵਾਜ਼ ਨਾਲ ਹੱਥ ਦੀ ਉਂਗਲ ਅਤੇ ਬਾਂਹ ਖੜ੍ਹੀ ਕਰਕੇ ਅਤੇ ਕਦੇ ਹੱਥ ਕੰਨ ਵੱਲ ਕਰ ਕੇ ਤੇ ਕੂਹਣੀ ਉਤਾਂਹ ਵੱਲ ਕਰ ਕੇ ਜਦੋਂ ਉਹ ਲੰਬੀ ਹੇਕ ਲਾਉਂਦੇ ਹਨ ਤਾਂ ਸੁਣਨ ਵਾਲਿਆਂ ਦੇ ਸਾਹ ਰੁਕ ਜਾਂਦੇ ਹਨ ਅਤੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। 45 ਸੈਕਿੰਡ ਤਕ ਦੀ ਲੰਬੀ ਹੇਕ ਦੀ ਮਲਿਕਾ ਜਦੋਂ ਜੁਗਨੀ ਗਾਉਂਦੀ ਹੈ ਅਤੇ ਕਚੀਚੀ ਲੈ ਕੇ ਬੰਦ ਦੀ ਆਖ਼ਰੀ ਸਤਰ ਕਹਿੰਦੀ ਹੈ ਤਾਂ ਲੋਕ ਅਸ਼-ਅਸ਼ ਕਰ ਉੱਠਦੇ ਹਨ। ਗੀਤ ਦਾ ਬੰਦ ਮੁਕਾ ਕੇ ਸਟੈਂਡ ਵਾਲੇ ਮਾਈਕ ਤੋਂ ਝੁਕ ਕੇ ਪਿੱਛੇ ਹੱਟਣ ਦਾ ਉਨ੍ਹਾਂ ਦਾ ਆਪਣਾ ਹੀ ਅੰਦਾਜ਼ ਰਿਹਾ ਹੈ।

ਜੁਗਨੀ ਨੂੰ ਆਲਮੀ ਪ੍ਰਸਿੱਧੀ ਦੇਣ ਵਿਚ ਆਲਮ ਲੁਹਾਰ ਦੇ ਪੁੱਤਰ ਆਰਿਫ਼ ਲੁਹਾਰ ਦਾ ਵੀ ਅਹਿਮ ਯੋਗਦਾਨ ਹੈ। ਅੱਜ ਦੀ ਪੰਜਾਬੀ ਲੋਕ ਗਾਇਕੀ ਦੇ ਨਾਮਵਰ ਤੇ ਦਮਦਾਰ ਫ਼ਨਕਾਰ ਨੇ ਕੋਕ ਸਟੂਡੀਓ ਵਿਚ ਮੀਸ਼ਾ ਸ਼ਫੀ ਨਾਲ ਇਕ ਨਿਵੇਕਲੇ ਸੰਗੀਤ ਵਿਚ ਜੁਗਨੀ ਗਾ ਕੇ ਇਸ ਨੂੰ ਹੋਰ ਪ੍ਰਸਿੱਧੀ ਅਤੇ ਵਧੇਰੇ ਹਰਮਨ ਪਿਆਰਤਾ ਦਿਵਾਈ :

ਏ ਵੇ ਅੱਲਾ ਵਾਲਿਆਂ ਦੀ ਜੁਗਨੀ ਜੀ,
ਏ ਵੇ ਨਬੀ ਪਾਕ ਦੀ ਜੁਗਨੀ ਜੀ,
ਏ ਵੇ ਮੌਲਾ ਅਲੀ ਵਾਲੀ ਜੁਗਨੀ ਜੀ,
ਏ ਵੇ ਮੇਰੇ ਪੀਰ ਦੀ ਜੁਗਨੀ ਜੀ,
ਦਮ ਗੁਟਕੂੰ, ਦਮ ਗੁਟਕੂੰ, ਕਰੇ ਸਾਈਂ,
ਇਹ ਕਲਮਾਂ ਨਬੀ ਦਾ ਪੜ੍ਹੇ ਸਾਈਂ।

ਨੈਬ ਕੋਟੀਆ ਘੁਮਿਆਰ, ਆਲਮ ਲੁਹਾਰ ਅਤੇ ਗੁਰਮੀਤ ਬਾਵਾ ਨੇ ਜੁਗਨੀ ਅਲਗੋਜ਼ਿਆ ਨਾਲ ਗਾਈ। ਇਨ੍ਹਾਂ ਨੇ ਜੁਗਨੀ ਦੇ ਵੱਖੋ-ਵੱਖ ਬੰਦ ਗਾਏ ਹਨ ਅਤੇ ਭਾਸ਼ਾ ਦਾ ਵੀ ਫ਼ਰਕ ਹੈ, ਫਿਰ ਵੀ ਇਨ੍ਹਾਂ ਦੇ ਕੁਝ ਬੰਦ ਸਾਂਝੇ ਹਨ :

ਮੇਰੀ ਜੁਗਨੀ ਦੇ ਧਾਗੇ ਬੱਗੇ,
ਜੁਗਨੀ ਓਹਦੇ ਮੂੰਹੋਂ ਫੱਬੇ,
ਜਿਸ ਨੂੰ ਸੱਟ ਇਸ਼ਕ ਦੀ ਲੱਗੇ,
ਓ ਪੀਰ ਮੇਰਿਆ ਜੁਗਨੀ ਕਹਿੰਦੀ ਆ,
ਜਦ ਨਾਮ ਅਲੀ ਦਾ ਲੈਂਦੀ ਆ।
ਔਖੀ ਕਾਰ ਫ਼ਕੀਰੀ ਵਾਲੀ,
ਚੜ੍ਹ ਸੂਲੀ 'ਤੇ ਬਹਿਣਾ,
ਦਰ-ਦਰ 'ਤੇ ਨੇ ਟੁੱਕੜ ਮੰਗਣੇ,
ਮਾਈਏ ਭੈਣੇ ਕਹਿਣਾ,
ਭਾਵੇਂ ਲੱਖਾਂ ਹੀਲੇ ਕਰੀਏ,
ਇੱਥੇ ਜੋ ਬਣਿਆ ਸੋ ਰਹਿਣਾ
ਓ ਪੀਰ ਮੇਰਿਆ ਜੁਗਨੀ।


ਇਸ ਤੋਂ ਬਿਨ੍ਹਾਂ ਹੋਰ ਵੀ ਗਾਇਕਾਂ ਨੇ ਜੁਗਨੀ ਗਾਈ, ਜਿਸ ਵਿੱਚੋਂ ਬਹੁਤੇ ਗਾਇਕਾਂ ਦੀ ਜੁਗਨੀ ਅਸਲ ਸਿਧਾਂਤ ਤੋਂ ਦੂਰ ਹੈ। ਜੁਗਨੀ ਤਾਂ ਰੂਹ ਅਤੇ ਰਹਿਬਰ ਦੇ ਰਿਸ਼ਤੇ ਦੀ ਪਾਕ-ਪਵਿੱਤਰ ਨਿਸ਼ਾਨੀ ਦੀ ਬਾਤ ਹੈ। •


85678-72291

# ਰੁੱਖਾਂ ਤੇ ਮਨੁੱਖਾਂ ਦੀ ਨੇੜਤਾ

ਤ੍ਰਿਵੈਣੀ ਨਿੰਮ, ਪਿੱਪਲ ਤੇ ਬੋਹੜ ਦੇ ਇੱਕੋਂ ਥਾਂ ਲੱਗੇ ਦਰੱਖਤਾਂ ਦੇ ਝੁੰਡ ਨੂੰ ਕਿਹਾ ਜਾਂਦਾ ਸੀ। ਪੁਰਾਣੇ ਸਮਿਆਂ ਵਿਚ ਮੰਨਿਆਂ ਜਾਂਦਾ ਸੀ ਕਿ ਇਸ ਨੂੰ ਲਗਾਉਣ ਨਾਲ ਸਵਰਗ ਦੀ ਪ੍ਰਾਪਤੀ ਹੁੰਦੀ ਹੈ ਜਦਕਿ ਅਜਿਹਾ ਕੁਝ ਵੀ ਨਹੀਂ ਸੀ। ਕੀ ਸੀ ਤ੍ਰਿਵੈਣੀ ਤੇ ਸਵਰਗ ਦੀ ਸਚਾਈ ਆਓ ਇਸ ਵਾਰੇ ਚਰਚਾ ਕਰੀਏ। ਵਿਗਿਆਨ ਦਾ ਆਰੰਭ ਤਾਂ ਉਦੋਂ ਹੀ ਹੋ ਗਿਆ ਸੀ ਜਦੋਂ ਮਨੁੱਖ ਨੇ ਪੱਥਰਾਂ ਨੂੰ ਰਗੜ ਕੇ ਅੱਗ ਬਾਲਣੀ ਸਿੱਖ ਲਈ ਸੀ। ਵਿਗਿਆਨ ਦੀ ਪਹਿਲੀ ਖੋਜ ਜੇਕਰ ਪਹੀਏ ਦੀ ਖੋਜ ਨੂੰ ਮੰਨ ਲਿਆ ਜਾਵੇ ਤਾਂ ਕੁਝ ਗ਼ਲਤ ਨਹੀਂ ਹੋਵੇਗਾ। ਪੁਰਾਣੇ ਸਮਿਆਂ ਦੇ ਸਿਆਣੇ ਬਜ਼ੁਰਗ ਵਿਗਿਆਨ ਦੀ ਸੋਚ ਜਾਣ ਚੁੱਕੇ ਸਨ ਉਸ ਇਸ ਨੂੰ ਅਪਣਾਉਣਾ ਵੀ ਚਾਹੁੰਦੇ ਸਨ ਪਰ ਉਸ ਸਮੇਂ ਦੇ ਲੋਕਾਂ ਦਾ ਬੌਧਿਕ ਪੱਧਰ ਵਿਗਿਆਨ ਦਾ ਹਾਣੀ ਨਹੀਂ ਸੀ। ਇਹ ਸਭ ਗੱਲਾਂ ਉਨ੍ਹਾਂ ਦੀ ਸਮਝ ਤੋਂ ਬਾਹਰ ਸਨ। ਉਨ੍ਹਾਂ ਦੇ ਦਿਮਾਗ਼ 'ਚ ਸਿਰਫ਼ ਧਰਮ ਹੀ ਫਿੱਟ ਬੈਠਦਾ ਸੀ ਕਿਉਂਕਿ ਜ਼ਿਆਦਾ ਧਰਮੀ ਹੋਣ 'ਤੇ ਕਮਲੇ ਹੋਣ 'ਚ ਜ਼ਿਆਦਾ ਫ਼ਰਕ ਨਹੀਂ ਹੁੰਦਾ ਸੋ ਬਜ਼ੁਰਗਾਂ ਨੇ ਲੋਕਾਂ ਦਾ ਮਾਨਸਿਕ ਪੱਧਰ ਵਾਚਦੇ ਹੋਏ ਉਨ੍ਹਾਂ ਵਿਗਿਆਨਕ ਸਚਾਈਆਂ ਨੂੰ ਧਰਮ ਨਾਲ ਜੋੜ ਦਿੱਤਾ ਕਿਉਂਕਿ ਲੋਕ ਸਿਰਫ਼ ਧਰਮ ਦੀ ਭਾਸ਼ਾ ਨੂੰ ਸਮਝਦੇ ਸਨ। ਨਿੰਮ ਇਕ ਡਾਕਟਰੀ ਪੌਦਾ ਹੈ ਜਿਸ ਦੀ ਵਰਤੋਂ ਚਮੜੀ ਦੀਆਂ ਬਿਮਾਰੀਆਂ ਲਈ ਬਣਨ ਵਾਲੀਆਂ ਦਵਾਈਆਂ, ਕਰੀਮਾਂ ਅਤੇ ਸਾਬਣਾਂ 'ਚ ਕੀਤੀ ਜਾਂਦੀ ਹੈ, ਪਿੱਪਲ ਸਭ ਤੋਂ ਵੱਧ ਕਾਰਬਨ ਡਾਈਅਕਸਾਈਡ ਸੋਖਦਾ ਹੈ। ਬੋਹੜ ਦੁਆਰਾ ਛੱਡੀ ਗਈ ਆਕਸੀਜਨ ਸਾਰੇ ਰੁੱਖਾਂ ਤੋਂ ਜ਼ਿਆਦਾ ਮਾਤਰਾਂ 'ਚ ਹੁੰਦੀ ਹੈ ਹੁਣ ਵਿਗਿਆਨਕ ਤੱਥ ਉਨ੍ਹਾਂ ਲੋਕਾਂ ਦੀ ਸਮਝ ਤੋਂ ਬਾਹਰ ਦੀਆਂ ਗੱਲਾਂ ਸਨ, ਇਸ ਲਈ ਉਨ੍ਹਾਂ ਨੂੰ ਸਮਝਾਉਣ ਲਈ ਇਸ ਨਾਲ ਸਵਰਗ ਮਿਲਣ ਦੀ ਮਨਘੜਤ ਕਹਾਣੀ ਜੋੜ ਦਿੱਤੀ ਗਈ। ਧਰਮੀ ਲੋਕ ਇੱਥੇ ਨਰਕ ਵਰਗੇ ਮਾਹੌਲ 'ਚ ਰਹਿਣ ਲਈ ਤਿਆਰ ਸਨ ਪਰ ਮੌਤ ਤੋਂ ਬਾਅਦ ਸਵਰਗ ਹੀ ਜਾਣਾ ਚਾਹੁੰਦੇ ਹਨ। ਬੱਸ ਫਿਰ ਕੀ ਸੀ ਹਰ ਬੰਦਾ ਸਵਰਗ ਜਾਣ ਲਈ ਕਾਹਲਾ ਸੀ। ਫਿਰ ਕੀ ਚਾਰੇ ਪਾਸੇ ਤ੍ਰਿਵੈਣੀਆਂ ਹੀ ਤ੍ਰਿਵੈਣੀਆਂ ਇਸ ਤਰ੍ਹਾਂ ਸਾਰਾ ਵਾਤਾਵਰਨ ਹਰਿਆ ਭਰਿਆ ਹੋ ਗਿਆ। ਇਸੇ ਤਰ੍ਹਾਂ ਭੂਤਾਂ ਪ੍ਰੇਤਾਂ ਤੋਂ ਘਰ ਦੀ ਸੁਰੱਖਿਆ ਲਈ ਦਰਵਾਜ਼ੇ ਤੇ ਦੁਕਾਨਾਂ 'ਤੇ ਮਿਰਚਾਂ ਅਤੇ ਨਿੰਬੂ ਲਟਕਾਏ ਜਾਂਦੇ ਸੀ ਪਰ ਜੇਕਰ ਵਿਗਿਆਨ ਪੱਖੋਂ ਵਾਚੀਏ ਤਾਂ ਨਿੰਬੂ ਤੇ ਮਿਰਚਾਂ ਕਈ ਤਰ੍ਹਾਂ ਦੇ ਜਿਵਾਣੂਆਂ ਦਾ ਖ਼ਾਤਮਾ ਕਰਦੇ ਹਨ ਅਤੇ ਘਰ 'ਚੋਂ ਬਦਬੂ ਨੂੰ ਦੂਰ ਕਰ ਕੇ ਖ਼ੁਸ਼ਬੂ ਫੈਲਾਉਂਦੇ ਹਨ। ਜਿਸ ਘਰ 'ਚ ਨਵ ਜੰਮਿਆਂ ਬੱਚਾ ਹੁੰਦਾ ਹੈ ਉਸ ਬੱਚੇ ਦੀ ਜਿੰਨ ਪ੍ਰੇਤ ਤੋਂ ਰੱਖਿਆ ਲਈ ਦਰਵਾਜ਼ੇ ਕੋਲ ਪਾਥੀ ਬਾਲ ਕੇ ਰੱਖੀ ਜਾਂਦੀ ਸੀ। ਬਾਹਰੋਂ ਆਉਣ ਵਾਲੇ ਇਨਸਾਨ ਦੇ ਹੱਥ ਧੁਵਾਏ ਜਾਂਦੇ ਸਨ। ਘਰ ਦੇ ਦਰਵਾਜ਼ੇ ਅੱਗੇ ਨਿੰਮ ਬੰਨ੍ਹਿਆਂ ਜਾਂਦਾ ਸੀ। ਆਪਣੇ ਤੇ ਦੂਜੇ ਘਰਾਂ ਦੇ ਦਰਵਾਜ਼ਿਆਂ ਅੱਗੇ ਵੀ ਨਿੰਮ ਬੰਨ੍ਹ ਦਿੱਤਾ ਜਾਂਦਾ ਸੀ। ਇਹ ਸਾਰੇ ਵਹਿਮ ਭੂਤਾਂ ਪ੍ਰੇਤਾਂ ਤੋਂ ਬੱਚੇ ਦੀ ਰੱਖਿਆ ਲਈ ਕੀਤੇ ਜਾਂਦੇ ਸਨ ਅਤੇ ਜਣੇਪੇ ਵਾਲੀ ਔਰਤ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਸੀ। ਮੰਨਿਆ ਜਾਂਦਾ ਸੀ ਕਿ ਜਣੇਪੇ ਵਿਚ ਮਰੀ ਔਰਤ ਕਚੀਲ (ਚੁੜੇਲ)ਬਣ ਜਾਂਦੀ ਹੈ ਉਸ ਦੀ ਗਤੀ ਨਹੀਂ ਹੁੰਦੀ। ਇਸ ਲਈ ਜਣੇਪੇ ਵਾਲੀ ਔਰਤ ਦਾ ਖ਼ਾਸ ਖ਼ਿਆਲ ਰੱਖਿਆ ਜਾਂਦਾ ਸੀ। ਇਸ ਦੀ ਵਿਗਿਆਨਕ ਸਚਾਈ ਇਹ ਸੀ ਕਿ ਜਣੇਪੇ 'ਚ ਔਰਤ ਕਮਜ਼ੋਰ ਹੋ ਜਾਂਦੀ ਸੀ। ਉਸ ਨੂੰ ਬਿਮਾਰੀਆਂ ਜਲਦੀ ਪਕੜ 'ਚ ਲੈ ਲੈਂਦੀਆਂ ਸਨ। ਪਾਥੀ ਬਾਲਣ ਦਾ ਮਤਲਬ ਇਹ ਸੀ ਕਿ ਘਰ ਵਿਚ ਮੱਛਰ ਮੱਖੀ ਅਤੇ ਹੋਰ ਜ਼ਹਿਰੀਲੇ ਕਿਸਮ ਦੇ ਕੀੜੇ ਦਾਖ਼ਲ ਹੋ ਕੇ ਬੱਚੇ ਨੂੰ ਕੱਟ ਸਕਦੇ ਹਨ, ਉਨ੍ਹਾਂ ਨੂੰ ਭਜਾਉਣ ਲਈ ਪਾਥੀ ਬਾਲ ਕੇ ਧੂੰਆਂ ਕੀਤਾ ਜਾਂਦਾ ਸੀ। ਘਰ ਦੇ ਦਰਵਾਜ਼ੇ ਉੱਤੇ ਨਿੰਮ ਇਸ ਲਈ ਬੰਨ੍ਹਿਆ ਜਾਂਦਾ ਸੀ ਕਿ ਇਹ ਇਕ ਜੀਵਾਣੂ ਨਾਸ਼ਕ ਰੁੱਖ ਹੈ ਇਸ ਦੇ ਟਾਹਣੀ, ਪੱਤੇ ਅਤੇ ਨਿਮੋਲੀਆਂ ਉਹ ਕਈ ਕਿਸਮ ਦੀਆਂ ਛੂਤ ਦੀਆਂ ਬਿਮਾਰੀਆਂ ਦੇ ਕਿਟਾਣੂਆਂ ਨੂੰ ਖ਼ਤਮ ਕਰਦੇ ਹਨ ਇਸ ਲਈ ਮੰਨਿਆ ਜਾਂਦਾ ਸੀ ਜੋ ਕੋਈ ਬਿਮਾਰੀ ਜਾਂ ਕਿਟਾਣੂ ਬੱਚੇ ਕੋਲ ਨਾ ਆਵੇ। ਇਸ ਲਈ ਨਿੰਮ ਦਰਵਾਜ਼ੇ ਅੱਗੇ ਬੰਨ੍ਹ ਦਿੱਤਾ ਜਾਂਦਾ ਸੀ ਕਿਉਂਕਿ ਸ਼ਰੀਕੇ ਦੇ ਲੋਕ ਬੱਚੇ ਨੂੰ ਮਿਲਣ ਆਉਣਗੇ ਉਨ੍ਹਾਂ ਨੂੰ ਮਨ੍ਹਾਂ ਤਾਂ ਨਹੀਂ ਕੀਤਾ ਜਾ ਸਕੇਗਾ ਕਿ ਛੋਟੇ ਬੱਚੇ ਦੀ ਸੁਰੱਖਿਆ ਦਾ ਸਵਾਲ ਹੈ, ਤੁਸੀ ਨਾ ਆਓ। ਸੋ ਨਿੰਮ ਬੰਨ੍ਹ ਕੇ ਸੁਰੱਖਿਅਤ ਮਹਿਸੂਸ ਕੀਤਾ ਜਾਂਦਾ ਸੀ। ਸਿਰਫ਼ ਉਨ੍ਹਾਂ ਲੋਕਾਂ ਲਈ ਇਸ ਸਚਾਈ ਨੂੰ ਵਹਿਮ ਨਾਲ ਜੋੜਨਾਂ ਪੈਂਦਾ ਹੈ ਜਿਹੜੇ ਲੋਕ ਅੰਧਵਿਸ਼ਵਾਸੀ ਹੁੰਦੇ ਹਨ। ਵਾਤਾਵਰਨ ਸ਼ੁੱਧ ਤੇ ਸਾਫ਼ ਹੋਵੇਗਾ ਤਾਂ ਧਰਤੀ ਸਵਰਗ ਬਣ ਜਾਵੇਗੀ। ਮਰਨ ਤੋਂ ਬਾਅਦ ਵਾਲਾ ਸਵਰਗ ਤਾਂ ਪਤਾ ਨਹੀਂ ਮਿਲੇਗਾ ਜਾਂ ਨਹੀਂ ਪਰ ਜਿਉਂਦੇ ਜੀ ਸਵਰਗ ਜ਼ਰੂਰ ਮਿਲ ਸਕੇਗਾ। ਸੋ ਵਹਿਮਾਂ ਤੋਂ ਬਚੋਂ ਵਿਗਿਆਨ ਸੋਚ ਅਪਣਾਓ।

• ਹਰਚਰਨ ਕੌਰ
99158-65550





### ਦਰਵਾਜ਼ੇ 'ਤੇ ਨਿੰਮ ਬੰਨ੍ਹਣਾ

*ਘਰ ਦੇ ਦਰਵਾਜ਼ੇ ਉੱਤੇ ਨਿੰਮ ਇਸ ਲਈ ਬੰਨ੍ਹਿਆ ਜਾਂਦਾ ਸੀ ਕਿ ਇਹ ਜੀਵਾਣੂ ਨਾਸ਼ਕ ਰੁੱਖ ਹੈ। ਇਸ ਦੇ ਟਾਹਣੀ, ਪੱਤੇ ਤੇ ਨਿਮੋਲੀਆਂ ਕਈ ਕਿਸਮ ਦੀਆਂ ਛੂਤ ਦੀਆਂ ਬਿਮਾਰੀਆਂ ਦੇ ਕਿਟਾਣੂਆਂ ਨੂੰ ਖ਼ਤਮ ਕਰ ਦਿੰਦੇ ਹਨ। ਮੰਨਿਆ ਜਾਂਦਾ ਸੀ ਜੋ ਕੋਈ ਬਿਮਾਰੀ ਜਾਂ ਕਿਟਾਣੂ ਨਵ-ਜਨਮੇ ਬੱਚੇ ਕੋਲ ਨਾ ਆਵੇ। ਇਸ ਲਈ ਨਿੰਮ ਦਰਵਾਜ਼ੇ 'ਤੇ ਬੰਨ੍ਹ ਦਿੱਤਾ ਜਾਂਦਾ ਸੀ ਕਿਉਂਕਿ ਸ਼ਰੀਕੇ ਦੇ ਲੋਕ ਬੱਚੇ ਨੂੰ ਮਿਲਣ ਆਉਣਗੇ ਉਨ੍ਹਾਂ ਨੂੰ ਮਨ੍ਹਾਂ ਤਾਂ ਨਹੀਂ ਕੀਤਾ ਜਾ ਸਕੇਗਾ ਕਿ ਛੋਟੇ ਬੱਚੇ ਦੀ ਸੁਰੱਖਿਆ ਦਾ ਸਵਾਲ ਹੈ।*

# ਮੇਲ ਮਿਲਾਪ ਦਾ ਦਾਇਰਾ ਵਧਾਉਂਦੇ ਹਨ ਮੇਲੇ

ਤਰਸੇਮ ਸਿੰਘ 'ਭੰਗੂ'

ਜੰਗਲਾਂ ਵਿੱਚੋਂ ਨਿਕਲ ਕੇ ਮਨੁੱਖ ਨੇ ਜਦੋਂ ਆਲੇ-ਦੁਆਲੇ ਵਿਚਰਨਾ ਸ਼ੁਰੂ ਕੀਤਾ ਤਾਂ ਮਨੁੱਖੀ ਮੇਲ-ਮਿਲਾਪ ਦਾ ਦਾਇਰਾ ਵਧਿਆ। ਵੱਖ-ਵੱਖ ਸਮਾਜਾਂ ਵਿਚ ਬੱਝਣ ਤੋਂ ਬਾਅਦ ਹੀ ਸ਼ਾਇਦ ਮਨੁੱਖ ਨੂੰ ਸੱਭਿਅਕ ਅਤੇ ਸਮਾਜਿਕ ਪ੍ਰਾਣੀ ਦਾ ਦਰਜਾ ਮਿਲਿਆ। ਹੌਲੀ-ਹੌਲੀ ਮਨੁੱਖ ਰਿਸ਼ਤਿਆਂ ਵਿਚ ਬੱਝ ਗਿਆ। ਸਮਾਜ ਰੂਪੀ ਮਜ਼ਬੂਤ ਸੰਗਲ ਨੂੰ ਜੋੜੀ ਰੱਖਣ ਲਈ ਰਿਸ਼ਤੇ ਅਹਿਮ ਕੜੀ ਵਜੋਂ ਕੰਮ ਕਰਦੇ ਹਨ। ਮੇਲ-ਮਿਲਾਪ ਨਾਲ ਹੀ ਸਮਾਜਿਕ ਸਰਗਰਮੀਆਂ ਵਧਦੀਆਂ ਹਨ ਅਤੇ ਸੱਭਿਆਚਾਰ ਵਿਗਸਦਾ ਹੈ ਤੇ ਅੱਗੇ ਵਧਦਾ ਹੈ। ਸੱਥਾਂ 'ਚ ਬੈਠਣਾ, ਦੋਸਤਾਂ ਦਾ ਮੇਲ-ਮਿਲਾਪ, ਰਹੁ-ਰੀਤਾਂ ਅਤੇ ਤਮਾਮ ਸਰਗਰਮੀਆਂ ਸਾਡੇ ਸੱਭਿਆਚਾਰ ਦੀਆਂ ਚੂਲਾਂ ਹਨ। ਵਿਕਾਸ ਇਸ ਦੇ ਇਰਦ-ਗਿਰਦ ਹੀ ਘੁੰਮਦਾ ਹੈ।

## ਮੇਲਿਆਂ ਦੀ ਧਰਤੀ

ਭਾਰਤ ਨੂੰ ਮੇਲਿਆਂ ਦੀ ਧਰਤੀ ਵੀ ਕਹਿ ਲਿਆ ਜਾਵੇ ਤਾਂ ਵੀ ਕੋਈ ਅਤਿ ਕਥਨੀ ਨਹੀਂ। 365 ਦਿਨਾਂ ਵਿੱਚੋਂ ਕੋਈ ਅਜਿਹਾ ਦਿਨ ਨਹੀਂ ਹੋਵੇਗਾ ਜਿਸ ਦਿਨ ਕਿਧਰੇ ਕੋਈ ਮੇਲਾ ਨਾ ਲੱਗਦਾ ਹੋਵੇ।

ਪੰਜਾਬ ਵਿਚ ਗੁਰੂਆਂ, ਪੀਰਾਂ, ਫ਼ਕੀਰਾਂ, ਸਾਧੂ-ਸੰਤਾਂ ਅਤੇ ਹੋਰ ਰੱਬ ਦੇ ਭਗਤਾਂ ਦੇ ਨਾਂ 'ਤੇ ਅਨੇਕਾਂ ਮੇਲੇ ਲੱਗਦੇ ਹਨ। ਵਿਸਾਖੀ, ਦੀਵਾਲੀ, ਰੱਖੜ-ਪੁੰਨਿਆਂ, ਜਗਰਾਵਾਂ ਦੀ ਰੌਸ਼ਨੀ, ਹੋਲਾ ਮੱਹਲਾ, ਜਰਗ ਦਾ ਮੇਲਾ, ਚੋਲ਼ੇ ਦਾ ਮੇਲਾ, ਸ਼ਹੀਦੀ ਜੋੜ ਮੇਲਾ, ਛਪਾਰ ਦਾ ਮੇਲਾ, ਮੁਕਤਸਰ ਦਾ ਮਾਘੀ ਮੇਲਾ, ਲੌਂਗੋਵਾਲ ਦੀਆਂ ਤੀਆਂ, ਮਾਝੇ ਵਿਚ ਬੱਬੇ ਹਾਲੀ, ਘੋਨੇਵਾਲਾ ਅਤੇ ਮਾਕੋਵਾਲ ਦੀਆਂ ਛਿੰਞਾਂ ਬਹੁਤ ਮਸ਼ਹੂਰ ਹਨ। ਮੇਲੇ ਸਾਡੀ ਵਿਰਾਸਤ ਹਨ। ਜਿਹੜੀਆਂ ਕੌਮਾਂ ਆਪਣੀ ਵਿਰਾਸਤ ਨਹੀਂ ਸੰਭਾਲਦੀਆਂ ਉਹ ਜ਼ਿਆਦਾ ਦੇਰ ਜ਼ਿੰਦਾ ਨਹੀਂ ਰਹਿੰਦੀਆਂ।

## ਪੰਜਾਬੀਆਂ ਦੇ ਸੁਭਾਅ

ਮੇਲੇ ਮਿਲਣ ਦਾ ਸਬੱਬ ਹੁੰਦੇ ਹਨ। ਪੰਜਾਬੀਆਂ ਦੇ ਸੁਭਾਅ ਵਿਚ ਹੀ ਮਿਲਾਪ ਹੈ। ਅਖੇ, 'ਮੇਲਾ ਮੇਲੀਆਂ ਦਾ, ਯਾਰਾਂ ਬੇਲੀਆਂ ਦਾ।' ਮੇਲੇ ਤੋਂ ਕਈ ਸ਼ਬਦ ਪੈਦਾ ਹੋਏ ਹਨ। ਮੇਲ ਲਫ਼ਜ਼ ਵੀ ਮਿਲਣ ਤੋਂ ਬਣਿਆ ਹੈ। ਵਿਆਹ ਸ਼ਾਦੀ ਵਿਚ ਨਾਨਕਾ ਮੇਲ ਦੀ ਖ਼ਾਸ ਅਹਿਮੀਅਤ ਹੁੰਦੀ ਹੈ। ਮੇਲ ਵਿਚ ਆਈਆਂ ਔਰਤਾਂ ਨੂੰ ਮੇਲਣਾਂ ਕਿਹਾ ਜਾਂਦਾ ਹੈ। ਚਾਰ ਦਹਾਕੇ ਪਹਿਲਾਂ ਵਿਆਹ ਤੋਂ ਦੋ ਦਿਨ ਪਹਿਲਾਂ ਮੇਲ ਆਉਣਾ ਸ਼ੁਰੂ ਹੋ ਜਾਂਦਾ ਸੀ ਪਰ ਅਜੋਕੇ ਪਦਾਰਥਵਾਦੀ ਅਤੇ ਵਪਾਰਕ ਬਿਰਤੀਆਂ ਵਾਲੇ ਯੁੱਗ ਵਿਚ ਸਾਡੇ ਸੱਭਿਆਚਾਰ ਦਾ ਰੰਗ ਵੀ ਫਿੱਕਾ ਪੈ ਗਿਆ ਹੈ। ਹੁਣ ਤਾਂ ਪੈਲਸਾਂ ਵਿਚ ਕੁਝ ਘੰਟਿਆਂ ਦਾ ਹੀ ਮੇਲ ਹੁੰਦਾ ਹੈ। ਜਗ ਜਿਊਂਦਿਆਂ ਦੇ ਮੇਲੇ ਤਾਂ ਹੁੰਦੇ ਹੀ ਨੇ ਪਰ ਅਸਲ ਮੇਲੇ ਮਿਲਦਿਆਂ ਦੇ ਹੁੰਦੇ ਹਨ।

**ਤੈਨੂੰ ਭਾਲਦਿਆਂ ਥੱਕ ਗਈਆਂ ਅੱਖੀਆਂ ਵੇ*
*ਮੇਲਾ ਮੈਨੂੰ ਦੱਖ ਨਾ ਦੇਵੇ।'*
**ਕਿਤੇ ਮੇਲੇ 'ਚ ਨਜ਼ਰ ਨਾ ਆਇਆ ਵੇ*
*ਸਾਰਾ ਮੇਲਾ ਛਾਣ ਮਾਰਿਆ।*
**ਮੇਲੇ ਮੁਕਸਰ ਦੇ ਚੱਲ ਚੱਲੀਏ*
*ਨਣਦ ਦਿਆ ਵੀਰਾ।*
**ਚੱਲ ਚੱਲੀਏ ਜਰਗ ਦੇ ਮੇਲੇ ਨੀ*
*ਮੁੰਡਾ ਤੇਰਾ ਮੈਂ ਚੱਕ ਲਊਂ।*




### ਬਾਪੂ ਦੀ ਭਾਲ

ਛੋਟੇ ਹੁੰਦਿਆਂ ਆਪਣੇ ਪਿੰਡ ਦਾ ਮੇਲਾ ਤੇ ਕਈ ਹੋਰ ਮੇਲੇ ਬਾਪੂ ਦੇ ਮੋਢਿਆਂ 'ਤੇ ਚੜ੍ਹ ਕੇ ਵੇਖੇ ਸਨ। ਅੱਜ ਪੂਰੇ ਪੰਜਾਹ ਸਾਲਾਂ ਬਾਅਦ ਰੁਪਈਏ ਤੋਂ ਦੋ ਹਜ਼ਾਰ ਤਕ ਦੇ ਨੋਟ ਜੇਬ ਵਿਚ ਪਾਈ ਨਵੀਂ ਕਾਰ ਦੇ ਲਾਗੇ ਖਲੋਤਾ ਹਾਂ। ਇਸ ਵੇਲੇ ਬਾਪੂ ਬਣਿਆ ਆਪਣੇ-ਆਪ ਨੂੰ ਬਾਲ ਤਸੱਵਰ ਕਰਦਾ ਆਪਣੇ ਪਿੰਡ ਦੇ ਮੇਲੇ 'ਚੋਂ ਬਾਪੂ ਨੂੰ ਭਾਲ ਰਿਹਾ ਹਾਂ ਪਰ ਬਾਪੂ ਦਿੱਸ ਨਹੀਂ ਰਿਹਾ, ਕਿਹਦੇ ਮੋਢਿਆਂ 'ਤੇ ਚੜ੍ਹ ਕੇ ਮੇਲਾ ਵੇਖਿਆ ਜਾਵੇ! ਕਾਰ ਮਾਲਕ ਹੋਣ ਦੀ ਕੋਈ ਖ਼ੁਸ਼ੀ ਨਹੀਂ ਹੈ ਕਿਉਂਕਿ ਕੋਈ ਹਾਣੀ ਨਜ਼ਰ ਨਹੀਂ ਆ ਰਿਹਾ। ਜੋ ਕਹਿ ਸਕੇ, 'ਉਏ ਧਰਮਿਆਂ ਤੂੰ ਗੱਡੀ ਲੈ ਲਈ ?

## ਲੋਕ ਸਾਹਿਤ ਦਾ ਹਿੱਸਾ

ਮੇਲਿਆਂ ਦੇ ਸਬੰਧ ਵਿਚ ਅਜਿਹੇ ਅਨੇਕਾਂ ਹੀ ਲੋਕ ਗੀਤਾਂ ਦੇ ਮੁੱਖੜੇ ਅਤੇ ਬੋਲੀਆਂ ਸਾਡੇ ਲੋਕ ਸਾਹਿਤ ਦਾ ਹਿੱਸਾ ਹਨ। ਜੋ ਮਿਲਣ ਲਈ ਤੜਪਦੀਆਂ ਰੂਹਾਂ ਦੇ ਦਿਲਾਂ ਦੀ ਤਰਜਮਾਨੀ ਕਰਦੀਆਂ ਹਨ। ਪੰਜਾਬ ਵਿਚ ਮੱਸਿਆ ਤਾਂ ਹਰ ਮਹੀਨੇ ਕਈ ਜਗ੍ਹਾ ਲੱਗਦੀ ਹੈ। ਅਵਿੱਦਤ ਮਨ ਧਾਰਮਿਕ ਥਾਂ 'ਤੇ ਸੁੱਖਣਾ ਸੁੱਖ ਕੇ ਮਨ ਦੀ ਮੁਰਾਦ ਪੂਰੀ ਕਰਨਾ ਲੋਚਦਾ ਹੈ। ਹਰ ਮੱਸਿਆ ਜਾਣ ਵਾਲੀ ਨੂੰ ਕੋਈ ਮਸਖਰਾ ਇੰਜ ਕਾਨੀ ਵੀ ਕੱਸਦਾ ਹੈ :

ਸੁੱਖ ਲਈਆਂ ਪੰਜ ਮੱਸਿਆ
ਪਹਿਲੀ ਮੱਸਿਆ ਕੰਨਾਂ ਨੂੰ ਹੱਥ ਲਾਵੇ।

ਮੱਧ ਵਰਗੀ ਕਿਸਾਨ ਆਪਣੀ ਔਰਤ ਨੂੰ ਮੱਸਿਆ ਜਾਣ ਦੀ ਤਿਆਰੀ ਖਿੱਚਦੀ ਵੇਖ, ਖੇਤੀ ਦੇ ਕੰਮ ਨੂੰ ਪਹਿਲ ਦਿੰਦਾ ਇਸ ਬੋਲੀ ਰਾਹੀਂ ਰੋਕਦਾ, ਇੰਜ ਆਖਦਾ ਹੈ,

ਤੈਨੂੰ ਮੱਸਿਆ ਜਾਣ ਦੀ ਪੈ ਗਈ
ਇੱਥੇ ਮੇਰਾ ਚੱਲੇ ਵੇਲਣਾ ਭਾਨੋ
ਹੋ ਕੇ ਤਿਆਰ ਵੇਖ ਲੈ ਮਾਰੂ ਜਾਨੋਂ।

### ਸਮਰੱਥਾ

ਪੰਜਾਬ ਦੇ ਹਰੇਕ ਪਿੰਡ ਵਿਚ ਕੋਈ ਨਾ ਕੋਈ ਛੋਟਾ-ਵੱਡਾ ਮੇਲਾ ਜ਼ਰੂਰ ਲੱਗਦਾ ਹੈ। ਕੋਈ ਸਮਾਂ ਸੀ, ਜਦੋਂ ਮੇਲੇ ਵਿਚ ਖ਼ਰਚਣ ਵਾਸਤੇ ਰੁਪਈਆ ਲੈਣ ਲਈ ਬਾਪੂ ਦੀਆਂ ਕਈ ਈਨਾਂ ਮੰਨਣੀਆਂ ਪੈਂਦੀਆਂ ਸਨ। ਜਿਵੇਂ ਡੰਗਰ ਚਾਰਨੇ, ਪਾਣੀ ਪਿਲਾਉਣਾ, ਪੱਠੇ ਵੱਡਣੇ, ਕੁਤਰਨੇ, ਪੜ੍ਹਨਾ ਆਦਿ। ਸ਼ਾਇਦ ਉਸ ਸਮੇਂ ਬਾਪੂ ਰੁਪਈਆ ਦੇਣ ਦੇ ਸਮਰੱਥ ਵੀ ਨਹੀਂ ਸੀ ਪਰ ਬਾਪੂ ਦੇਵੇ ਜਾਂ ਨਾ ਬਾਪੂ ਤੋਂ ਚੋਰੀ ਬੇਬੇ ਜ਼ਰੂਰ ਮੁੱਠੀ 'ਚ ਰੁਪਈਆ ਫੜਾ ਦਿੰਦੀ ਸੀ।

## ਜਵਾਨ ਹੋਣ ਦਾ ਭਰਮ

ਡੰਗਰ ਚਾਰਦਿਆਂ ਤਾਂ ਝੋਟਾ ਹੀ ਕਿਸੇ ਜਹਾਜ਼ ਤੋਂ ਘੱਟ ਨਹੀਂ ਹੁੰਦਾ ਸੀ। ਹੋ ਸਕਦੈ ਮੇਰੇ ਹਾਣੀ ਵੀ ਮੇਰੇ ਵਾਂਗ ਦਾਹੜੀਆਂ ਕਾਲੀਆਂ ਕਰ ਕੇ ਜਵਾਨ ਹੋਣ ਦਾ ਭਰਮ ਪਾਲਦੇ ਮੇਰੇ ਨੇੜਿਓਂ ਹੀ ਗੁਜ਼ਰ ਰਹੇ ਹੋਣ ਜਾਂ ਕਬੀਲਦਾਰੀਆਂ ਨਜਿੱਠਦੇ ਉਮਰੋਂ ਪਹਿਲਾਂ ਹੀ ਬੁੱਢੇ ਹੋ ਗਏ ਹੋਣ ਪਰ ਪਛਾਣਨ ਤੋਂ ਅਸਮਰਥ ਹਾਂ।

ਮੇਲੇ ਦੇ ਸ਼ੋਰ ਵਿਚ ਇਕ ਪਾਸੇ ਸੱਭਿਆਚਾਰਕ ਪ੍ਰੋਗਰਾਮ ਚੱਲ ਰਿਹਾ ਹੈ। ਗਾਇਕ ਜੋੜੀ ਗਾ ਰਹੀ ਹੈ ਲੋਕ ਨੋਟ ਵਾਰ ਰਹੇ ਹਨ। ਰੁਪਈਏ ਨਹੀਂ, ਵੱਖ-ਵੱਖ ਕਈ ਛੋਟੇ-ਵੱਡੇ ਨੋਟ ਉੱਡ ਰਹੇ ਹਨ। ਕੋਈ ਬਜ਼ੁਰਗ ਖਲੋਤਿਆਂ ਤੋਂ ਪੁੱਛ ਰਿਹਾ ਹੈ, 'ਕੌਣ ਆਇਆ ਗਾਉਣ ਐਤਕੀਂ ਬੱਲਿਆ ?

'ਹੱਛਾ, ਅਣਖ-ਉਣਖ ਤਾਂ ਮੈਨੂੰ ਦੀਹਦੀ ਨ੍ਹੀਂ ਇਹਦੇ 'ਚ, ਕਿਹੋ ਜਿਹੇ ਗੌਣ ਗਾਈ ਜਾਂਦਾ, ਮੇਲੇ ਆਈਆਂ ਧੀਆਂ ਭੈਣਾਂ ਦੀ ਵੀ ਭੋਰਾ ਸ਼ਰਮ ਨਈ, ਸਹੁਰੀ ਦੇ ਅਣਖੀ ਬਣੇ ਫਿਰਦੇ ਐ! ਕੁੜੀ ਸੁਹਣੀ ਲਈ ਫਿਰਦਾ ਕਾਲਾ ਜਿਹਾ।' ਬੁੜ-ਬੁੜ ਕਰਦਾ ਬਾਬਾ ਅੱਗੇ ਤੁਰ ਜਾਂਦਾ ਹੈ।

## ਅੱਗੇ ਹੋਣ ਦੀ ਕੋਸ਼ਿਸ਼

ਮੈਂ ਗੱਡੀ ਇਕ ਪਾਸੇ ਲਾ ਕੇ ਜਿੱਧਰ ਕੁਸ਼ਤੀਆਂ ਹੋਣੀਐ ਉਧਰ ਨੂੰ ਅਹੁਲਦਾ ਹਾਂ। ਤਿੰਨ ਢੋਲੀ ਡੱਗੇ 'ਤੇ ਡੱਗਾ ਮਾਰਦੇ ਕੁਝ ਸੁਣਨ ਨਹੀਂ ਦੇ ਰਹੇ। ਪਹਿਲੇ ਮੇਲਿਆਂ ਵਰਗਾ ਇਕੱਠ ਨਹੀਂ ਹੈ। ਵਾਹਣ ਦੇ ਚਾਰ-ਚੁਫੇਰੇ ਲੋਕ ਇਕ ਦੂਜੇ ਤੋਂ ਅੱਗੇ ਹੋਣ ਦੀ ਕੋਸ਼ਿਸ਼ ਕਰ ਰਹੇ ਹਨ। ਘੁਲਣ ਆਏ ਭਲਵਾਨਾਂ ਨੇ ਬੈਠਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਪਰ ਮੈਨੂੰ ਬੱਚੋ ਮਾਕੋਵਾਲੀਆ, ਜੀਤਾ, ਸੰਹਿਸਰਾ ਅਤੇ ਫੱਤੂ ਭੀਲੀਏ ਵਰਗਾ ਦਰਸ਼ਨੀ ਜਵਾਨ ਇਨ੍ਹਾਂ 'ਚੋਂ ਕੋਈ ਵੀ ਨਜ਼ਰ ਨਹੀਂ ਆ ਰਿਹਾ। ਇਕ ਪਾਸੇ ਢਿਲਕੇ ਪਰ ਮਜ਼ਬੂਤ ਸਰੀਰ ਵਾਲਾ ਬਜ਼ੁਰਗ ਮੁੰਗਲੀਆਂ ਫੇਰਦਾ ਕੈਪਸੂਲਾਂ ਦੀ ਪਦਾਇਸ਼ ਭਲਵਾਨਾਂ ਨਾਲੋਂ ਜਵਾਨ ਲੱਗ ਰਿਹਾ ਹੈ। ਗੱਡੀ ਹੋਈ ਮਾਲੀ ਦੀ ਝੰਡੀ ਨੇੜੇ ਨਰੋਏ ਸਰੀਰ ਦਾ ਇਕ ਗੱਭਰੂ ਬੈਠਕਾਂ ਮਾਰ ਰਿਹਾ ਹੈ। ਲਾਗੋਂ ਸੁਣਨ 'ਤੇ ਪਤਾ ਲੱਗਾ ਹੈ ਕਿ ਆਪਣੇ ਪਿੰਡ ਦਾ ਈ ਐ, ਕਿਸ ਲਾਣੇ 'ਚੋਂ ਆ ਪਤਾ ਨਹੀਂ। ਇਹ ਵੀ ਸੁਣਨ ਨੂੰ ਮਿਲਿਆ ਕਿ ਪ੍ਰਬੰਧਕਾਂ 'ਚੋਂ ਪਿੰਡ ਪੱਖੀ ਮੁਹਤਬਰ ਦੀ ਕੁਸ਼ਤੀ ਕਿਸੇ ਮਾੜੇ ਪਹਿਲਵਾਨ ਨਾਲ ਪਾਉਣੀ ਚਾਹੁੰਦਾ ਹੈ ਤਾਂ ਕਿ ਮੇਜ਼ਬਾਨ ਪਿੰਡ ਦੀ ਝੰਡੀ ਬਣੀ ਰਹੇ ਪਰ ਇਕ ਪਾਸਿਓਂ ਸੱਚ 'ਤੇ ਪਹਿਰਾ ਦੇਣ ਵਾਲੇ ਪ੍ਰਬੰਧਕ ਨੇ ਬਾਹਰੋਂ ਆਏ ਕਿਸੇ ਭਲਵਾਨ ਨਾਲ ਕੁਸ਼ਤੀ ਲੜਨ ਦਾ ਐਲਾਨ ਕਰ ਦਿੱਤਾ ਹੈ। ਸਾਰੇ ਘੋਲ਼ਾਂ ਵਿਚ ਏਹੀ ਘੋਲ਼ ਲੱਗ ਰਿਹਾ ਹੈ। ਬਾਕੀ ਤਾਂ ਬਸ ਸਾਹ ਰੋਕੀ ਲੋਕ ਕੁਸ਼ਤੀ ਵੇਖਦੇ ਇਹੀ ਕਿਆਫ਼ੇ ਲਾ ਰਹੇ ਸਨ ਕਿ ਐਤਕੀਂ ਮਾਲੀ ਬਾਹਰਲੇ ਨੇ ਲੈ ਜਾਣੀ ਆ। ਏਹ ਕੀ, ਪੈਂਤੀ ਮਿੰਟ ਤਕ ਥੱਲਿਓਂ ਨਾ ਨਿਕਲ ਸਕਣ ਵਾਲਾ ਮੇਜ਼ਬਾਨ ਪਿੰਡ ਦਾ ਗੱਭਰੂ ਬਾਹਰਲੇ ਗੱਭਰੂ ਦੀਆਂ ਬਾਹਾਂ ਜਕੜ ਕੇ ਉੱਤੋਂ ਦੀ ਬਾਜ਼ੀ ਲਵਾ ਮੋਢੇ ਲਾ ਦਿੰਦਾ ਹੈ। ਢਹਿ ਗਿਆ, ਢਹਿ ਗਿਆ ਦਾ ਰੌਲਾ ਪੈ ਜਾਂਦਾ ਹੈ। ਢਾਹੁਣ ਵਾਲਾ ਇਕ ਲੱਤ 'ਤੇ ਇਕ ਬਾਂਹ ਚੁੱਕ ਕੇ ਭੰਗੜੇ ਦੇ ਅੰਦਾਜ਼ 'ਚ ਗੇੜੀ ਦਿੰਦਾ ਹੈ।

## ਭੁਲੇਖਾ ਪੈਣਾ

ਚਾਚੇ ਦੇ ਪੁੱਤ ਭਰਾ ਦੇ ਘਰ ਪੰਹੁਚਦਾ ਹਾਂ। ਘਰ 'ਚ ਮੇਲਾ ਵੇਖਣ ਆਏ ਰਿਸ਼ਤੇਦਾਰਾਂ ਦਾ ਵਿਆਹ ਵਿਚ ਆਏ ਮੇਲ ਵਾਂਗ ਭੁਲੇਖਾ ਪੈਂਦਾ ਹੈ। 'ਓ ਆ ਭਾਊ, ਤੂੰ ਤਾਂ ਸ਼ਹਿਰੀਆ ਬਣ ਕੇ ਮਿਲਣੋ-ਗਿਲਣੋ ਈ ਗਿਆ।' ਚਾਚੇ ਦਾ ਪੁੱਤ ਬਾਹਾਂ 'ਚ ਘੁੱਟਦਿਆਂ ਆਖਦਾ ਹੈ। ਕਈ ਹਾਣੀ ਰਿਸ਼ਤੇਦਾਰ ਬੱਗੇ ਹੋਏ ਪਛਾਣੇ ਨਹੀਂ ਗਏ, ਇਵੇਂ ਹੀ ਉਹ ਵੀ ਨਹੀਂ ਪਛਾਣ ਸਕੇ। ਗਈ ਰਾਤ ਤਕ ਖ਼ੂਬ ਯਾਦਾਂ ਤਾਜ਼ੀਆਂ ਹੋਈਆਂ ਹਨ। ਰਿਸ਼ਤੇਦਾਰਾਂ ਨਾ ਮਿਲਣ ਦੇ ਗਿਲੇ ਵੀ ਕੀਤੇ ਹਨ। ਮਹਿਸੂਸ ਹੋਇਆ ਕਿ ਰਿਸ਼ਤੇਦਾਰੀਆਂ ਤੇ ਮੇਲੇ ਮਿਲਦਿਆਂ ਦੇ ਹੀ ਹੁੰਦੇ ਹਨ। ਖਲੋਤੇ ਤਾਂ ਪਾਣੀ ਵੀ ਬੋਅ ਮਾਰ ਜਾਂਦੇ ਹਨ। ਰਿਸ਼ਤਿਆਂ 'ਚ ਆਈ ਖੜੋਤ ਵੀ ਸਾਡੇ ਅਮੀਰ ਸੱਭਿਆਚਾਰ ਨੂੰ ਢਾਹ ਲਾਉਂਦੀ ਹੈ। ਕਿਸੇ ਠੀਕ ਕਿਹਾ ਹੈ, 'ਪਾਣੀ ਵਗਦਿਆਂ ਦੇ ਤੇ ਰਿਸ਼ਤੇ ਮਿਲਦਿਆਂ ਦੇ।' ਆਓ, ਮੇਲ ਮਿਲਾਪ ਦਾ ਦਾਇਰਾ ਵਧਾਅ ਕੇ ਆਪਣੀ ਅਮੀਰ ਵਿਰਾਸਤ ਨੂੰ ਸੰਭਾਲੀਏ ਤਾਂ ਜੋ ਸਾਡੀਆਂ ਗੁਆਚ ਰਹੀਆਂ ਕਦਰਾਂ ਕੀਮਤਾਂ ਜ਼ਿੰਦਾ ਰਹਿ ਸਕਣ। •

94656-56214

## ਸੰਪਾਦਕੀ

# ਰਾਹੁਲ ਦੀ ਪੰਜਾਬ ਦੇ ਆਗੂਆਂ ਨੂੰ ਘੁਰਕੀ

ਰਾਹੁਲ ਗਾਂਧੀ ਨੇ ਜਦੋਂ ਆਪਣੀ ਮਜ਼ਦੂਰ-ਕਿਸਾਨ ਮਹਾਂ ਰੈਲੀ ਲਈ ਬਰਨਾਲਾ ਨੂੰ ਚੁਣਿਆ ਤਾਂ ਉਨ੍ਹਾਂ ਦੇ ਨਿਸ਼ਾਨੇ 'ਤੇ ਦੋ ਚੀਜ਼ਾਂ ਸਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੰਜਾਬ ਵਿੱਚ ਕਾਂਗਰਸ ਵਿਚਲੀਆਂ ਅੰਦਰੂਨੀ ਵੰਡੀਆਂ। ਰਾਹੁਲ ਦਾ ਸਭ ਤੋਂ ਤਿੱਖਾ ਹਮਲਾ ਭਾਰਤ-ਅਮਰੀਕਾ ਅੰਤਰਿਮ ਵਪਾਰ ਸਮਝੌਤੇ 'ਤੇ ਸੀ। ਉਨ੍ਹਾਂ ਇਸ ਸਮਝੌਤੇ ਨੂੰ ਕਿਸਾਨਾਂ ਅਤੇ ਛੋਟੀਆਂ ਤੇ ਦਰਮਿਆਨੀਆਂ ਸਨਅਤਾਂ ਲਈ 'ਮੌਤ ਦਾ ਫ਼ਰਮਾਨ' ਦੱਸਿਆ। ਉਨ੍ਹਾਂ ਕੇਂਦਰ ਸਰਕਾਰ 'ਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਬਾਅ ਹੇਠ ਆ ਕੇ ਖੇਤੀਬਾੜੀ ਖੇਤਰ ਵਿੱਚ ਉਨ੍ਹਾਂ ਨੂੰ ਰਿਆਇਤ ਦੇਣ ਦਾ ਦੋਸ਼ ਲਾਉਂਦਿਆਂ ਚਿਤਾਵਨੀ ਦਿੱਤੀ ਹੈ ਕਿ ਇਸ ਨਾਲ ਭਾਰਤੀ ਬਾਜ਼ਾਰਾਂ ਵਿੱਚ ਅਮਰੀਕੀ ਸੋਇਆਬੀਨ, ਦਾਲਾਂ, ਸੇਬ, ਕਪਾਹ ਤੇ ਅਖਰੋਟਾਂ ਦਾ ਹੜ੍ਹ ਆ ਜਾਵੇਗਾ।

ਇੱਕ ਅਜਿਹਾ ਸੂਬਾ, ਜਿਥੇ ਖੇਤੀ ਸਬੰਧੀ ਫ਼ਿਕਰ ਪਹਿਲਾਂ ਹੀ ਡੂੰਘੇ ਹਨ, ਉਥੇ ਇਹ ਦੋਸ਼ ਸਿਆਸੀ ਰੂਪ ਵਿੱਚ ਬਹੁਤ ਮਹੱਤਵਪੂਰਨ ਹਨ। ਪੰਜਾਬ ਵਿੱਚ ਛੋਟੀ ਜੋਤ ਅਤੇ ਲਾਗਤ ਕੀਮਤਾਂ ਵੱਧ ਹੋਣ ਕਾਰਨ ਅਮਰੀਕਾ ਦੀ ਉੱਚ ਪੱਧਰੀ ਮਸ਼ੀਨੀ ਖੇਤੀ ਨਾਲ ਮੁਕਾਬਲੇ ਦਾ ਡਰ ਇਥੋਂ ਦੇ ਕਿਸਾਨਾਂ ਨੂੰ ਛੇਤੀ ਹੀ ਵਿਰੋਧ ਵਿੱਚ ਇਕਜੁੱਟ ਕਰ ਸਕਦਾ ਹੈ। ਰਾਹੁਲ ਦਾ ਇਹ ਦਾਅਵਾ ਕਿ ਨਵੀਂ ਦਿੱਲੀ ਨੇ ਸਾਲਾਨਾ 9 ਲੱਖ ਕਰੋੜ ਰੁਪਏ ਦਾ ਸਾਮਾਨ ਖਰੀਦਣ ਦੀ ਵਚਨਬੱਧਤਾ ਜਤਾਈ ਹੈ ਅਤੇ ਕਈ ਮਹੀਨਿਆਂ ਤੋਂ ਲਟਕਿਆ ਹੋਇਆ ਸੌਦਾ '15 ਮਿੰਟਾਂ' ਵਿੱਚ ਮਨਜ਼ੂਰ ਹੋ ਗਿਆ ਹੈ, ਕੇਂਦਰ ਤੋਂ ਸਪੱਸ਼ਟੀਕਰਨ ਦੀ ਮੰਗ ਕਰਦਾ ਹੈ। ਜੇਕਰ ਖੇਤੀਬਾੜੀ ਸੱਚਮੁੱਚ ਹੀ ਟੈਰਿਫ ਰਿਆਇਤਾਂ ਦਾ ਹਿੱਸਾ ਹੈ ਤਾਂ ਕਿਸਾਨ ਪਾਰਦਰਸ਼ਤਾ ਦੇ ਹੱਕਦਾਰ ਹਨ। ਵਪਾਰ ਦੀ ਇੱਛਾ ਪੇਂਡੂ ਸਥਿਰਤਾ ਨੂੰ ਮਿੱਧ ਕੇ ਪੂਰੀ ਨਹੀਂ ਕੀਤੀ ਜਾ ਸਕਦੀ।

ਬਰਨਾਲਾ ਸੰਮੇਲਨ ਕਾਂਗਰਸ ਦੇ ਅੰਦਰੂਨੀ ਮਾਮਲਿਆਂ ਨਾਲ ਵੀ ਸਬੰਧਤ ਸੀ। ਪੰਜਾਬ ਵਿੱਚ ਕਾਂਗਰਸ ਪਾਰਟੀ ਹਾਲੇ ਵੀ ਧੜੇਬੰਦੀਆਂ, ਲੀਡਰਸ਼ਿਪ ਦੀ ਦੌੜ ਅਤੇ ਜਾਤੀ ਤੇ ਖੇਤਰੀ ਪੱਖਪਾਤ ਨਾਲ ਜੂਝ ਰਹੀ ਹੈ, ਜਿਸ ਨੇ ਵਾਰ-ਵਾਰ ਚੋਣ ਪ੍ਰਚਾਰ ਦੀ ਇਕਸੁਰਤਾ ਅਤੇ ਬੂਥ-ਪੱਧਰੀ ਲਾਮਬੰਦੀ ਨੂੰ ਕਮਜ਼ੋਰ ਕੀਤਾ ਹੈ। ਰਾਹੁਲ ਵੱਲੋਂ ਪਾਰਟੀ ਆਗੂਆਂ ਨੂੰ 'ਇਕਜੁੱਟ ਹੋ ਜਾਵੋ ਜਾਂ ਘਰ ਬੈਠੋ' ਦੀ ਚਿਤਾਵਨੀ ਬਹੁਤ ਪਹਿਲਾਂ ਹੀ ਦੇ ਦਿੱਤੀ ਜਾਣੀ ਚਾਹੀਦੀ ਸੀ। ਜੇਕਰ ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੰਗਠਨਾਤਮਕ ਤੌਰ 'ਤੇ ਇਕਜੁੱਟ ਨਹੀਂ ਹੁੰਦੀ ਤਾਂ ਉਸ ਤੋਂ ਕਿਸਾਨਾਂ ਦੀ ਬੇਚੈਨੀ ਦੂਰ ਕਰਨ ਦੀ ਉਮੀਦ ਨਹੀਂ ਲਾਈ ਜਾ ਸਕਦੀ।

ਪੰਜਾਬ ਭਾਜਪਾ ਮੁਖੀ ਸੁਨੀਲ ਜਾਖੜ ਨੇ ਇਸ ਦੌਰੇ ਨੂੰ ਨਾਟਕਬਾਜ਼ੀ ਦੱਸਿਆ ਹੈ, ਪਰ ਇਸ ਵੇਲੇ ਸਿਆਸੀ ਬਿਆਨਬਾਜ਼ੀ ਤੋਂ ਅੱਗੇ ਹੋਰ ਬਹੁਤ ਕੁਝ ਦਾਅ 'ਤੇ ਲੱਗਿਆ ਹੋਇਆ ਹੈ। ਕੇਂਦਰ ਸਾਹਮਣੇ ਵਪਾਰ ਨੂੰ ਅੱਗੇ ਵਧਾਉਂਦੇ ਹੋਏ ਖੇਤੀਬਾੜੀ ਦੀ ਰੱਖਿਆ ਕਰਨ ਦਾ ਮੁੱਦਾ ਹੈ, ਜਦਕਿ ਰਾਹੁਲ ਗਾਂਧੀ ਸਾਹਮਣੇ ਇਹ ਚੁਣੌਤੀ ਹੈ ਕਿ ਉਹ ਸਾਬਤ ਕਰਨ ਕਿ ਅੰਦਰੂਨੀ ਇਕਜੁੱਟਤਾ ਬਾਹਰੀ ਭਰੋਸੇਯੋਗਤਾ ਤੋਂ ਪਹਿਲਾਂ ਆਉਂਦੀ ਹੈ। ਅਸਲ ਪ੍ਰੀਖਿਆ ਇਹ ਹੈ ਕਿ ਕੀ ਕਾਂਗਰਸ ਸਿਆਸੀ ਤੀਬਰਤਾ ਨਾਲ ਖੇਤੀਬਾੜੀ ਸਬੰਧੀ ਚਿੰਤਾਵਾਂ ਨੂੰ ਦੂਰ ਕਰ ਸਕੇਗੀ ਜਾਂ ਮੌਕਾ ਆਉਣ 'ਤੇ ਵੀ ਇਹ ਪਾਰਟੀ ਇਸੇ ਤਰ੍ਹਾਂ ਵੰਡੀ ਰਹੇਗੀ।

# ਜ਼ਿਲਾ ਪ੍ਰੈਸ ਕਲੱਬ ਮਾਲੇਰਕੋਟਲਾ ਵੱਲੋਂ ਰੋਜ਼ਾ ਅ਼ਫਤਾਰੀ ਸਮਾਗਮ ਆਯੋਜਿਤ

**ਮਲੇਰਕੋਟਲਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਲੇਰਕੋਟਲਾ ਜ਼ਿਲਾ ਪ੍ਰੈਸ ਕਲੱਬ ਵੱਲੋਂ ਸਥਾਨਕ ਮਾਲੇਰਕੋਟਲਾ ਕਲੱਬ ਵਿਖੇ ਪ੍ਰੈਸ ਕਲੱਬ ਦੇ ਜਿਲ੍ਹਾ ਪ੍ਰਧਾਨ ਸ਼ਹਾਬੂਦੀਨ ਦੀ ਪ੍ਰਧਾਨਗੀ ਹੇਠ ਰੋਜ਼ਾ ਅ਼ਫਤਾਰੀ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹਿਰ ਦੀਆਂ ਸਮਾਜਿਕ, ਸਿਆਸੀ ਅਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਇਸ ਸਮਾਗਮ ਦਾ ਮੁੱਖ ਉਦੇਸ਼ ਆਪਸੀ ਭਾਈਚਾਰੇ, ਸਾਂਝ ਅਤੇ ਧਾਰਮਿਕ ਏਕਤਾ ਨੂੰ ਮਜ਼ਬੂਤ ਕਰਨਾ ਸੀ।

ਪ੍ਰੋਗਰਾਮ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਮੁਸਲਿਮ ਭਾਈਚਾਰੇ ਦੇ ਨਾਲ-ਨਾਲ ਹਿੰਦੂ ਅਤੇ ਸਿੱਖ ਭਾਈਚਾਰੇ ਦੇ ਪ੍ਰਤੀਨਿਧੀਆਂ ਨੇ ਵੀ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਕੇ ਇਲਾਕੇ ਵਿੱਚ ਭਾਈਚਾਰਕ ਸਾਂਝ ਦੀ ਮਿਸਾਲ ਪੇਸ਼ ਕੀਤੀ। ਸਮਾਗਮ ਦੌਰਾਨ ਸਭ ਨੇ ਮਿਲ ਬੈਠ ਕੇ ਰੋਜ਼ਾ ਅ਼ਫਤਾਰ ਕੀਤਾ ਅਤੇ ਆਪਸੀ ਪਿਆਰ, ਅਮਨ ਅਤੇ ਏਕਤਾ ਦਾ ਸੰਦੇਸ਼ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਮਾਲੇਰਕੋਟਲਾ ਸਦੀਆਂ ਤੋਂ ਭਾਈਚਾਰਕ ਸਦਭਾਵਨਾ ਅਤੇ ਗੰਗਾ ਜਮਨੀ ਤਹਿਜ਼ੀਬ ਲਈ ਜਾਣਿਆ ਜਾਂਦਾ ਹੈ ਅਤੇ ਅਜਿਹੇ ਪ੍ਰੋਗਰਾਮ ਸਮਾਜ ਵਿੱਚ ਭਰਾਵਾਂ ਵਾਲਾ ਮਾਹੌਲ ਮਜ਼ਬੂਤ ਕਰਦੇ ਹਨ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਥਾਨਕ ਵਿਧਾਇਕ ਡਾ. ਜਮੀਲ ਉਰ ਰਹਿਮਾਨ, ਸ਼੍ਰੋਮਣੀ ਅਕਾਲੀ ਦਲ ਦੀ ਹਲਕਾ ਇੰਚਾਰਜ ਮੈਡਮ ਜ਼ਾਹਿਦਾ ਸੁਲੇਮਾਨ, ਕਾਂਗਰਸੀ ਆਗੂ ਕਾਮਰੇਡ ਇਸਮਾਈਲ, ਪਰਵੇਜ਼ ਅਲੀ ਖਾਨ, ਮੁਜ਼ਮਿੱਲ ਖਾਨ ਤੋਂ ਇਲਾਵਾ ਸਾਕਿਬ ਅਲੀ ਰਾਜ਼ਾ ਜ਼ਿਲਾ ਚੇਅਰਮੈਨ ਪਲਾਨਿੰਗ ਬੋਰਡ ਅਤੇ ਨਗਰ ਕੌਂਸਲ ਪ੍ਰਧਾਨ ਨਸਰੀਨ ਅਸ਼ਰਫ ਦੇ ਪਤੀ ਅਸ਼ਰਫ ਅਬਦੁੱਲਾ ਹਾਜ਼ਰ ਰਹੇ। ਉਨ੍ਹਾਂ ਨੇ ਜ਼ਿਲਾ ਪ੍ਰੈਸ ਕਲੱਬ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਸਮਾਜ ਵਿੱਚ ਪਿਆਰ ਅਤੇ ਭਰੋਸੇ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ।

ਇਸ ਤੋਂ ਇਲਾਵਾ ਹੋਰ ਭਾਈਚਾਰਿਆਂ ਵਿਚੋਂ ਗਿਆਨੀ ਅਮਰ ਸਿੰਘ ਐਮ.ਡੀ. ਦਸਮੇਸ਼ ਕੰਬਾਈਨਜ਼, ਕੌਂਸਲਰ ਮਹਿੰਦਰ ਸਿੰਘ ਪਰੂਥੀ, ਡਾ. ਕਰਨਵੀਰ, ਡਾ. ਸੰਜੀਵ ਗੋਇਲ, ਬੇਅੰਤ ਕਿੰਗਰ, ਅਮਨ ਥਾਪਰ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਰੋਜ਼ੇ ਦਾ ਮਕਸਦ ਮੁ਼ਫਤੀ ਯੂਸਫ਼ ਕਾਸਮੀ ਨੇ ਕੁਰਆਨ ਅਤੇ ਹਦੀਸ ਦੀ ਰੌਸ਼ਨੀ ਚ ਪੇਸ਼ ਕੀਤਾ।

ਅਖੀਰ ਵਿੱਚ ਜ਼ਿਲਾ ਪ੍ਰੈਸ ਕਲੱਬ ਦੇ ਪ੍ਰਧਾਨ ਸ਼ਹਾਬੁਦੀਨ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਅਜਿਹੇ ਸਾਂਝੇ ਸਮਾਗਮ ਕਰਵਾਉਣ ਦਾ ਸੰਕਲਪ ਪ੍ਰਗਟਾਇਆ ਗਿਆ।

ਇਹ ਰੋਜ਼ਾ ਅ਼ਫਤਾਰੀ ਸਮਾਗਮ ਸ਼ਹਿਰ ਵਿੱਚ ਆਪਸੀ ਭਾਈਚਾਰੇ ਅਤੇ ਸਮਾਜਿਕ ਇਕੱਤਰਤਾ ਦਾ ਸੁੰਦਰ ਪ੍ਰਤੀਕ ਬਣਿਆ।

# ਵਿਸ਼ੇਸ਼ ਲੋੜਾਂ ਵਾਲੇ ਬਚਿਆਂ ਨੂੰ ਲੋੜੀਂਦੇ ਉਪਕਰਨ ਵੰਡਣ ਹਿਤ ਆਯੋਜਿਤ ਕੀਤਾ ਗਿਆ ਕੈਂਪ



**ਫਾਜ਼ਿਲਕਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਖਿਆ ਵਿਭਾਗ ਵੱਲੋਂ ਅਲੀਮਕੋ ਦੇ ਸਹਿਯੋਗ ਨਾਲ ਵਿਸ਼ੇਸ਼ ਲੋੜਾਂ ਵਾਲੇ ਬਚਿਆਂ ਨੂੰ ਲੋੜੀਂਦੇ ਉਪਕਰਨ ਵੰਡਣ ਸਰਕਾਰੀ ਸਕੂਲ ਲੜਕੀਆਂ ਫਾਜ਼ਿਲਕਾ ਵਿਖੇ ਕੈਂਪ ਲਗਾਇਆ ਗਿਆ। ਇਸ ਦੌਰਾਨ ਮੁੱਖ ਮਹਿਮਾਨ ਵਜੋਂ ਮੈਡਮ ਖੁਸ਼ਬੂ ਸਵਨਾ ਨੇ ਵਿਸ਼ੇਸ਼ ਤੌਰ *ਤੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਦਿਵਿਆਂਗਜਨ ਬਚਿਆਂ ਦਾ ਹੌਸਲਾ ਵਧਾਉਣ ਦਾ ਬਹੁਤ ਹੀ ਵਧੀਆ ਉਪਰਾਲਾ ਹੈ।

ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬਚਿਆਂ ਦੀ ਭਲਾਈ ਹਿਤ ਸਮਾਗਮ ਵਿਚ ਪਹੁੰਚ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਬਚਿਆਂ ਅੰਦਰ ਹੁਨਰ ਤੇ ਪ੍ਰਤਿਭਾ ਦੀ ਕੋਈ ਕਮੀ ਨਹੀ ਹੁੰਦੀ ਹੈ, ਲੋੜ ਹੁੰਦੀ ਹੈ ਬਸ ਇਨ੍ਹਾਂ *ਤੇ ਧਿਆਨ ਦੇਣ ਦੀ ਅਤੇ ਹੌਸਲਾ ਵਧਾਉਣ ਦੀ । ਉਨ੍ਹਾਂ ਕਿਹਾ ਕਿ ਇਨ੍ਹਾ ਉਪਕਰਨ ਦੀ ਮਦਦ ਨਾਲ ਇਹ ਜਿਥੇ ਆਪਣੇ ਦਿਵਿਆਂਗਪਨ ਨੂੰ ਭੁੱਲ ਜਾਣਗੇ ਉਥੇ ਆਪਣੇ ਅੰਦਰ ਦੀ ਛੁਪੀ ਹੋਈ ਕਲਾ ਨੂੰ ਨਿਖਾਰਨ ਵਿਚ ਹੋਰ ਮਿਹਨਤ ਕਰਨਗੇ। ਉਨ੍ਹਾਂ ਕਿਹਾ ਕਿ ਵਿਸ਼ੇਸ਼ ਲੋੜਾਂ ਵਾਲੇ ਬਚਿਆਂ *ਤੇ ਖਾਸ ਧਿਆਨ ਦਿੱਤਾ ਜਾਵੇ ਤਾਂ ਬਾਕੀ ਬਚਿਆਂ ਵਾਂਗ ਉਚੇ ਮੁਕਾਮਾਂ *ਤੇ ਪਹੁੰਚ ਵਿਚ ਕੋਈ ਕਸਰ ਨਹੀਂ ਛੱਡਣਗੇ।

ਉਨ੍ਹਾਂ ਸਿਖਿਆ ਵਿਭਾਗ ਤੇ ਅਲੀਮਕੋ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਭਲਾਈ ਹਿਤ ਕੈਂਪ ਲਗਾਉਣ ਨਾਲ ਉਹ ਵਿਸ਼ੇਸ਼ ਲੋੜ ਵਾਲੇ ਬਚਿਆਂ ਦੇ ਸਹਾਈ ਬਣ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਕਾਰਨਾਂ ਕਰਕੇ ਸ਼ਰੀਰਿਕ ਤੇ ਮਾਨਸਿਕ ਪੱਖੋਂ ਪੂਰੀ ਤਰ੍ਹਾਂ ਤੰਦਰੁਸਤ ਨਾ ਹੋਣ ਵਾਲੇ ਬਚਿਆਂ ਨੂੰ ਸੁਖਾਲਾ ਜੀਵਨ ਪ੍ਰਦਾਨ ਕਰਨ ਵਿਚ ਆਪਣਾ ਵਢਮੁਲਾ ਯੋਗਦਾਨ ਪਾ ਰਹੇ ਹਨ।

# ਨਰਮੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ ਬਾਰੇ ਜਾਗਰੂਕਤਾ ਕੈਂਪ ਆਯੋਜਿਤ



**ਬਠਿੰਡਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤਰੀ ਖੋਜ ਕੇਂਦਰ ਬਠਿੰਡਾ ਅਤੇ ਆਈ.ਸੀ.ਏ.ਆਰ.-ਸੀ.ਆਈ.ਸੀ.ਆਰ.ਆਰ.ਐਸ., ਸਿਰਸਾ ਵੱਲੋਂ ਪਿੰਡ ਜੋਧਪੁਰ ਰੋਮਾਣਾ (ਜ਼ਿਲ੍ਹਾ ਬਠਿੰਡਾ) ਵਿਖੇ ਨਰਮੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਅਤੇ ਹੋਰ ਸਮੱਸਿਆਵਾਂ ਦੀ ਰੋਕਥਾਮ ਸਬੰਧੀ ਜਾਗਰੂਕਤਾ ਕੈਂਪ ਦਾ ਆਯੋਜਨ ਕੀਤਾ ਗਿਆ। ਕੈਂਪ ਵਿੱਚ 100 ਤੋਂ ਵੱਧ ਕਿਸਾਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਇਸ ਮੌਕੇ ਖੇਤਰੀ ਖੋਜ ਕੇਂਦਰ ਬਠਿੰਡਾ ਦੇ ਡਾਇਰੈਕਟਰ ਡਾ. ਕਰਮਜੀਤ ਸਿੰਘ ਸੇਖੋਂ ਸਮੇਤ ਰਿਸਰਚ ਸਟੇਸ਼ਨ, ਬਠਿੰਡਾ ਦੇ ਵੱਖ-ਵੱਖ ਵਿਗਿਆਨੀਆਂ ਨੇ ਸ਼ਿਰਕਤ ਕੀਤੀ। ਡਾ. ਸੇਖੋਂ ਨੇ ਨਰਮੇ ਦੀ ਫ਼ਸਲ ਤੋਂ ਵੱਧ ਝਾੜ ਪ੍ਰਾਪਤ ਕਰਨ ਲਈ ਅਧੁਨਿਕ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਅਤੇ ਖੇਤੀ ਨੂੰ ਲਾਭਕਾਰੀ ਬਣਾਉਣ ਦੇ ਤਰੀਕੇ ਸਾਂਝੇ ਕੀਤੇ। ਉਨ੍ਹਾਂ ਨੌਜਵਾਨਾਂ ਦਾ ਖੇਤੀ ਵਲ ਰੁਝਾਨ ਵਧਾਉਣ ਲਈ ਅਤੇ ਆਧੁਨਿਕ ਢੰਗ ਅਪਣਾਕੇ ਵੱਧ ਮੁਨਾਫਾ ਕਮਾਉਣ ਲਈ ਪ੍ਰੇਰਿਤ ਕੀਤਾ।

ਡਾ. ਹਰਜੀਤ ਸਿੰਘ ਬਰਾੜ ਨੇ ਨਰਮੇ ਦੀ ਬੀਜਾਈ ਅਤੇ ਸਹੀ ਸੰਭਾਲ ਸਬੰਧੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਇਸੇ ਤਰ੍ਹਾਂ ਡਾ. ਸੁਖਦੀਪ ਕੌਰ ਅਤੇ ਡਾ. ਗੋਮਤੀ ਗਰੇਵਰ ਨੇ ਕਿਸਾਨ ਭਰਾਵਾਂ ਨੂੰ ਨਰਮੇ ਦੀ ਫ਼ਸਲ ਲਈ ਤਿਆਰ ਕੀਤੇ ਗਏ ਨਵੇਂ ਅਤੇ ਉੱਚ ਕੁਆਲਟੀ ਵਾਲੇ ਬੀਜਾਂ ਬਾਰੇ ਜਾਣਕਾਰੀ ਦਿੱਤੀ।

ਐਂਟੋਮੋਲੋਜਿਸਟ ਡਾ. ਜਸਜਿੰਦਰ ਕੌਰ ਨੇ ਨਰਮੇ ਦੀ ਫ਼ਸਲ ਵਿੱਚ ਕੀੜੇ-ਮਕੌੜਿਆਂ ਦੀ ਰੋਕਥਾਮ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਅ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵੱਲੋਂ ਸਿਫਾਰਿਸ਼ ਕੀਤੇ ਕੀਟਨਾਸ਼ਕ ਵਰਤਣ ਦੀ ਸਲਾਹ ਦਿੱਤੀ।

ਇਸੇ ਤਰ੍ਹਾਂ ਐਂਟੋਮੋਲੋਜਿਸਟ ਡਾ. ਜਸਰੀਤ ਕੌਰ ਨੇ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਸਿਫਾਰਿਸ਼ਸ਼ੁਦਾ ਕੀਟਨਾਸ਼ਕਾਂ ਦੇ ਸਹੀ ਅਤੇ ਸਮੇਂ-ਸਿਰ ਇਸਤੇਮਾਲ ਦੇ ਨਾਲ-ਨਾਲ ਨਿਯਮਿਤ ਸਰਵੇਖਣ ਕਰਨ, ਸਪਲੈਟ ਤਕਨੀਕ, ਪੀ.ਬੀ. ਨਾਟ ਅਤੇ ਹੋਰ ਪ੍ਰਭਾਵਸ਼ਾਲੀ ਢੰਗਾਂ ਬਾਰੇ ਜਾਣਕਾਰੀ ਦਿੱਤੀ।

ਇਸ ਦੇ ਨਾਲ ਹੀ ਪੌਦ ਰੋਗ ਵਿਗਿਆਨੀ ਡਾ. ਰੁਪੇਸ਼ ਅਰੋੜਾ ਨੇ ਨਰਮੇ ਦੀ ਫ਼ਸਲ ਵਿੱਚ ਆ ਰਹੀਆਂ ਵੱਖ-ਵੱਖ ਬਿਮਾਰੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਸਮੇਂ ਸਿਰ ਪਹਿਚਾਣ ਅਤੇ ਠੀਕ ਰੋਕਥਾਮ ਦੇ ਤਰੀਕਿਆਂ ਬਾਰੇ ਵੀ ਜਾਗਰੂਕ ਕੀਤਾ।

ਕਿਸਾਨ ਭਲਾਈ ਵਿਭਾਗ ਬਠਿੰਡਾ ਦੇ ਅਧਿਕਾਰੀ ਡਾ. ਹਰਜਸ ਸ਼ਰਮਾ (ਖੇਤੀਬਾੜੀ ਅਫ਼ਸਰ) ਨੇ ਕਿਸਾਨਾਂ ਨੂੰ ਨਰਮੇ ਦੀਆਂ ਛਟੀਆਂ ਦੇ ਢੇਰਾਂ ਨੂੰ ਪਲਟਣ ਅਤੇ ਛਟੀਆਂ ਨੂੰ ਝਾੜ ਕੇ ਰੱਖਣ ਦੀ ਅਪੀਲ ਕੀਤੀ, ਤਾਂ ਜੋ ਅਧਖਿੜੇ ਟੀਂਡਿਆਂ ਵਿੱਚ ਮੌਜੂਦ ਗੁਲਾਬੀ ਸੁੰਡੀ ਦੇ ਲਾਰਵੇ ਨਸ਼ਟ ਕੀਤੇ ਜਾ ਸਕਣ। ਇਸ ਦੌਰਾਨ ਖੇਤੀਬਾੜੀ ਵਿਭਾਗ ਵੱਲੋਂ ਚੱਲ ਰਹੀਆਂ ਵੱਖ-ਵੱਖ ਸਰਕਾਰੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਇਸ ਦੌਰਾਨ ਵਿਗਿਆਨੀਆਂ ਵੱਲੋਂ ਕੈਂਪ ਵਿੱਚ ਸ਼ਾਮਲ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਜਾਰੀ ਰੱਖਣ ਦਾ ਭਰੋਸਾ ਦਿੱਤਾ ਗਿਆ।

# ਮੁੜ ਸੁਰਜੀਤ ਖੇਤੀ ਬਾਰੇ 4 ਦਿਨਾਂ ਦਾ ਟ੍ਰੇਨਿੰਗ ਪ੍ਰੋਗਰਾਮ ਸਮਾਪਤ




**ਬਠਿੰਡਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਬਠਿੰਡਾ ਡਾ. ਹਰਬੰਸ ਸਿੰਘ ਸਿੱਧੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਪ੍ਰੋਜੈਕਟ ਡਾਇਰੈਕਟਰ ਆਤਮਾ ਬਠਿੰਡਾ ਡਾ. ਤੇਜਦੀਪ ਕੌਰ ਬੋਪਾਰਾਏ ਦੀ ਅਗਵਾਈ ਹੇਠ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਆਤਮਾ ਸਕੀਮ ਅਧੀਨ ਰਿਜਨਰੇਟਿਵ ਐਗ੍ਰੀਕਲਚਰ- ਇਕ ਕੁਦਰਤੀ ਖੇਤੀ ਪੱਧਤੀ ਵਿਸ਼ੇ 'ਤੇ 4 ਦਿਨਾਂ ਦਾ ਸਿਖ਼ਲਾਈ ਪ੍ਰੋਗਰਾਮ ਸਥਾਨਕ ਖੇਤੀ ਭਵਨ ਵਿਖੇ ਕਰਵਾਇਆ ਗਿਆ।

ਇਸ ਦੌਰਾਨ ਮੁੱਖ ਖੇਤੀਬਾੜੀ ਅਫਸਰ ਡਾ. ਹਰਬੰਸ ਸਿੰਘ ਸਿੱਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਅਤੇ ਕੁਦਰਤੀ ਖੇਤੀ ਪ੍ਰਣਾਲੀਆਂ ਬਾਰੇ ਜਾਗਰੂਕ ਕਰਨਾ, ਮਿੱਟੀ ਦੀ ਸਿਹਤ ਵਿੱਚ ਸੁਧਾਰ ਲਿਆਉਣਾ ਅਤੇ ਖੇਤੀ ਨੂੰ ਟਿਕਾਊ ਅਤੇ ਲਾਭਕਾਰੀ ਬਣਾਉਣਾ ਸੀ।

ਸਿਖ਼ਲਾਈ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਰ ਡਾ. ਤੇਜਬੀਰ ਸਿੰਘ ਬੁੱਟਰ, ਡਾ. ਪ੍ਰੀਤਪਾਲ ਸਿੰਘ, ਡਾ. ਨਵਨੀਤ ਕੌਰ, ਡਾ. ਜਸਰੀਤ ਕੌਰ ਅਤੇ ਡਾ. ਗੁਰਦੀਪ ਸਿੰਘ ਵੱਲੋਂ ਰਿਜਨਰੇਟਿਵ ਖੇਤੀ ਦੇ ਸੰਕਲਪ ਅਤੇ ਸਿਧਾਂਤ, ਮਿੱਟੀ ਦੀ ਸਿਹਤ ਅਤੇ ਮਿੱਟੀ ਜੀਵ ਵਿਗਿਆਨ, ਸੋਇਲ ਹੈਲਥ ਕਾਰਡ ਦੀ ਸਮਝ, ਫ਼ਸਲ ਯੋਜਨਾ, ਜੈਵਿਕ ਪੋਸ਼ਕ ਪ੍ਰਬੰਧਨ (ਜੀਵਾਮ੍ਰਿਤ, ਬੀਜਾਮ੍ਰਿਤ, ਵਰਮੀਕੰਪੋਸਟ), ਕੁਦਰਤੀ ਕੀਟ ਅਤੇ ਰੋਗ ਪ੍ਰਬੰਧਨ ਅਤੇ ਰਿਜਨਰੇਟਿਵ ਖੇਤੀ ਦੇ ਅਰਥਸ਼ਾਸ਼ਤ੍ਰ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਸਮਾਗਮ ਦੇ ਆਖਰੀ ਦਿਨ ਭਾਗੀਦਾਰਾਂ ਨੂੰ ਸੋਹਨਗੜ੍ਹ ਕੁਦਰਤੀ ਫਾਰਮ ਦਾ ਦੌਰਾ ਕਰਵਾਇਆ ਗਿਆ, ਜਿੱਥੇ ਉਨ੍ਹਾਂ ਨੇ ਕੁਦਰਤੀ ਖੇਤੀ ਦੇ ਸਫਲ ਮਾਡਲਾਂ ਦਾ ਮੌਕੇ 'ਤੇ ਅਧਿਐਨ ਕੀਤਾ।

ਇਸ ਮੌਕੇ ਸਟੇਜ ਸੰਚਾਲਨ ਡੀ.ਪੀ.ਡੀ. ਆਤਮਾ ਨਰੇਂਦਰ ਗੋਦਾਰਾ ਅਤੇ ਬੀ.ਟੀ.ਐਮ. ਕੰਵਲਜੀਤ ਸਿੰਘ ਵੱਲੋਂ ਕੀਤਾ ਗਿਆ। ਇਸ ਦੇ ਨਾਲ ਹੀ ਬੀ.ਟੀ.ਐਮ. ਮਨਦੀਪ ਕੌਰ ਅਤੇ ਨਵਜੀਤ ਸਿੰਘ (ਕੰਪਿਊਟਰ ਆਪਰੇਟਰ) ਵੀ ਹਾਜ਼ਰ ਸਨ।

# ਫਾਜ਼ਿਲਕਾ ਦੇ ਪ੍ਰਤਾਪ ਬਾਗ ਵਿਖ਼ੇ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਸ਼ਾਨੋ- ਸ਼ੌਕਤ ਨਾਲ ਸਮਾਪਤ

**ਫਾਜ਼ਿਲਕਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਨਿਰਦੇਸ਼ਾਂ ਹੇਠ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਪ੍ਰਤਾਪ ਬਾਗ ਫਾਜ਼ਿਲਕਾ ਵਿਖ਼ੇ ਕਰਵਾਇਆ ਪੰਜਾਬ ਸਖੀ ਸ਼ਕਤੀ ਮੇਲਾ ਅੱਜ ਅਮਿੱਟ ਯਾਦਾਂ ਛੱਡਦਿਆਂ ਸੰਪੰਨ ਹੋ ਗਿਆ ਹੈ। ਇਸ ਤਿੰਨ ਰੋਜ਼ਾ ਪੰਜਾਬ ਸਖੀ ਸ਼ਕਤੀ ਮੇਲਾ ਦਾ ਮੁੱਖ ਮਕਸਦ ਪੰਜਾਬ ਸਰਕਾਰ ਵੱਲੋਂ ਸਵੈ ਸਹਾਇਤਾ ਸਮੂਹਾਂ ਖਾਸ ਕਰਕੇ ਉੱਦਮੀ ਔਰਤਾਂ ਦੀ ਮਦਦ ਕਰਨ ਤੇ ਉਨ੍ਹਾਂ ਨੂੰ ਇੱਕ ਮੰਚ ਮੁਹੱਈਆ ਕਰਵਾਉਣਾ ਹੈ!



ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਸੁਭਾਸ਼ ਚੰਦਰ ਨੇ ਮੇਲੇ ਵਿੱਚ ਸ਼ਿਰਕਤ ਕਰਨ ਲਈ ਆਏ ਵੱਖ ਵੱਖ ਮਹਿਮਾਨਾਂ ਤੇ ਲੋਕਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਉੱਦਮੀ ਔਰਤਾਂ ਤੇ ਸ਼ਿਲਪਕਾਰਾਂ ਵੱਲੋਂ ਬਣਾਈਆਂ ਵਸਤਾਂ ਨੂੰ ਇੱਕੋ ਮੰਚ ਮੁਹੱਈਆ ਕਰਵਾਉਣ ਲਈ ਪਿਛਲੇ ਦੋ ਦਿਨਾਂ ਤੋਂ ਫਾਜ਼ਿਲਕਾ ਵਿਖੇ ਪੰਜਾਬ ਸਖੀ ਸ਼ਕਤੀ ਮੇਲਾ ਚੱਲ ਰਿਹਾ ਸੀ ਤੇ ਅੱਜ ਇਸ ਮੇਲੇ ਦਾ ਆਖਰੀ ਦਿਨ ਹੈ। ਇਸ ਮੌਕੇ ਉਹਨਾਂ ਦੀ ਪਤਨੀ ਵੀ ਉਹਨਾਂ ਦੇ ਨਾਲ ਮੌਜੂਦ ਸਨ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਦੀ ਅਗਵਾਈ ਹੇਠ ਆਯੋਜਿਤ ਇਸ ਮੇਲੇ ਦੇ ਆਖ਼ਰੀ ਦਿਨ ਵੱਖ ਵੱਖ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਬੱਚਿਆਂ ਅਤੇ ਲੋਕ ਗਾਇਕਾਂ ਵੱਲੋਂ ਸ਼ਬਦ ਗਾਇਨ, ਪੰਜਾਬੀ ਲੋਕ ਨਾਚ, ਗਿੱਧਾ, ਭੰਗੜਾ, ਗੀਤ, ਕਵਿਤਾਵਾਂ ਤੇ ਨਾਟਕ ਆਦਿ ਦੀ ਪੇਸ਼ਕਾਰੀ ਨੇ ਖੂਬ ਰੰਗ ਬੰਨਿਆ।

ਇਸ ਮੇਲੇ ਵਿੱਚ ਫਾਜ਼ਿਲਕਾ ਦੇ ਐਮ ਆਰ ਕਾਲਜ ਵੱਲੋਂ ਸੋਲੋ ਲੋਕ ਗੀਤ, ਗਰੁੱਪ ਡਾਂਸ, ਨੁੱਕੜ ਨਾਟਕ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ ਗਈ! ਇਸੇ ਤਰ੍ਹਾਂ ਸਰਕਾਰੀ ਆਈਟੀਆਈ ਫਾਜ਼ਿਲਕਾ ਦੀਆਂ ਲੜਕੀਆਂ ਦੇ ਗਰੁੱਪ ਡਾਂਸ ਅਤੇ ਸੈਕਰਟ ਹਾਰਟ ਸਕੂਲ ਫਾਜ਼ਿਲਕਾ ਦੇ ਭੰਗੜੇ ਦੀ ਪੇਸ਼ਕਾਰੀ ਨੇ ਸਰੋਤਿਆਂ ਨੂੰ ਝੂਮਣ ਲਾਇਆ! ਮੇਲੇ ਵਿੱਚ ਜਿੱਥੇ ਵੱਖ ਵੱਖ ਕਲਾਕਾਰਾਂ ਨੇ ਰੰਗ ਬੰਨ੍ਹਿਆ, ਓਥੇ ਵਿਸ਼ੇਸ਼ ਤੌਰ ਤੇ ਪੁੱਜੇ ਉੱਘੇ ਪੰਜਾਬੀ ਲੋਕ ਗਾਇਕ ਜਸਵਿੰਦਰ ਜੱਸੀ ਮਾਹੌਲ ਨੇ ਮਾਹੌਲ ਨੂੰ ਹੋਰ ਗਰਮਾਇਆ ਤੇ ਸਮੂਹ ਹਾਜ਼ਰੀਨ ਨੂੰ ਝੂਮਣ ਲਾਇਆ!

ਇਸ ਮੇਲੇ ਵਿੱਚ ਵੱਖ ਵੱਖ ਜ਼ਿਲ੍ਹੇ ਦੇ ਪਿੰਡਾਂ ਤੋਂ ਉੱਦਮੀ ਆਪਣੇ ਉਤਪਾਦ ਲੈ ਕੇ ਪੁੱਜੇ ਤੇ ਮੇਲੇ ਵਿੱਚ ਵੱਖ ਵੱਖ ਤਰ੍ਹਾਂ ਦੇ ਪਕਵਾਨਾਂ, ਸ਼ਿਲਪਕਾਰੀ ਵਸਤਾਂ, ਭਾਸ਼ਾ ਵਿਭਾਗ ਫਾਜ਼ਿਲਕਾ ਵੱਲੋਂ ਕਿਤਾਬਾਂ ਦੀ ਸਟਾਲ, ਜੰਗਲਾਤ ਵਿਭਾਗ ਵਲੋਂ ਪੌਦਿਆਂ ਦੀ ਸਟਾਲ, ਹੱਥੀ ਬਣੇ ਸਾਜੋ ਸਮਾਨ, ਸੁੰਦਰਤਾ ਉਤਪਾਦ, ਵੱਖ ਵੱਖ ਤਰ੍ਹਾਂ ਦੇ ਅਚਾਰ, ਮੁਰੱਬੇ ਆਦਿ ਦੀਆਂ ਸਟਾਲਾਂ ਅਤੇ ਬੱਚਿਆਂ ਦੇ ਮਨੋਰੰਜਨ ਲਈ ਵੱਖ ਵੱਖ ਝੂਲੇ ਲਗਾਏ ਗਏ।

ਜਿੱਥੇ ਆਮ ਲੋਕਾਂ ਵੱਲੋਂ ਮੇਲੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਗਈ ਤੇ ਉੱਥੇ ਹੀ ਮੇਲੇ ਵਿੱਚ ਵੱਖ ਵੱਖ ਸਟਾਲਾਂ ਤੋਂ ਖੂਬ ਖ਼ਰੀਦੋ ਫ਼ਰੋਖ਼ਤ ਕੀਤੀ ਗਈ !ਸਟੇਜ ਸੰਚਾਲਨ ਦੀ ਭੂਮਿਕਾ ਸੁਨੀਲ ਵਰਮਾ ਵੱਲੋਂ ਬਾਖੂਬੀ ਨਿਭਾਈ ਗਈ। ਅੰਤ ਵਿੱਚ ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਪੇਸ਼ਕਾਰੀਆਂ ਕਰਨ ਵਾਲੇ ਸਕੂਲੀ ਬੱਚਿਆਂ ਨੂੰ ਇਨਾਮਾਂ ਨਾਲ ਸਨਮਾਨਿਆ ਗਿਆ!

ਇਸ ਮੌਕੇ ਮੀਨਾਕਸ਼ੀ ਗੁਪਤਾ, ਸ਼ੁਭਮ, ਮੈਡਮ ਨਵਨੀਤ, ਕਿਰਨ ਕੁਮਾਰ ਸਮੇਤ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਨੇ ਸਮਾਗਮ ਦੀ ਸਫ਼ਲਤਾ ਲਈ ਯੋਗਦਾਨ ਪਾਇਆ।

# ਦੁਬਈ 'ਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਜਾਰੀ: ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਈਰਾਨ-ਅਮਰੀਕਾ ਟਕਰਾਅ ਅਤੇ ਮੱਧ ਪੂਰਬ ਵਿੱਚ ਵਧ ਰਹੇ ਤਣਾਅ ਦੇ ਕਾਰਨ, ਪੰਜਾਬ ਸਰਕਾਰ ਸੰਯੁਕਤ ਅਰਬ ਅਮੀਰਾਤ, ਖਾਸ ਕਰਕੇ ਦੁਬਈ ਦੇ ਵੱਖ-ਵੱਖ ਹਵਾਈ ਅੱਡਿਆਂ @ਤੇ ਫਸੇ ਪੰਜਾਬੀਆਂ ਦੀ ਸੁਰੱਖਿਆ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ। ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਫਸੇ ਵਿਅਕਤੀਆਂ ਨਾਲ ਲਗਾਤਾਰ ਸੰਪਰਕ ਵਿੱਚ ਹੈ ਅਤੇ ਉਨ੍ਹਾਂ ਦੀ ਸੁਰੱਖਿਅਤ ਭਾਰਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਠੋਸ ਯਤਨ ਕਰ ਰਹੀ ਹੈ।



ਡਾ. ਰਵਜੋਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਦੁਬਈ ਅਤੇ ਯੂਏਈ ਦੇ ਹੋਰ ਹਵਾਈ ਅੱਡਿਆਂ @ਤੇ ਫਸੇ ਪੰਜਾਬ ਦੇ ਸੈਲਾਨੀਆਂ ਅਤੇ ਪ੍ਰਵਾਸੀਆਂ ਨਾਲ ਟੈਲੀਫੋਨ @ਤੇ ਗੱਲ ਕੀਤੀ। ਉਨ੍ਹਾਂ ਨੇ ਮੌਜੂਦਾ ਸਥਿਤੀ ਅਤੇ ਉੱਥੇ ਆ ਰਹੀਆਂ ਸਮੱਸਿਆਵਾਂ ਬਾਰੇ ਪੁੱਛਗਿੱਛ ਕਰਨ ਲਈ ਐਸ.ਐਸ.ਡੀ. ਗਰਲਜ਼ ਕਾਲਜ, ਬਠਿੰਡਾ ਦੀ ਪ੍ਰਿੰਸੀਪਲ ਨੀਰੂ ਗਰਗ ਨਾਲ ਵੀ ਵਿਸ਼ੇਸ਼ ਤੌਰ ਤੇ ਗੱਲ ਕੀਤੀ।

ਉਨ੍ਹਾਂ ਕਿਹਾ ਕਿ ਰੁਜ਼ਗਾਰ ਜਾਂ ਸੈਰ-ਸਪਾਟੇ ਲਈ ਵਿਦੇਸ਼ ਗਏ ਪੰਜਾਬੀਆਂ ਦੀ ਸੁਰੱਖਿਆ ਸੂਬਾ ਸਰਕਾਰ ਦੀ ਪਹਿਲੀ ਤਰਜੀਹ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਪ੍ਰਭਾਵਿਤ ਲੋਕਾਂ ਦੀ ਸੁਰੱਖਿਅਤ ਅਤੇ ਜਲਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਅਤੇ ਸਬੰਧਤ ਭਾਰਤੀ ਦੂਤਾਵਾਸਾਂ ਨਾਲ ਨਿਰੰਤਰ ਤਾਲਮੇਲ ਵਿੱਚ ਹੈ।

ਇਸ ਨਾਜ਼ੁਕ ਸਥਿਤੀ ਦੇ ਮੱਦੇਨਜ਼ਰ ਡਾ. ਰਵਜੋਤ ਸਿੰਘ ਨੇ ਭਾਰਤ ਦੇ ਵਿਦੇਸ਼ ਮੰਤਰੀ, ਐਸ. ਜੈਸ਼ੰਕਰ ਨੂੰ ਪੱਤਰ ਲਿਖ ਕੇ ਤੁਰੰਤ ਮੀਟਿੰਗ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਮੱਧ ਪੂਰਬ ਵਿੱਚ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਵਧਦੇ ਟਕਰਾਅ ਨੂੰ ਬਹੁਤ ਚਿੰਤਾਜਨਕ ਦੱਸਦਿਆਂ ਕਿਹਾ ਦੱਸਿਆ ਕਿ ਇਸ ਖੇਤਰ ਵਿੱਚ ਰਹਿਣ ਵਾਲੇ ਬਹੁਤ ਸਾਰੇ ਪੰਜਾਬ ਦੇ ਨਾਗਰਿਕਾਂ ਨੂੰ ਮੌਜੂਦਾ ਹਾਲਾਤਾਂ ਵਿੱਚ ਤੁਰੰਤ ਸਹਾਇਤਾ ਅਤੇ ਸੰਭਾਵਿਤ ਨਿਕਾਸੀ ਦੀ ਲੋੜ ਹੋ ਸਕਦੀ ਹੈ।

ਉਨ੍ਹਾਂ ਨੇ ਵਿਦੇਸ਼ ਮੰਤਰੀ ਨੂੰ ਬੇਨਤੀ ਕੀਤੀ ਕਿ ਉਹ ਇਸ ਮੁੱਦੇ @ਤੇ ਜਲਦੀ ਮੀਟਿੰਗ ਤਹਿ ਕਰਨ ਤਾਂ ਜੋ ਕੇਂਦਰ ਅਤੇ ਰਾਜ ਪੱਧਰ @ਤੇ ਇੱਕ ਤਾਲਮੇਲ ਕਾਰਜ ਯੋਜਨਾ ਤਿਆਰ ਕਰਕੇ ਪੰਜਾਬ ਦੇ ਨਾਗਰਿਕਾਂ ਦੀ ਸੁਰੱਖਿਆ ਅਤੇ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਇਆ ਜਾ ਸਕੇ।

ਵਿਦੇਸ਼ਾਂ ਵਿੱਚ ਫਸੇ ਪੰਜਾਬੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਰੋਸਾ ਦਿਵਾਉਂਦੇ ਹੋਏ ਡਾ. ਰਵਜੋਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਹਾਲਾਤ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਅਤੇ ਸਨਮਾਨਜਨਕ ਵਾਪਸੀ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ।

# ਇਸਮਾਈਲਪੁਰ ਦੇ ਨਾ ਰਿਹਾ ਧਨੂੰਰ ਦਾ ਕ੍ਰਿਕਟ ਕੱਪ

**ਮਾਛੀਵਾੜਾ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਾਕ ਮਾਛੀਵਾੜਾ ਸਾਹਿਬ ਦੇ ਨਜ਼ਦੀਕੀ ਪਿੰਡ ਧਨੂੰਰ ਵਿਖੇ ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ,ਗ੍ਰਾਮ ਪੰਚਾਇਤ, ਐਨ.ਆਰ.ਆਈ. ਵੀਰਾਂ ਅਤੇ ਸਹਿਯੋਗੀ ਸੱਜਣਾਂ ਦੀ ਮੱਦਦ ਸਦਕਾ ਤਿੰਨ ਦਿਨਾ ਸਲਾਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ ,ਜਿਸ ਵਿੱਚ ਇਸਮਾਈਲਪੁਰ ਨਜ਼ਦੀਕ ਖੰਨਾ ਦੀ ਟੀਮ ਨੇ ਫਾਈਨਲ ਵਿੱਚ ਧਨੂੰਰ ਦੀ ਟੀਮ ਨੂੰ ਹਰਾ ਕੇ ਪਹਿਲਾ ਇਨਾਮ ਪ੍ਰਾਪਤ ਕੀਤਾ।

ਪ੍ਰਬੰਧਕਾਂ ਵੱਲੋਂ ਪਹਿਲੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਇਸਮਾਈਲਪੁਰ ਦੀ ਟੀਮ ਨੂੰ 41000/ਰੁਪਏ ਨਗਦ ,ਵੱਡਾ ਕੱਪ ਦੇ ਕੇ ਸਨਮਾਨਿਤ ਕੀਤਾ ਗਿਆ ,ਜਦ ਕਿ ਰਨਰ ਅੱਪ ਰਹੀ ਧਨੂੰਰ ਦੀ ਟੀਮ ਨੂੰ 31000/ਰੁਪਏ ਨਗਦ ਅਤੇ ਵੱਡੇ ਕੱਪ ਨਾਲ ਸਨਮਾਨ ਕੀਤਾ ਗਿਆ। ਤੀਜੇ ,ਚੌਥੇ ਤੇ ਪੰਜਵੇਂ ਸਥਾਨਾਂ ਤੇ ਰਹਿਣ ਵਾਲੇ ਟੀਮਾਂ ਨੂੰ ਵੀ 5100/ਰੁਪਏ ਦੇ ਇਨਾਮਾਂ ਨਾਲ ਸਨਮਾਨ ਕੀਤਾ ਗਿਆ ਜਦਕਿ ਇਸ ਮੌਕੇ ਪ੍ਰਸਿੱਧ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਹੋਇਆ॥ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਦੇ ਲਈ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਸਮਰਾਲਾ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ , ਨਗਰ ਕੌਂਸਲ ਮਾਛੀਵਾੜਾ ਪ੍ਰਧਾਨ ਮੋਹਿਤ ਕੁੰਦਰਾ,ਜ਼ਿਲ੍ਹਾ ਪਰਿਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਆਪ ਜ਼ਿਲ੍ਹਾ ਬੀ.ਸੀ. ਵਿੰਗ ਪ੍ਰਧਾਨ ਭੁਪਿੰਦਰ ਸਿੰਘ ਰਠੌਰ,ਉੱਘੇ ਖੇਡ ਪ੍ਰਮੋਟਰ ਸਰਪੰਚ ਪ੍ਰਿਤਪਾਲ ਸਿੰਘ ਪੋਲਾ, ਮਾਛੀਵਾੜਾ ਟਰੈਫਿਕ ਇੰਚਾਰਜ ਜਸਵੀਰ ਸਿੰਘ, ਥਾਣੇਦਾਰ ਬੂਟਾ ਸਿੰਘ, ਦਿਲਵਰ ਸਿੰਘ ਪੰਜਾਬ ਪੁਲਿਸ, ਡਾਕਟਰ ਪਰਵਿੰਦਰ ਸਿੰਘ, ਏ.ਐਸ.ਆਈ. ਸੁਰਿੰਦਰ ਸਿੰਘ,ਸਰਪੰਚ ਗੁਲਜਾਰ ਸਿੰਘ, ਸਾਬਕਾ ਸਰਪੰਚ ਗੁਰਦੇਵ ਸਿੰਘ, ਹਰਵਿੰਦਰ ਸਿੰਘ ਸੋਨੂ, ਮੇਜਰ ਸਿੰਘ ਘੁਮਾਣ, ਏ.ਐਸ.ਆਈ.ਜਤਿੰਦਰ ਭਰਥਲਾ, ਸਰਪੰਚ ਜਸਪ੍ਰੀਤ ਸਿੰਘ, ਤਰਸੇਮ ਸਿੰਘ, ਮੰਗਤ ਸਿੰਘ, ਗੁਰਵੀਰ ਸਿੰਘ ਖੇੜਾ , ਪੰਜ ਸ਼ੀਲਾ ਰਾਣੀ,, ਮਾਸਟਰ ਭਾਰਤ ਭੂਸ਼ਣ, ਗਗਨਦੀਪ ਸਿੱਪੀ, ਸੰਦੀਪ ਸਿੰਘ ਘੁਮਾਣ, ਗੁਰਪ੍ਰੀਤ ਸਿੰਘ ਗੋਪੀ, ਰਾਮ ਸਿੰਘ, ਪੰਚ ਜਰਨੈਲ ਸਿੰਘ ,ਪ੍ਰੀਤਮ ਸਿੰਘ ,ਸੀਲਾ ਰਾਣੀ,ਬਲਦੇਵ ਸਿੰਘ,,ਜੋਧ ਸਿੰਘ, ਓਂਕਾਰ ਸਿੰਘ, ਪ੍ਰਵੀਨ ਸਿੰਘ ਮੌਂਟੀ ,ਵਕੀਲ ਸਿੰਘ, ਦਲੇਰ ਸਿੰਘ, ਸੁੱਚਾ ਸਿੰਘ, ਘੁਮਾਣ ਬ੍ਰਦਰ ਕਨੇਡਾ ਅਮਰੀਕਾ, ਜੋਰਾ ਸਿੰਘ ਕਨੇਡਾ ,ਸਿਮਰਨ ਯੂ.ਐਸ.ਏ. ,ਸਾਹਿਲ ਕਨੇਡਾ, ਗਨੀਸ਼ ਕੌਰੀਆ, ਸਤਨਾਮ ਕਨੇਡਾ ,ਜਸ਼ਨ ਕਨੇਡਾ, ਜਸਕਰਨ ਕਨੇਡਾ ,ਰੂਪ ਕਨੇਡਾ ,ਮੰਗਾ ਯੂ.ਐਸ.ਏ., ਬਲਵਿੰਦਰ ਸਿੰਘ, ਗੁਰਵੀਰ ਘਮਾਣ, ਹਰਸ਼ ਘੁਮਾਣ, ਨਰਵੀਰ ਘੁਮਾਣ ,ਜੱਸਾ ਘੁਮਾਣ, ਗੁਰਸਾਹਿਲ ਘਮਾਣ, ਗੁਰਸੇਵਕ ਘੁਮਾਣ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਅਤੇ ਇਲਾਕਾ ਨਿਵਾਸੀਆਂ ਦਾ ਸਹਿਯੋਗ ਰਿਹਾ। ਇਸ ਟੂਰਨਾਮੈਂਟ 'ਚ ਘੁਮਾਣ ਬ੍ਰਦਰ ਅਮਰੀਕਾ ਕਨੇਡਾ , ਅਤੇ ਜ਼ਿਲ੍ਹਾ ਪਰਿਸ਼ਦ ਉਮੀਦਵਾਰ ਹਰਜੋਤ ਸਿੰਘ ਮਾਂਗਟ ਨੇ ਕਮੈਂਟੇਟਰਾਂ ਅਰਸ਼ੀ ਰਹੀਮਾਬਾਦ, ਜੱਸ ਕਾਲਸਾ, ਸੋਨੀ ਬੋਆਣੀ , ਰਾਮਾ ,ਰਾਜਨ ਮੰਗੂਪੁਰ ਦਾ ਨਗਦ ਇਨਾਮ ਦੇ ਕੇ ਸਨਮਾਨ ਕੀਤਾ। ਟੂਰਨਾਮੈਂਟ ਵਿੱਚ ਬੈਸਟ ਗੇਂਦਬਾਜ਼ ਜੋਤਾ ਅਤੇ ਰਾਜਨ ਨੂੰ ਚੁਣਿਆ ਗਿਆ ਜਿਨਾਂ ਨੂੰ ਟਰਾਫੀ ਨਾਲ ਇਨਾਮ ਦਿੱਤਾ ਗਿਆ। ਡੀ.ਸੀ. ਖੰਨਾ ਨੂੰ ਬੈਸਟ ਬੈਟਸਮੈਨ ਦਾ ਇਨਾਮ ਦਿੱਤਾ ਗਿਆ ਜਦਕਿ, ਸਾਹਿਬ ਇਸਮਾਈਲ ਨੂੰ ਟੂਰਨਾਮੈਂਟ ਦਾ ਬੈਸਟ ਖਿਡਾਰੀ ਚੁਣਿਆ ਗਿਆ। ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ ਗਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਸਮੁੱਚੇ ਪੁੱਜੇ ਖਿਡਾਰੀਆਂ, ਖੇਡ ਪ੍ਰੇਮੀ ਦਰਸ਼ਕਾਂ ਅਤੇ ਦਾਨੀ ਸੱਜਣਾਂ ਦਾ ਇਸ ਟੂਰਨਾਮੈਂਟ ਨੂੰ ਸਫਲ ਬਣਾਉਣ ਤੇ ਧੰਨਵਾਦ ਪ੍ਰਗਟ ਕੀਤਾ। ਪਿੰਡ ਦੇ ਉੱਘੇ ਖਿਡਾਰੀ ਧਰਮਿੰਦਰ ਪੰਜਾਬ ਪੁਲਿਸ ਦਾ ਵੱਡੇ ਕੱਪ ਨਾਲ ਕੀਤਾ ਗਿਆ ਸਨਮਾਨ ਪਿੰਡ ਦੇ ਉੱਗੇ ਕ੍ਰਿਕਟ ਖਿਡਾਰੀ ਧਰਮਿੰਦਰ (ਪੰਜਾਬ ਪੁਲਿਸ ਮੁਲਾਜ਼ਮ )ਦਾ ਵੱਡੇ ਕੱਪ ਅਤੇ ਨਗਦ ਰਾਸ਼ੀ ਨਾਲ ਸਨਮਾਨ ਕੀਤਾ ਗਿਆ ਜੇਕਰ ਯੋਗ ਹੈ ਲੰਬੇ ਸਮੇਂ ਤੋਂ ਕ੍ਰਿਕਟ ਗਰਾਊਂਡ ਨਾਲ ਜੁੜਿਆ ਹੋਇਆ ਧਰਮਿੰਦਰ ਜਿੱਥੇ ਖੇਡ ਗਰਾਊਂਡ ਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਉਪਰਾਲੇ ਕਰਦਾ ਹੈ।

# ਪੰਜਾਬ ਸਖੀ ਸ਼ਕਤੀ ਮੇਲੇ ਦੇ ਦੂਜੇ ਦਿਨ ਦੀ ਸ਼ਾਮ ਸੂਫੀਆਨਾ ਅੰਦਾਜ 'ਚ ਰਹੇ

**ਫਾਜ਼ਿਲਕਾ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਫਾਜ਼ਿਲਕਾ ਦੇ ਪ੍ਰਤਾਪ ਬਾਗ ਵਿਖੇ ਲਗਾਏ ਜਾ ਰਹੇ ਪੰਜਾਬ ਸਖੀ ਸ਼ਕਤੀ ਮੇਲੇ ਦੇ ਦੂਜੇ ਦਿਨ ਦੀ ਸ਼ਾਮ ਸੂਫੀਆਨਾ ਅੰਦਾਜ *ਚ ਬੀਤੀ। ਸੂਫ਼ੀ ਕਲਾਕਾਰ ਰਘੂਨੰਦਨ ਸ਼ਰਮਾ ਤੇ ਸਾਨੀਆ ਨੇ ਆਪਣੀ ਸੂਫੀ ਗਾਇਕੀ ਨਾਲ ਸੂਰਾਂ ਦਾ ਜਲਵਾ ਵਿਖੇਰਿਆ ਤੇ ਹਰ ਕੋਈ ਸੂਫੀ ਗਾਇਕੀ ਤੋਂ ਮੋਹਿਤ ਹੋ ਗਿਆ। ਗਾਇਕਾਂ ਦੇ ਗੀਤਾਂ ਸਾਂਸੋਂ ਕੀ ਮਾਲਾ ਪੇ ਸਿਮਰੂ ਮੈਂ ਤੇਰਾ ਨਾਮ, ਮੈ ਲਾਜਪਾਲਾ ਦੇ ਲੜ ਲਗੀਆ, ਆਓਗੇ ਜਬ ਤੁਮ ਓ ਸੱਜਣਾ, ਜੇ ਤੂੰ ਅੱਖੀਆਂ ਦੇ ਸਾਹਮਣੇ ਨਹੀਂ ਰਹਿਣਾ ਆਦਿ ਗੀਤਾਂ ਨੇ ਦਰਸ਼ਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ ਤੇ ਖੂਬ ਵਾਹ-ਵਾਹ ਬਟੋਰੀ। ਦੋਨੋ ਸੂਫ਼ੀ ਗਾਇਕਾਂ ਨੇ ਸ਼ਾਮ ਦਾ ਰੰਗ ਬਣਦਿਆਂ ਹਰ ਇਕ ਦੀਆਂ ਰੂਹਾਂ ਨੂੰ ਸੂਫੀਆਨਾ ਅੰਦਾਜ *ਚ ਛੂਹ ਲਿਆ। ਇਸ ਸੂਫੀਆਨਾ ਸ਼ਾਮ ਨੂੰ ਸਫਲ ਬਣਾਉਣ ਵਿੱਚ ਰਿੰਕੂ, ਰਾਜਨ,ਵੀਰਪਾਲ,ਪ੍ਰਣਵ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ।



# ਮੇਰਾ ਯੁਵਾ ਭਾਰਤ ਚੰਡੀਗੜ੍ਹ ਨੇ ਵਿਕਸਿਤ ਭਾਰਤ ਯੂਥ ਪਾਰਲੀਮੈਂਟ 2026 ਦਾ ਜ਼ਿਲ੍ਹਾ ਪੱਧਰੀ ਦੌਰ ਆਯੋਜਿਤ ਕੀਤਾ



**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਦੇ ਯੁਵਾ ਮਾਮਲੇ ਅਤੇ ਖੇਡ ਮੰਤਰਾਲੇ ਦੇ ਤਹਿਤ ਮੇਰਾ ਯੁਵਾ ਭਾਰਤ ਚੰਡੀਗੜ੍ਹ ਨੇ ਸੈਕਟਰ 12, ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿਖੇ ਵਿਕਸਿਤ ਭਾਰਤ ਯੂਥ ਪਾਰਲੀਮੈਂਟ 2026 ਦਾ ਜ਼ਿਲ੍ਹਾ ਪੱਧਰੀ ਦੌਰ ਸਫ਼ਲਤਾਪੂਰਵਕ ਆਯੋਜਿਤ ਕੀਤਾ। ਇਸ ਸਮਾਗਮ ਵਿੱਚ 80 ਨੌਜਵਾਨਾਂ ਨੇ ਉਤਸ਼ਾਹਪੂਰਵਕ ਹਿੱਸਾ ਲੈਂਦੇ ਹੋਏ ਐਮਰਜੈਂਸੀ ਦੇ 50 ਵਰ੍ਹੇ: ਭਾਰਤੀ ਲੋਕਤੰਤਰ ਲਈ ਸਬਕ ਵਿਸ਼ੇ ਤੇ ਆਪਣੇ ਵਿਚਾਰ ਪ੍ਰਸਤੁਤ ਕੀਤੇ।

ਇਸ ਪ੍ਰੋਗਰਾਮ ਨੇ ਨੌਜਵਾਨ ਨੂੰ ਇੱਕ ਸਸ਼ਕਤ ਲੋਕਤੰਤਰੀ ਮੰਚ ਪ੍ਰਦਾਨ ਕੀਤਾ, ਜਿੱਥੇ ਉਨ੍ਹਾਂ ਨੇ ਸੰਵਿਧਾਨਿਕ ਕਦਰਾਂ-ਕੀਮਤਾਂ ਤੇ ਚਿੰਤਨ ਕਰਦੇ ਹੋਏ ਭਾਰਤੀ ਲੋਕਤੰਤਰ ਦੀ ਵਿਕਾਸ ਯਾਤਰਾ ਤੇ ਸਾਰਥਕ ਸੰਵਾਦ ਕੀਤਾ। ਪ੍ਰਤੀਭਾਗੀਆਂ ਨੇ ਆਪਣੇ ਆਤਮਵਿਸ਼ਵਾਸ, ਵਿਸ਼ਲੇਸ਼ਣਾਤਮਕ ਸਮਰੱਥਾ ਅਤੇ ਪ੍ਰਭਾਵਸ਼ਾਲੀ ਭਾਸ਼ਣ ਕਲਾ ਦਾ ਉਤਕ੍ਰਿਸ਼ਟ ਪ੍ਰਦਰਸ਼ਨ ਕੀਤਾ।ਰਾਜ ਪੱਧਰੀ ਦੌਰ ਤੋਂ ਤਿੰਨ ਪ੍ਰਤੀਭਾਗੀਆਂ ਨੂੰ ਰਾਸ਼ਟਰੀ ਪੱਧਰ ਤੇ ਚੰਡੀਗੜ੍ਹ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਜਾਵੇਗਾ, ਜਿਸ ਦਾ ਆਯੋਜਨ ਸੰਵਿਧਾਨ ਸਦਨ, ਨਵੀਂ ਦਿੱਲੀ ਵਿਖੇ ਕੀਤਾ ਜਾਵੇਗਾ।ਇਸ ਸਮਾਗਮ ਵਿੱਚ ਜਸਮਨਪ੍ਰੀਤ ਸਿੰਘ, ਸੀਨੀਅਰ ਡਿਪਟੀ ਮੇਅਰ, ਚੰਡੀਗੜ੍ਹ, ਮੁੱਖ ਮਹਿਮਾਨ ਦੇ ਰੂਪ ਵਿੱਚ ਉਪਸਥਿਤ ਰਹੇ। ਉਨ੍ਹਾਂ ਨੇ ਪ੍ਰਤੀਭਾਗੀਆਂ ਦੀ ਉਨ੍ਹਾਂ ਦੇ ਸੂਝਵਾਨ ਵਿਚਾਰ-ਵਟਾਂਦਰੇ ਲਈ ਸ਼ਲਾਘਾ ਕਰਦੇ ਹੋਏ ਨੌਜਵਾਨਾਂ ਨੂੰ ਰਾਸ਼ਟਰ ਨਿਰਮਾਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ। ਨਿਰਣਾਇਕ ਮੰਡਲ ਵਿੱਚ ਪ੍ਰੋ. ਦਿਵਯਾ ਮੋਂਗਾ, ਸ਼੍ਰੀ ਈਸ਼ਾਨ ਭੂਟਾਨੀ, ਪ੍ਰੋ. ਸੁਨੀਲ ਦੱਤ, ਡਾ. ਅਮਨਦੀਪ ਸਿੰਘ ਅਤੇ ਸ਼੍ਰੀਮਤੀ ਧੀਰਜਾ ਸ਼ਰਮਾ ਸ਼ਾਮਲ ਸਨ। ਨਿਰਣਾਇਕਾਂ ਨੇ ਪ੍ਰਤੀਭਾਗੀਆਂ ਦਾ ਮੁੱਲਾਂਕਣ ਵਿਸ਼ੇ ਦੀ ਪ੍ਰਾਸੰਗਿਕਤਾ, ਸੰਵਿਧਾਨਕ ਸਮਝ, ਅਭਿਵਿਅਕਤੀ ਕੌਸ਼ਲ ਅਤੇ ਸੰਪੂਰਨ ਪ੍ਰਸਤੁਤੀ ਦੇ ਅਧਾਰ @ਤੇ ਕੀਤਾ।ਜੇਤੂਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਦਿੱਤੇ ਗਏ, ਜਦਕਿ ਸਾਰੇ ਪ੍ਰਤੀਭਾਗੀਆਂ ਨੂੰ ਭਾਗੀਦਾਰੀ ਦੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਫ਼ਲ ਆਯੋਜਨ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਅਤੇ ਲੋਕਤੰਤਰੀ ਸ਼ਮੂਲੀਅਤ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਮੇਰਾ ਯੁਵਾ ਭਾਰਤ ਦੀ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ, ਜੋ ਵਿਕਸਿਤ ਭਾਰਤ ਦੇ ਸੰਕਲਪ ਦੇ ਅਨੁਰੂਪ ਹੈ।

ਕਿਸੇ ਵਿਅਕਤੀ ਬਾਰੇ ਕੁਝ ਮਾੜਾ ਕਹਿਣ ਵਾਲੇ ਦੇ ਦਿਮਾਗ਼ ਅੰਦਰ ਮਾੜੀ ਸ਼ਬਦਾਵਲੀ ਦਾ ਭੰਡਾਰ ਭਰਿਆ ਹੁੰਦਾ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੰਦਗੀ ਬਾਹਰ ਸੁੱਟਣ ਵਾਲੇ ਕੋਲ ਇਸ ਤੋਂ ਬਿਨਾਂ ਕੁਝ ਨਹੀਂ ਹੁੰਦਾ। ਇਸ ਦੇ ਉਲਟ ਜਿਸ ਦੇ ਮਨ ਅੰਦਰ ਸਿਰਫ਼ ਚੰਗਿਆਈ ਭਰੀ ਹੋਵੇਗੀ, ਉਹ ਚੁਫ਼ੇਰੇ ਖ਼ੁਸ਼ਬੂ ਹੀ ਫੈਲਾਏਗਾ…



• ਡਾ. ਹਰਸ਼ਿੰਦਰ ਕੌਰ
0175-2216783



# ਕਾਲੇ ਲਿਖੁ ਨ ਲੇਖ

"ਫਰੀਦਾ ਜੇ ਤੂ ਅਕਲਿ ਲਤੀਫੁ
ਕਾਲੇ ਲਿਖੁ ਨਾ ਲੇਖ
ਆਪਨੜੇ ਗਿਰੀਵਾਨ ਮਹਿ
ਸਿਰੁ ਨੀਵਾਂ ਕਰਿ ਦੇਖੁ।"
(ਅੰਗ 1378)

ਬਾਬਾ ਫ਼ਰੀਦ ਜੀ ਨੇ ਸਮਝਾਇਆ ਹੈ ਕਿ ਜੇ ਤੂੰ ਸਮਝਦਾਰ ਹੈ ਤਾਂ ਹੋਰ ਬੰਦਿਆਂ ਦੇ ਮੰਦੇ ਕਰਮਾਂ ਦੀ ਪੜਚੋਲ ਨਾ ਕਰ। ਆਪਣੀ ਬੁੱਕਲ ਵਿਚ ਮੂੰਹ ਪਾ ਕੇ ਵੇਖ ਕਿ ਤੇਰੇ ਆਪਣੇ ਕਰਮ ਕੈਸੇ ਹਨ। ਇਸ ਤੋਂ ਪਹਿਲਾਂ ਕਿ ਇਸ ਬਾਰੇ ਹੋਰ ਵਿਸਤਾਰ ਨਾਲ ਗੱਲ ਕਰੀਏ, ਵਿਗਿਆਨਿਕ ਪੱਖੋਂ ਸਾਬਤ ਹੋ ਚੁੱਕੇ ਤੱਥਾਂ ਵੱਲ ਧਿਆਨ ਕਰਨ ਦੀ ਲੋੜ ਹੈ।

- ਆਪਣੇ ਬਾਰੇ ਕੁੱਝ ਵੀ ਮਾੜਾ ਸੁਣਦੇ ਸਾਰ ਦਿਮਾਗ਼ ਅੰਦਰ 'ਨੈਗੇਟਿਵ ਬਰੇਨ ਐਕਟੀਵਿਟੀ' ਰਿਕਾਰਡ ਹੋਣੀ ਸ਼ੁਰੂ ਹੋ ਜਾਂਦੀ ਹੈ ਜਿਸ ਦਾ ਅਸਰ ਕੁਝ ਘੰਟਿਆਂ, ਮਹੀਨਿਆਂ ਜਾਂ ਸਾਲਾਂ ਬੱਧੀ ਰਹਿ ਸਕਦਾ ਹੈ। ਇਹ ਸਭ ਕਿਸੇ ਦੀ ਸ਼ਖ਼ਸੀਅਤ ਉੱਤੇ ਆਧਾਰਿਤ ਹੁੰਦਾ ਹੈ ਕਿ ਕਿੰਨੀ ਦੇਰ ਤਕ ਉਸਨੇ ਅਜਿਹੀ ਗੱਲ ਦਿਮਾਗ਼ ਅੰਦਰ ਵਸਾ ਕੇ ਰੱਖਣੀ ਹੈ।
- ਨਕਾਰਾਤਮਕ ਤਰੰਗਾਂ ਸਰੀਰ ਅੰਦਰਲੇ ਇਮਿਊਨ ਸਿਸਟਮ ਦੇ ਕੰਮ ਕਾਰ ਨੂੰ ਘਟਾ ਦਿੰਦੀਆਂ ਹਨ ਤੇ ਸਰੀਰ ਬੀਮਾਰੀਆਂ ਛੇਤੀ ਫੜਨ ਲੱਗ ਪੈਂਦਾ ਹੈ।
- ਮਾੜੀ ਸ਼ਬਦਾਵਲੀ ਜਾਂ ਮਾੜੀ ਖ਼ਬਰ ਸੁਣਨ ਪੜ੍ਹਨ ਨਾਲ ਇਕਦਮ ਹਾਰਟ ਅਟੈਕ ਜਾਂ ਪਾਸਾ ਮਾਰੇ ਜਾਣ ਦਾ ਖ਼ਤਰਾ 32 ਫੀਸਦੀ ਵੱਧ ਹੋ ਜਾਂਦਾ ਹੈ।
- ਮਾੜਾ ਸੁਣਨ ਨਾਲ ਦਿਮਾਗ਼ ਦੇ ਹਿੱਪੋਕੈਂਪਸ ਹਿੱਸੇ ਵਿਚਲੇ ਨਿਊਰੋਨ ਸੈੱਲਾਂ ਦਾ ਕੰਮਕਾਰ ਘਟ ਜਾਂਦਾ ਹੈ ਜਿਸ ਨਾਲ ਸੋਚਣ ਸਮਝਣ ਤੇ ਯਾਦਾਸ਼ਤ ਦਾ ਕੰਮਕਾਰ ਵੀ ਇਕਦਮ ਘੱਟ ਜਾਂਦਾ ਹੈ। ਇਸੇ ਕਰਕੇ ਬੰਦਾ ਤੁਰੰਤ ਭੜਕ ਸਕਦਾ ਹੈ ਜਾਂ ਖ਼ੁਦਕੁਸ਼ੀ ਤਕ ਕਰ ਸਕਦਾ ਹੈ।
- ਮਾੜਾ ਬੋਲਣ ਵਾਲੇ ਦੇ ਆਪਣੇ ਮਨ ਅੰਦਰ ਸੁਨੇਹਿਆਂ ਦਾ ਹੜ੍ਹ ਨਿਕਲ ਪੈਂਦਾ ਹੈ ਤੇ ਕਈ ਹਾਰਮੋਨ ਵੀ ਨਿਕਲ ਪੈਂਦੇ ਹਨ ਜੋ ਕਲੀਨੀਕਲ ਸਾਈਕੋਲੋਜੀ ਜਰਨਲ ਵਿਚ ਛਪੀ ਖੋਜ ਅਨੁਸਾਰ ਦੋ ਤਰ੍ਹਾਂ ਦਾ ਅਸਰ ਪਾਉਂਦੇ ਹਨ।

**ਪਹਿਲਾ** - 50 ਫ਼ੀਸਦੀ ਲੋਕਾਂ ਦੇ ਆਪਣੇ ਮਨ ਅੰਦਰਲੀ ਅਸੁਰੱਖਿਆ, ਕੁਝ ਹਾਸਲ ਨਾ ਕਰ ਸਕਣ ਦਾ ਗੁੱਸਾ ਤੇ ਹਉਮੈ ਦਾ ਗੁਬਾਰ ਬਦੋਬਦੀ ਉਸ ਵਿਰੁੱਧ ਬੋਲਣ ਨੂੰ ਉਕਸਾਉਂਦਾ ਹੈ ਜੋ ਅਗਾਂਹ ਲੰਘਿਆ ਹੋਇਆ ਜਾਪੇ।

**ਦੂਜਾ** - ਕਿਸੇ ਵਿਰੁੱਧ ਮਾੜਾ ਬੋਲਣ ਵਾਲੇ ਦੇ ਆਪਣੇ ਦਿਮਾਗ਼ ਵਿਚਲੇ ਅਮਿਗਡਲਾ ਹਿੱਸੇ ਤੇ ਰਖੀ-ਫਰੰਟਲ ਹਿੱਸੇ ਵਿਚਲੀਆਂ ਤਰੰਗਾਂ ਸਹੀ ਸੋਚ ਨੂੰ ਟਿਕਣ ਹੀ ਨਹੀਂ ਦਿੰਦੀਆਂ। ਥੈਲਮਸ ਹਿੱਸੇ ਦੇ ਅਸਰ ਹੇਠ ਤੇਜ਼ ਧੜਕਨ, ਰਤਾ ਵਧਿਆ ਬਲੱਡ ਪ੍ਰੈਸ਼ਰ ਤੇ ਘਬਰਾਹਟ ਦੇ ਲੱਛਣ ਦਿਸਣ ਲੱਗ ਪੈਂਦੇ ਹਨ।

- ਲਗਾਤਾਰ ਦੂਜੇ ਨੂੰ ਢਾਹੁਣ ਲਈ ਕੋਸ਼ਿਸ਼ ਕਰਨ ਵਾਲਿਆਂ ਦੇ ਮੂਡ ਵਿਚ ਤਬਦੀਲੀ, ਹਲਕੇ ਮਾਨਸਿਕ ਰੋਗ ਤੋਂ ਲੈ ਕੇ ਢਹਿੰਦੀ ਕਲਾ, ਸਕੀਜ਼ੋਫਰੀਨੀਆ ਜਾਂ ਟਿਕ ਕੇ ਨਾ ਬਹਿ ਸਕਣ ਤੇ ਨੀਂਦਰ ਪੂਰੀ ਨਾ ਲੈ ਸਕਣ ਦੇ ਲੱਛਣ ਵੀ ਲੱਭੇ ਗਏ ਹਨ।
- ਇਹ ਵੀ ਵੇਖਣ ਵਿਚ ਆਇਆ ਹੈ ਕਿ ਜਿਹੜਾ ਸਿਰਫ਼ ਹੀ ਦੂਜੇ ਵਿਚ ਨੁਕਸ ਲੱਭਦਾ ਰਹੇ ਤੇ ਹਮੇਸ਼ਾ ਦੂਜੇ ਨੂੰ ਨੀਵਾਂ ਵਿਖਾਉਣ ਦੇ ਚੱਕਰ ਵਿਚ ਪਿਆ ਰਹੇ, ਉਸ ਦੇ ਦਿਮਾਗ਼ ਵਿਚ ਸਦੀਵੀ ਤਬਦੀਲੀ ਆ ਜਾਂਦੀ ਹੈ। ਦਿਮਾਗ਼ ਵਿਚ 'ਵਾਈਟ ਮੈਟਰ', ਜੋ ਜੋੜ ਬਣਾਉਂਦਾ ਹੈ, ਵੱਧ ਹੋ ਜਾਂਦਾ ਹੈ ਤੇ 'ਗਰੇ ਮੈਟਰ' ਜੋ ਪੂਰੀ ਜਾਣਕਾਰੀ ਸਾਂਭਣ ਤੇ ਵਿਦਵਤਾ ਦਾ ਭੰਡਾਰ ਹੁੰਦਾ ਹੈ, ਘੱਟ ਜਾਂਦਾ ਹੈ।

ਅਜਿਹਾ ਹੋਣ ਸਦਕਾ ਜੋ ਜਾਣਕਾਰੀ ਹਾਸਲ ਵੀ ਹੋਵੇ, ਉਸ ਨੂੰ ਸਮਝ ਕੇ ਲਾਗੂ ਕਰਨ ਵਿਚ ਗ਼ਲਤੀਆਂ ਹੋਣ ਲੱਗ ਪੈਂਦੀਆਂ ਹਨ।

ਸਾਡਾ ਦਿਮਾਗ਼ ਗ਼ਲਤੀਆਂ ਨੂੰ ਛੇਤੀ ਫੜਦਾ ਹੈ। ਇਸੇ ਲਈ ਕਿਸੇ ਵੱਲੋਂ ਕੀਤੀ ਭਲਾਈ ਭਾਵੇਂ ਭੁੱਲ ਜਾਵੇ, ਪਰ ਕਿਸੇ ਵੱਲੋਂ ਕੀਤਾ ਹਲਕਾ ਮਾੜਾ ਵਰਤਾਰਾ ਵੀ ਪੱਕੀ ਯਾਦ ਬਣ ਜਾਂਦੀ ਹੈ।

ਇਹੀ ਕਾਰਨ ਹੈ ਕਿ ਪੂਰੀ ਉਮਰ ਪਿਆਰ ਨਾਲ ਪਾਲਿਆ ਆਪਣਾ ਹੀ ਬੱਚਾ ਕਿਸੇ ਵੇਲੇ ਦੀ ਹਲਕੀ ਝਿੜਕ ਜਾਂ ਥੱਪੜ ਵੱਜਣ ਉੱਤੇ ਮਾਪਿਆਂ ਨੂੰ ਜਾਨੋਂ ਵੀ ਮਾਰ ਦਿੰਦਾ ਹੈ ਕਿਉਂਕਿ ਉਸ ਸਮੇਂ ਸੋਚਣ ਸਮਝਣ ਤੇ ਤਰਕ ਕਰਨ ਦੀ ਸਮਰਥਾ ਖ਼ਤਮ ਹੋ ਜਾਂਦੀ ਹੈ।

ਕਿਸੇ ਬਾਰੇ ਮਾੜਾ ਕਹਿਣ ਵਾਲੇ ਦੇ ਦਿਮਾਗ਼ ਅੰਦਰ ਮਾੜੀ ਸ਼ਬਦਾਵਲੀ ਦਾ ਭੰਡਾਰ ਭਰਿਆ ਹੁੰਦਾ ਹੈ। ਇਸ ਤੋਂ ਸਪਸ਼ਟ ਹੋ ਗਿਆ ਕਿ ਉਹ ਗੰਦਗੀ ਹੀ ਬਾਹਰ ਕੱਢੇਗਾ। ਇਸ ਦੇ ਉਲਟ ਜਿਸ ਵਿਅਕਤੀ ਦੇ ਮਨ ਅੰਦਰ ਸਿਰਫ਼ ਚੰਗਿਆਈ ਭਰੀ ਹੋਵੇਗੀ, ਉਹ ਚੁਫ਼ੇਰੇ ਖ਼ੁਸ਼ਬੂ ਹੀ ਫੈਲਾਏਗਾ।

### ਨਵੀਂ ਖੋਜ

ਦੁਨੀਆ ਭਰ ਦੇ 30,000 ਨਿਊਰੋਸਾਇੰਟਿਸਟ ਡਾਕਟਰ ਨਿਊ ਓਰਲੀਨਜ਼ ਕਨਵੈਨਸ਼ਨ ਸੈਂਟਰ ਵਿਖੇ ਸੰਨ 2012 ਵਿਚ ਇਕੱਠੇ ਹੋਏ ਸਨ ਜਿੱਥੇ ਉਨ੍ਹਾਂ ਵੱਲੋਂ ਇਕੱਠੇ ਕੀਤੇ ਗਏ ਤੱਥਾਂ ਦੇ ਆਧਾਰ ਉੱਤੇ ਕੁੱਝ ਫ਼ੈਸਲੇ ਲਏ ਗਏ। ਉਹ ਸਨ :-

- ਜਿੰਨੀ ਛੋਟੀ ਉਮਰ ਵਿਚ ਬੱਚੇ ਨੂੰ ਮਾੜੀ ਸ਼ਬਦਾਵਲੀ ਸੁਣਨੀ ਪੈ ਜਾਵੇ, ਓਨਾ ਹੀ ਬੱਚੇ ਅੰਦਰ ਮਾਨਸਿਕ ਵਿਗਾੜ ਵੱਧ ਹੋਵੇਗਾ ਤੇ ਓਨਾ ਹੀ ਉਹ ਦੂਜਿਆਂ ਦੀ ਨਿਖੇਧੀ ਵੱਧ ਕਰੇਗਾ।
- ਯੂਨੀਵਰਸਿਟੀ ਆਫ ਵਿਨਕਾਨਸਿਨ ਵਿਚ 12 ਵਰ੍ਹਿਆਂ ਦੇ ਤ੍ਰਿਸਕਾਰੇ ਗਏ ਬੱਚੇ ਅਤੇ ਯਤੀਮ ਬੱਚਿਆਂ ਦੇ ਦਿਮਾਗ਼ ਦੇ ਸਕੈਨ ਕਰਨ ਉੱਤੇ ਪਤਾ ਲੱਗਿਆ ਕਿ ਉਨ੍ਹਾਂ ਦੇ ਅਮਿਗਡਲਾ ਤੇ ਹਿੱਪੋਕੈਂਪਸ ਦੂਜੇ ਉਨ੍ਹਾਂ ਬੱਚਿਆਂ ਨਾਲੋਂ ਆਕਾਰ ਵਿਚ ਕਾਫੀ ਛੋਟੇ ਸਨ ਜਿਹੜੇ ਪਿਆਰ ਨਾਲ ਪਾਲੇ ਜਾ ਰਹੇ ਸਨ।
- ਇਨ੍ਹਾਂ ਤਿਰਸਕਾਰੇ ਗਏ ਬੱਚਿਆਂ ਦੇ ਮਨਾਂ ਵਿਚ ਅਥਾਹ ਗੁੱਸਾ, ਛੇਤੀ ਭੜਕਾਹਟ ਵਿਚ ਆ ਜਾਣਾ, ਗੱਲ ਗੱਲ ਤੇ ਗਾਲਾਂ ਕੱਢਣੀਆਂ, ਬਦਲਾਲਊ ਭਾਵਨਾ ਪਾਲਣੀ, ਹਰ ਕਿਸੇ ਵਿਚ ਨੁਕਸ ਕੱਢਣਾ, ਤਸੱਲੀ ਨਾ ਮਹਿਸੂਸ ਹੋਣੀ, ਤਰਕ ਨਾ ਕਰ ਸਕਣਾ, ਲੜਾਈ ਕਰਨੀ, ਨਸ਼ਾ ਕਰਨਾ, ਢਹਿੰਦੀ ਕਲਾ ਵਿਚ ਜਾਣਾ, ਆਦਿ ਵੇਖੇ ਗਏ।
- ਵੀਹ ਸਾਲ ਤਕ ਤ੍ਰਿਸਕਾਰੇ ਗਏ ਲੋਕਾਂ ਉੱਤੇ ਕੀਤੀ ਖੋਜ ਕਰਨ ਬਾਅਦ ਪਤਾ ਲੱਗਿਆ ਕਿ ਉਨਾਂ ਦੇ ਸਰੀਰ ਵੀ ਰੋਗੀ ਹੋ ਗਏ ਸਨ। ਬਹੁਤਿਆਂ ਨੂੰ ਦਿਲ ਦੇ ਰੋਗ ਤੇ ਸ਼ੱਕਰ ਰੋਗ ਹੋ ਗਏ ਸਨ ਤੇ ਕਈ ਸੜਕਾਂ ਉੱਤੇ ਤੇਜ਼ ਵਾਹਨ ਚਲਾਉਣ ਸਦਕਾ ਐਕਸੀਡੈਂਟ ਵਿਚ ਮਾਰੇ ਗਏ ਸਨ।
- ਉਸੇ ਕਾਨਫਰੰਸ ਵਿਚ ਦੇਰੀਓ ਮੈਸਤਰੀਪੀਰੀ ਨੇ ਬਾਂਦਰਾਂ ਉੱਤੇ ਖੋਜ ਕਰ ਕੇ ਦੱਸਿਆ ਕਿ ਜਿਹੜੀਆਂ ਬਾਂਦਰੀਆਂ ਆਪਣੇ ਬੱਚਿਆਂ ਨੂੰ ਮਾਰ-ਕੁੱਟ ਜਾਂ ਝਿੜਕ ਰਹੀਆਂ ਸਨ, ਉਨਾਂ ਦੇ ਬੱਚਿਆਂ ਦੇ ਸਰੀਰ ਅੰਦਰ ਸਿਰੋਟੋਨਿਨ ਘੱਟ ਗਿਆ ਸੀ ਤੇ ਉਹ ਵੀ ਅੱਗੋਂ ਵੱਡੇ ਹੋ ਕੇ ਆਪਣੇ ਬੱਚਿਆਂ ਨਾਲ ਮਾਰ ਕੁਟਾਈ ਕਰ ਰਹੇ ਸਨ।

ਉਸ ਇਹ ਵੀ ਦੱਸਿਆ ਕਿ ਜਿਹੜੇ ਨਿੱਕੇ ਬਾਂਦਰ ਆਪਣੇ ਮਾਂ ਜਾਂ ਪਿਓ ਕੋਲੋਂ ਮਾਰ ਖਾਂਦੇ ਸਨ, ਉਨ੍ਹਾਂ ਵਿੱਚੋਂ ਜਿਨ੍ਹਾਂ ਨੂੰ ਕਿਸੇ ਸਾਥੀ ਬਾਂਦਰ ਵੱਲੋਂ ਪਿਆਰ ਮਿਲ ਗਿਆ, ਉਨ੍ਹਾਂ ਦੇ ਸਰੀਰ ਦੀ ਸਿਰੋਟੋਨਿਨ ਦੀ ਮਾਤਰਾ ਕੁਝ ਵੱਧ ਗਈ ਤੇ ਅਜਿਹੇ ਬਾਂਦਰਾਂ ਵਿੱਚੋਂ ਲਗਪਗ ਅੱਧਿਆਂ ਨੇ ਅੱਗੋਂ ਆਪਣੇ ਬੱਚਿਆਂ ਨਾਲ ਮਾਰ ਕੁਟਾਈ ਨਹੀਂ ਕੀਤੀ। ਉਸ ਆਪਣੇ ਲੈਕਚਰ ਵਿਚ ਸਪਸ਼ਟ ਕੀਤਾ ਕਿ ਇੰਜ ਹੀ ਮਨੁੱਖੀ ਵਿਹਾਰ ਹੁੰਦਾ ਹੈ। ਮਾਨਸਿਕ ਵਿਗਾੜ ਵਾਲਾ ਬੰਦਾ ਖਿਝ ਜਾਂ ਗੁੱਸੇ ਨਾਲ ਨਹੀਂ ਬਲਕਿ ਪਿਆਰ ਨਾਲ ਹੀ ਠੀਕ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਇਹ ਵੀ ਸਪਸ਼ਟ ਹੋ ਗਿਆ ਕਿ ਮਾਰ ਕੁਟਾਈ ਕਰਨ ਵਾਲੇ ਜਾਂ ਮਾੜੀ ਸ਼ਬਦਾਵਲੀ ਬੋਲਣ ਵਾਲੇ ਦੇ ਆਪਣੇ ਦਿਮਾਗ਼ ਅੰਦਰ ਨੁਕਸ ਹੁੰਦਾ ਹੈ। ਮੇਰੇ ਕਹਿਣ ਨੂੰ ਤਾਂ ਹੁਣ ਕੁਝ ਨਹੀਂ ਰਹਿ ਗਿਆ ਜਦੋਂ ਖੋਜਾਂ ਨੇ ਹੀ ਸਪਸ਼ਟ ਕਰ ਦਿੱਤਾ ਹੋਵੇ ਕਿ ਦੂਜੇ ਬੰਦੇ ਵਿਚ ਨੁਕਸ ਕੱਢਣ ਵਾਲੇ ਦੇ ਆਪਣੇ ਅੰਦਰ ਬਥੇਰੇ ਨੁਕਸ ਹੁੰਦੇ ਹਨ ਤੇ ਦੂਜੇ ਵਾਸਤੇ ਮਾੜੀ ਸ਼ਬਦਾਵਲੀ ਬੋਲਣ ਵਾਲਾ ਆਪ ਹੀ ਕੂੜੇ ਦਾ ਭਰਿਆ ਟਰੱਕ ਹੁੰਦਾ ਹੈ।

ਜਿਹੜੇ ਹਾਲੇ ਵੀ ਨਹੀਂ ਮੰਨਦੇ ਉਹ ਗੁਰਬਾਣੀ ਵਿੱਚੋਂ ਹੀ ਸਮਝ ਲੈਣ ਕਿ ਕਿਸੇ ਹੋਰ ਬਾਰੇ ਪੜਚੋਲ ਕਰਨ ਤੋਂ ਪਹਿਲਾਂ ਆਪਣੇ ਬੁੱਕਲ ਵਿਚ ਮੂੰਹ ਪਾ ਕੇ ਵੇਖ ਲੈਣਾ ਚਾਹੀਦਾ ਹੈ! •



• ਪ੍ਰੋ. ਧਰਮਜੀਤ ਸਿੰਘ ਮਾਨ
94784-60084

ਸੰਜਮ ਦੀ ਅਵਸਥਾ 'ਚ ਇਨਸਾਨ ਸ਼ਾਂਤ ਚਿੱਤ ਆਪਣੇ ਕੰਮ 'ਚ ਜੁੱਟਿਆ ਰਹਿੰਦਾ ਹੈ। ਹੌਲੀ-ਹੌਲੀ ਚਲਦਾ ਇਨਸਾਨ ਜ਼ਿੰਦਗੀ 'ਚ ਬਹੁਤ ਕੁਝ ਹਾਸਿਲ ਕਰ ਸਕਦਾ ਹੈ ਪਰ ਬੇਚੈਨ ਮਨ ਸਰੀਰ ਨੂੰ ਬੇਚੈਨ ਕਰ ਦਿੰਦਾ ਹੈ ਅਤੇ ਇਨਸਾਨ ਕੋਈ ਵੀ ਪ੍ਰਾਪਤੀ ਕਰਨ ਤੋਂ ਪੱਛੜ ਜਾਂਦਾ ਹੈ…

# ਸੰਜਮ 'ਚੋਂ ਤਲਾਸ਼ਣੀ ਹੋਵੇਗੀ ਬੇਲਗਾਮ ਇੱਛਾਵਾਂ ਦੀ ਦਵਾ



ਮਹਾਤਮਾ ਬੁੱਧ ਮਨੁੱਖ ਦੀਆਂ ਬੇਲਗਾਮ ਇੱਛਾਵਾਂ ਨੂੰ ਉਸਦੇ ਦੁੱਖਾਂ ਦਾ ਮੂਲ ਕਾਰਨ ਦੱਸਦੇ ਹਨ। ਨਾ ਪੂਰੀਆਂ ਹੋਣ ਵਾਲੀਆਂ ਇਹ ਇੱਛਾਵਾਂ ਮਨੁੱਖੀ ਮਨ ਨੂੰ ਬੇਚੈਨ ਕਰਦੀਆਂ ਹਨ। ਮਨੁੱਖੀ ਸਰੀਰ ਅਤੇ ਮਾਨਸਿਕ ਹਾਲਾਤ 'ਤੇ ਬੇਚੈਨੀ ਦਾ ਬੇਹੱਦ ਬੁਰਾ ਪ੍ਰਭਾਵ ਪੈਂਦਾ ਹੈ ਜਦਕਿ ਸ਼ਾਂਤ ਅਤੇ ਟਿਕਾਊ ਮਨ ਚਿਹਰੇ ਨੂੰ ਚਮਕ ਅਤੇ ਸਰੀਰ ਨੂੰ ਤਾਕਤ ਦਿੰਦਾ ਹੈ। ਵਧੀ ਲਾਲਸਾ ਅਤੇ ਪੈਸੇ ਜੋੜਨ ਦੀ ਲੱਗੀ ਦੌੜ ਕਾਰਨ ਅੱਜ ਮਨੁੱਖੀ ਮਨ ਬੁਰੀ ਤਰ੍ਹਾਂ ਬੇਕਾਬੂ ਅਤੇ ਬੇਚੈਨ ਹੋ ਚੁੱਕਿਆ ਹੈ ਜਿਸ ਉੱਤੇ ਕਾਬੂ ਪਾਉਣਾ ਨਾਮੁਮਕਿਨ ਨਜ਼ਰ ਆ ਰਿਹਾ ਹੈ। ਹਾਲਾਤ ਇਹ ਹਨ ਕਿ ਜਿਸ ਕੋਲ ਖਾਣ ਲਈ ਘੱਟ ਹੈ ਅਤੇ ਪਹਿਨਣ ਲਈ ਥੋੜ੍ਹਾ ਹੈ ਉਸਦੀ ਕੋਸ਼ਿਸ਼ ਕੁਝ ਹੋਰ ਵਧੀਆ ਖਾਣ ਅਤੇ ਪਹਿਨਣ ਦੀ ਹੈ ਅਤੇ ਜਿਸ ਕੋਲ ਪੈਸਾ ਵੀ ਹੈ ਅਤੇ ਲੋਕਾਂ 'ਚ ਚੰਗੀ ਪਛਾਣ ਵੀ ਉਸ ਦੀ ਚਾਹਨਾਂ ਕੁੱਝ ਹੋਰ ਪੈਸੇ ਜੋੜ ਕੇ ਅਮੀਰਾਂ ਦੀ ਸੂਚੀ 'ਚ ਉਪਰਲਾ ਸਥਾਨ ਹਾਸਿਲ ਕਰਨ ਦੀ ਹੈ। ਇਹ ਸਿਲਸਿਲਾ ਮਨੁੱਖੀ ਜ਼ਿੰਦਗੀ ਦਾ ਇਕ ਹਿੱਸਾ ਬਣ ਚੁੱਕਿਆ ਹੈ ਜੋ ਉਸ ਦਾ ਮੌਤ ਤਕ ਖਹਿੜਾ ਨਹੀਂ ਛੱਡਦਾ।

ਅੱਜ ਕੱਲ੍ਹ ਦੀ ਤੇਜ਼ ਤਰਾਰ ਜ਼ਿੰਦਗੀ ਨੇ ਇਨਸਾਨ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਡਾਵਾਂਡੋਲ ਕਰ ਦਿੱਤਾ ਹੈ। ਰੋਜ਼ਾਨਾ ਹੁੰਦੇ ਕਤਲਾਂ ਅਤੇ ਝਗੜਿਆਂ ਦਾ ਮੁੱਖ ਕਾਰਨ ਬੇਚੈਨ ਮਨ ਹਨ ਜੋ ਚੈਨ ਨੂੰ ਤਲਾਸ਼ਣ ਦੀ ਕੋਸ਼ਿਸ਼ 'ਚ ਵੱਡੇ-ਵੱਡੇ ਗੁਨਾਹ ਕਰਦੇ ਹਨ ਅਤੇ ਗੁਨਾਹ ਕਰਨ ਤੋਂ ਬਾਅਦ ਆਪਣੇ ਕੀਤੇ 'ਤੇ ਪਛਤਾਉਂਦੇ ਹਨ। ਨਿਤਾਣਿਆਂ ਦੀ ਖੱਲ ਉਧੇੜ ਕੇ ਕਮਾਇਆ ਜਾ ਰਿਹਾ ਪੈਸਾ ਸਮਾਜ ਵਿਚਲੇ ਬੇਚੈਨ ਮਨਾਂ ਦੀ ਤਸਵੀਰ ਪੇਸ਼ ਕਰਦਾ ਹੈ। ਇਹ ਟੁੱਟਦੇ ਸੰਜਮ ਦਾ ਹੀ ਕਾਰਨ ਹੈ ਕਿ ਮਹਿੰਗੀਆਂ ਕਦਰਾਂ ਕੀਮਤਾਂ ਵਾਲੀ ਇਸ ਧਰਤੀ 'ਤੇ ਅੱਜ ਹਰ ਚੀਜ਼ ਨਿਲਾਮ ਹੋ ਰਹੀ ਹੈ। ਛੇਤੀ ਅਮੀਰ ਬਣਨ ਦੀ ਲਾਲਸਾ ਨੇ ਇਨਸਾਨ ਨੂੰ ਠੱਗੀਆਂ ਅਤੇ ਚੋਰੀਆਂ ਕਰਨ ਲਈ ਮਜਬੂਰ ਕਰ ਦਿੱਤਾ ਹੈ। ਮਨ ਦੀ ਭੁੱਖ ਕਾਰਨ ਬੇਚੈਨ ਹੋ ਚੁੱਕਿਆ ਇਨਸਾਨ ਸ਼ਾਇਦ ਜਾਨਵਰਾਂ ਤੋਂ ਕੁੱਝ ਸਿੱਖਿਆ ਲੈ ਕੇ ਸੰਜਮ ਦੀ ਪ੍ਰਾਪਤੀ ਕਰ ਸਕਦਾ ਹੈ। ਪੂਰੇ ਦਿਨ ਦਾ ਭੁੱਖਾ ਕੁੱਤਾ ਰੋਟੀ ਦੇ ਇਕ ਟੁੱਕ ਨਾਲ ਸਬਰ ਕਰ ਕੇ ਇਨਸਾਨ ਲਈ ਇਕ ਮਿਸਾਲ ਬਣਦਾ ਹੈ।

ਸ਼ੌਂਕ ਨਾਲ ਘਰਾਂ 'ਚ ਰੱਖੇ ਕੁੱਤੇ ਇਨਸਾਨ ਲਈ ਮਾਰਗ ਦਰਸ਼ਕ ਬਣ ਸਕਦੇ ਹਨ। ਜਿਸ ਦਰ ਤੋਂ ਰੋਟੀ ਮਿਲ ਜਾਵੇ ਕੁੱਤਾ ਦੂਜੇ ਦਿਨ ਉਸ ਦਰ 'ਤੇ ਆਸ ਨਾਲ ਜ਼ਰੂਰ ਆਉਂਦਾ ਹੈ ਪਰ ਉਹ ਆਪਣਾ ਸੰਜਮ ਨਹੀਂ ਟੁੱਟਣ ਦਿੰਦਾ। ਸੰਜਮ ਦੀ ਇਸ ਬੇਮਿਸਾਲ ਵਿਸ਼ੇਸ਼ਤਾ ਨੇ ਕੁੱਤੇ ਨੂੰ ਇਨਸਾਨ ਦਾ ਵਫ਼ਾਦਾਰ ਸਾਥੀ ਬਣਾ ਦਿੱਤਾ ਹੈ। ਜੇਕਰ ਇਹ ਸੰਜਮ ਮਨੁੱਖੀ ਵਿਵਹਾਰ ਦਾ ਹਿੱਸਾ ਬਣ ਜਾਵੇ ਤਾਂ ਇਹ ਦੁਨੀਆ ਸਵਰਗ ਬਣ ਸਕਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਜਿਉਂਦਾ ਮਨੁੱਖ ਆਪਣੇ ਆਪ ਨੂੰ ਕਾਮਯਾਬੀ ਦੇ ਸਿਖਰਲੇ ਪਾਏਦਾਨ 'ਤੇ ਲਿਜਾਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ ਪਰ ਹੱਦੋਂ ਵੱਧ ਲਾਲਸਾ ਅਤੇ ਲੋਭ ਨੇ ਇਸ ਕੋਸ਼ਿਸ਼ ਦੇ ਅਰਥ ਹੀ ਬਦਲ ਦਿੱਤੇ ਹਨ। ਵਕਤ ਦੇ ਹਿਸਾਬ ਨਾਲ ਇਨਸਾਨ ਨੂੰ ਜੋ ਕੁੱਝ ਮਿਲਿਆ ਹੈ ਉਸ ਵਿੱਚੋਂ ਹੀ ਖ਼ੁਸ਼ੀ ਅਤੇ ਸੰਤੁਸ਼ਟੀ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਔਖੇ ਸਮੇਂ 'ਚ ਚੰਗੇ ਦੀ ਆਸ ਰੱਖ ਕੇ ਅੱਗੇ ਵੱਧਣਾ ਚਾਹੀਦਾ ਹੈ ਪਰ ਸੰਜਮ ਨੂੰ ਬਰਕਰਾਰ ਰੱਖਣਾ ਬਹੁਤ ਜ਼ਰੂਰੀ ਹੈ।

ਸੰਜਮ ਨਾਲ ਬਤੀਤ ਕੀਤਾ ਸਮਾਂ ਇਨਸਾਨ ਨੂੰ ਦਿਮਾਗ਼ੀ ਅਤੇ ਸਰੀਰਕ ਤੌਰ 'ਤੇ ਚੈਨ ਦਿੰਦਾ ਹੈ। ਅੱਜ ਹਸਪਤਾਲਾਂ 'ਚ ਡਾਕਟਰਾਂ ਕੋਲ਼ ਮਰੀਜ਼ਾਂ ਦੀਆਂ ਲੱਗੀਆਂ ਲੰਬੀਆਂ ਲਾਈਨਾਂ 'ਚ ਜ਼ਿਆਦਾ ਗਿਣਤੀ ਮਾਨਸਿਕ ਤੌਰ 'ਤੇ ਬਿਮਾਰ ਲੋਕਾਂ ਦੀ ਹੈ। ਸਭ ਕੁਝ ਹੁੰਦੇ ਹੋਏ ਵੀ ਹੋਰ ਜ਼ਿਆਦਾ ਹੋਣ ਦੀ ਇੱਛਾ ਇਨਸਾਨ ਦੇ ਦਿਮਾਗ਼ ਨੂੰ ਟਿਕਣ ਨਹੀਂ ਦੇ ਰਹੀ।



ਸੰਜਮ ਦੀ ਅਵਸਥਾ 'ਚ ਇਨਸਾਨ ਸ਼ਾਂਤ ਚਿੱਤ ਆਪਣੇ ਕੰਮ 'ਚ ਜੁੱਟਿਆ ਰਹਿੰਦਾ ਹੈ। ਹੌਲ਼ੀ-ਹੌਲ਼ੀ ਅਤੇ ਟਿਕਾਈ ਨਾਲ ਚਲਦਾ ਇਨਸਾਨ ਜ਼ਿੰਦਗੀ 'ਚ ਬਹੁਤ ਕੁਝ ਹਾਸਿਲ ਕਰ ਸਕਦਾ ਹੈ ਪਰ ਬੇਚੈਨ ਮਨ ਸਰੀਰ ਨੂੰ ਵੀ ਬੇਚੈਨ ਕਰ ਦਿੰਦਾ ਹੈ ਅਤੇ ਇਨਸਾਨ ਕੋਈ ਵੀ ਪ੍ਰਾਪਤੀ ਕਰਨ ਤੋਂ ਪੱਛੜ ਜਾਂਦਾ ਹੈ।

ਮਹਾਨ ਰੂਸੀ ਲੇਖਕ ਲਿਓ ਟਾਲਸਟਾਏ, ਜਿਨ੍ਹਾਂ ਨੇ ਦਰਮਿਆਨੇ ਅਤੇ ਕਮਜ਼ੋਰ ਲੋਕਾਂ ਦੀ ਜ਼ਿੰਦਗੀ ਨੂੰ ਨੇੜਿਓਂ ਦੇਖਿਆ, ਸੰਜਮ ਨੂੰ ਇਕ ਮਹਾਨ ਯੋਧਾ ਕਹਿੰਦੇ ਹਨ ਜੋ ਵੱਡੀਆਂ-ਵੱਡੀਆਂ ਚਣੌਤੀ ਰੂਪੀ ਫ਼ੌਜਾਂ ਨੂੰ ਮਾਤ ਦੇਣ ਦੇ ਕਾਬਿਲ ਹੈ। ਸੰਜਮ ਦੀ ਤਾਕਤ ਮੁਸ਼ਕਿਲਾਂ 'ਚ ਘਿਰੇ ਇਨਸਾਨ ਨੂੰ ਸਹਾਰਾ ਦਿੰਦੀ ਹੈ ਅਤੇ ਮਨ ਦਾ ਠਹਿਰਾਉ ਅਗਲੀ ਬਾਜ਼ੀ ਜਿੱਤਣ ਲਈ ਤਿਆਰ ਹੋ ਜਾਂਦਾ ਹੈ।

ਸਰੀਰਕ ਖ਼ੁਰਾਕ ਇਨਸਾਨ ਨੂੰ ਮਾਨਸਿਕ ਚੈਨ ਨਹੀਂ ਦੇ ਸਕਦੀ ਇਸ ਲਈ ਇਨਸਾਨ ਨੂੰ ਸੰਜਮ 'ਚੋਂ ਬੇਲਗਾਮ ਇੱਛਾਵਾਂ ਦੀ ਦਵਾਈ ਤਲਾਸ਼ਣੀ ਹੋਵੇਗੀ। ਬੇਚੈਨ ਮਨ ਵਾਲਿਆਂ ਨੂੰ ਚੈਨ ਦੇਣ ਲਈ ਡਾਕਟਰਾਂ ਦੁਆਰਾ ਦਿੱਤੀਆਂ ਜਾਂਦੀਆਂ ਗੋਲ਼ੀਆਂ ਕੁਝ ਪਲ ਲਈ ਤਾਂ ਬੇਚੈਨੀ ਤੋਂ ਰਾਹਤ ਦੇ ਸਕਦੀਆਂ ਹਨ ਪਰ ਸਦਾ ਲਈ ਨਹੀਂ। ਮਨ ਦੀ ਭੁੱਖ ਨੂੰ ਖ਼ਤਮ ਕਰਨ ਨਾਲ ਮਨੁੱਖ ਆਸਾਨੀ ਨਾਲ ਚੈਨ ਦੀ ਅਵਸਥਾ 'ਚ ਆ ਸਕਦਾ ਹੈ ਜਿਸ ਲਈ ਸੰਜਮ ਦੀ ਜ਼ਰੂਰਤ ਹੈ। ਸਵਰਗ ਰੂਪੀ ਇਸ ਧਰਤੀ 'ਤੇ ਜ਼ਿੰਦਗੀ ਜਿਊਂਦੇ ਹੋਏ ਹਰ ਇਕ ਇਨਸਾਨ ਨੂੰ ਸੰਜਮ ਨਾਲ ਜ਼ਿੰਦਗੀ ਦੇ ਪੈਂਡੇ 'ਤੇ ਅੱਗੇ ਵੱਧਣਾ ਹੋਵੇਗਾ। ਫਿਰ ਦੇਖਣਾ ਮਨ ਦੀ ਸ਼ਾਂਤੀ ਅਤੇ ਸੰਤੁਸ਼ਟੀ ਦੁਨੀਆ ਦੇ ਇਸ ਮੇਲੇ ਨੂੰ ਹੋਰ ਵੀ ਰੰਗੀਨ ਬਣਾ ਦੇਣਗੇ। •

# ਘਰ ਦਾ ਜਿੰਦਰਾ ਹੁੰਦੇ ਨੇ ਬਜ਼ੁਰਗ



ਬਜ਼ੁਰਗ ਘਰ ਦੀ ਸ਼ਾਨ ਹੁੰਦੇ ਹਨ। ਉਹ ਘਰ ਦਾ ਜਿੰਦਾ ਹੁੰਦੇ ਹਨ। ਉਨ੍ਹਾਂ ਦੇ ਸਹਾਰੇ ਅਸੀਂ ਆਪਣੇ ਘਰ-ਬਾਰ ਨੂੰ ਛੱਡਕੇ ਕਿਤੇ ਵੀ ਜਾ ਸਕਦੇ ਹਾਂ। ਬਜ਼ੁਰਗਾਂ ਦੇ ਹੁੰਦਿਆਂ ਘਰ ਦੀ ਕੋਈ ਚੀਜ਼ ਇਧਰ ਉਧਰ ਨਹੀਂ ਜਾ ਸਕਦੀ। ਬਜ਼ੁਰਗ ਉਸ ਬੁੱਢੇ ਹੋਏ ਦਰੱਖ਼ਤਾਂ ਦੀ ਤਰ੍ਹਾਂ ਹੁੰਦੇ ਹਨ ਜੋ ਕਿ ਸਾਡੇ ਕੋਲੋਂ ਕੁੱਝ ਵੀ ਨਹੀਂ ਲੈਂਦੇ ਸਗੋਂ ਸਾਨੂੰ ਠੰਢੀਆਂ ਹਵਾਵਾਂ ਅਤੇ ਫਲ ਦਿੰਦੇ ਹਨ। ਪਰ ਸਮੇਂ ਨੇ ਐਸੀ ਕਰਵਟ ਲਈ ਕਿ ਵੱਡੇ-ਵੱਡੇ ਧਨਾਢ ਬੰਦਿਆਂ ਦੇ ਮਾਂ-ਬਾਪ ਵੀ ਬਿਰਧ ਆਸ਼ਰਮਾਂ ਵਿਚ ਜ਼ਿੰਦਗੀ ਦੇ ਆਖ਼ਰੀ ਪਲ ਆਪਣੇ ਧੀਆਂ ਪੁੱਤਰਾਂ ਦੀ ਯਾਦ ਵਿਚ ਕੱਟ ਰਹੇ ਹਨ। ਪੁਰਾਤਨ ਕਾਲ ਵਿਚ ਬਹੁ-ਗਿਣਤੀ ਪਰਿਵਾਰਾਂ ਵੱਲੋਂ ਇਨ੍ਹਾਂ ਬਜ਼ੁਰਗਾਂ ਦਾ ਬਹੁਤ ਹੀ ਪਿਆਰ ਅਤੇ ਮੁਹੱਬਤ ਨਾਲ ਸਤਿਕਾਰ ਕੀਤਾ ਜਾਂਦਾ ਸੀ। ਅੱਜ ਮੁਲਕ ਭਰ ਵਿਚ ਔਲਾਦ ਦੀ ਅਣਦੇਖੀ ਕਾਰਨ ਵੱਡੀ ਗਿਣਤੀ ਵਿਚ ਬਜ਼ੁਰਗ ਮਾਂ-ਪਿਓ ਦੀ ਸਥਿਤੀ ਤਰਸਯੋਗ ਬਣਕੇ ਰਹਿ ਗਈ ਹੈ। ਅਜੋਕੇ ਸਮੇਂ ਵਿਚ ਵੇਖਣ ਵਿਚ ਆਇਆ ਹੈ ਕਿ ਜਿਸ ਘਰ ਵਿਚ ਅੱਜ ਬਜ਼ੁਰਗ ਰਹਿ ਰਹੇ ਹਨ ਉਨ੍ਹਾਂ ਦੇ ਨੌਜਵਾਨ ਬੱਚਿਆਂ ਨੂੰ ਇਹੀ ਫ਼ਿਕਰ ਖਾਈ ਜਾਂਦਾ ਹੈ ਕਿ ਕਦੋਂ ਇਨ੍ਹਾਂ ਬਜ਼ੁਰਗਾਂ ਤੋਂ ਉਨ੍ਹਾਂ ਨੂੰ ਛੁਟਕਾਰਾ ਮਿਲੇਗਾ।

ਧੀਆਂ-ਪੁੱਤਰਾਂ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਬਜ਼ੁਰਗਾਂ ਦੀ ਬਦੌਲਤ ਹੀ ਉਨ੍ਹਾਂ ਨੇ ਜ਼ਿੰਦਗੀ ਦੇ ਕਈ ਅਹਿਮ ਮੁਕਾਮ ਸਰ ਕੀਤੇ ਹਨ। ਬਜ਼ੁਰਗਾਂ ਨੇ ਹੀ ਜ਼ਿੰਦਗੀ ਦੇ ਤਜਰਬੇ ਸਾਂਝੇ ਕਰ ਕੇ ਧੀਆਂ ਪੁੱਤਰਾਂ ਨੂੰ ਤਰੱਕੀਆਂ ਦੀਆਂ ਪੌੜੀਆਂ ਚੜ੍ਹਨੇ ਸਿਖਾਇਆ ਹੈ। ਬਜ਼ੁਰਗਾਂ ਦੀ ਸੇਵਾ ਸਾਨੂੰ ਘਰ ਪਰਿਵਾਰ ਵਿਚ ਰਲ ਮਿਲਕੇ ਕਰਨੀ ਚਾਹੀਦੀ ਹੈ। ਬਜ਼ੁਰਗਾਂ ਤੋਂ ਚੰਗੀਆਂ ਗੱਲਾਂ ਸਿੱਖ ਕੇ ਸਾਡੇ ਬੱਚੇ ਚੰਗੇ ਇਨਸਾਨ ਬਣ ਸਕਦੇ ਹਨ। ਮਾਪਿਆਂ ਦਾ ਦਰਜਾ ਦੁਨੀਆ ਵਿਚ ਸਭ ਤੋਂ ਉੱਚਾ ਹੈ। ਮਾਪੇ ਹਰ ਹਾਲ ਵਿਚ ਆਪਣੇ ਬੱਚਿਆਂ ਨੂੰ ਦੁਨੀਆ ਦੀ ਹਰ ਸੁੱਖ ਸਹੂਲਤ ਦੇਣ ਲਈ ਤਤਪਰ ਰਹਿੰਦੇ ਹਨ। ਬੱਚਿਆਂ ਨੂੰ ਪਾਲ ਪੋਸਕੇ ਵੱਡੇ ਕਰਨਾ, ਅਣਗਿਣਤ ਉਪਕਾਰ ਕਰਨਾ ਅਤੇ ਉਨ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਲਈ ਆਪਣੀਆਂ ਖ਼ੁਸ਼ੀਆਂ ਨਾਲ ਸਮਝੌਤਾ ਕਰਨਾ ਮਾਪਿਆਂ ਦੇ ਹਿੱਸੇ ਹੀ ਆਇਆ ਹੈ। ਦੁਨੀਆ ਵਿਚ ਸਿਰਫ਼ ਮਾਪੇ ਹੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਔਲਾਦ ਉਨ੍ਹਾਂ ਤੋਂ ਵੀ ਵੱਧ ਤਰੱਕੀ ਕਰੇ। ਮਾਂ-ਬਾਪ ਧਰਤੀ ਉੱਤੇ ਰੱਬ ਦਾ ਹੀ ਰੂਪ ਹੁੰਦੇ ਹਨ। ਧਾਰਮਿਕ ਗ੍ਰੰਥਾਂ ਵਿਚ ਵੀ ਮਾਤਾ-ਪਿਤਾ ਨੂੰ ਸਭ ਤੋਂ ਉੱਤਮ ਦਰਜਾ ਪ੍ਰਦਾਨ ਕੀਤਾ ਗਿਆ ਹੈ। ਸਾਨੂੰ ਮਾਤਾ-ਪਿਤਾ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ। ਔਲਾਦ ਦੇ ਸੁੱਖ ਖ਼ਾਤਰ ਮਾਪੇ ਹਰ ਦੁੱਖ ਝੱਲਣ ਨੂੰ ਤਿਆਰ ਬਰ ਤਿਆਰ ਰਹਿੰਦੇ ਹਨ। ਬੱਚਿਆਂ ਦੇ ਮਾੜੇ ਕਾਰਨਾਮਿਆਂ ਕਰਕੇ ਵੀ ਮਾਪੇ ਆਪਣੇ ਬੱਚਿਆਂ ਨੂੰ ਘ੍ਰਿਣਾ ਨਹੀਂ ਕਰਦੇ ਸਗੋਂ ਉਨ੍ਹਾਂ ਨੂੰ ਸਹੀ ਦਿਸ਼ਾ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ। ਮਾਪੇ ਆਪਣੀ ਜ਼ਿੰਦਗੀ ਭਰ ਦੀ ਕਮਾਈ ਦੌਲਤ ਨੂੰ ਮਿੰਟਾਂ ਵਿਚ ਹੀ ਪੁੱਤਰਾਂ ਨੂੰ ਦੇ ਦਿੰਦੇ ਹਨ। ਪਰ ਇਹ ਪੁੱਤਰ ਦੌਲਤ ਮਿਲਣ ਤੋਂ ਬਾਅਦ ਆਪਣੇ ਮਾਪਿਆਂ ਨਾਲ ਬੁਰਾ ਸਲੂਕ ਕਰਦੇ ਹਨ। ਅੱਜ ਦੀ ਨੌਜਵਾਨ ਪੀੜ੍ਹੀ ਆਪਣੇ ਫ਼ਰਜ਼ਾਂ ਤੋਂ ਪੱਲਾ ਝਾੜਦੀ ਨਜ਼ਰ ਆ ਰਹੀ ਹੈ। ਅੱਜ ਦੇ ਪੁੱਤਰਾਂ ਹੱਥੋਂ ਮਾਪਿਆਂ ਦੀ ਹਾਲਤ ਕਿਸੇ ਤੋਂ ਲੁਕੀ ਨਹੀਂ ਹੈ।

ਨੌਜਵਾਨਾਂ ਵੱਲੋਂ ਬਜ਼ੁਰਗਾਂ ਨਾਲ ਦੁਰਵਿਵਹਾਰ ਦੀਆਂ ਖ਼ਬਰਾਂ ਨਾਲ ਰੋਜ਼ਾਨਾ ਅਖ਼ਬਾਰ ਭਰੇ ਹੁੰਦੇ ਹਨ। ਬਜ਼ੁਰਗਾਂ ਨਾਲ ਦੁਰਵਿਵਹਾਰ ਦੇ ਅਨੇਕਾਂ ਕਾਰਨ ਹਨ। ਨੂੰਹਾਂ ਪੁੱਤਰਾਂ ਨਾਲ ਕਲੇਸ਼ ਦਾ ਕਾਰਨ ਕਈ ਵਾਰ ਬਜ਼ੁਰਗ ਬਣ ਜਾਂਦੇ ਹਨ। ਕਲੇਸ਼ ਦਾ ਕਾਰਨ ਦੋਹਾਂ ਪਾਸਿਆਂ ਵੱਲੋਂ ਸਹਿਣਸ਼ੀਲਤਾ ਦੀ ਘਾਟ ਹੈ। ਕੋਈ ਧਿਰ ਗ਼ਲਤੀ ਮੰਨਣ ਨੂੰ ਤਿਆਰ ਨਹੀਂ ਹੁੰਦੀ। ਬਜ਼ੁਰਗ ਮਾਂ-ਬਾਪ ਆਪਣੀ ਔਲਾਦ ਦਾ ਨੁਕਸਾਨ ਹੁੰਦਾ ਜਰ ਨਹੀਂ ਸਕਦੇ। ਇਸ ਨੁਕਸਾਨ ਨੂੰ ਰੋਕਣ ਵਾਸਤੇ ਜਦੋਂ ਬਜ਼ੁਰਗ ਮਾਂ-ਬਾਪ ਆਪਣੀ ਔਲਾਦ ਨੂੰ ਸਮਝਾਉਂਦੇ ਹਨ ਤਾਂ ਨੌਜਵਾਨ ਘਰ ਵਿਚ ਕਲੇਸ਼ ਸ਼ੁਰੂ ਕਰ ਦਿੰਦੇ ਹਨ। ਜੋ ਕਈ ਵਾਰ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਤੇ ਫਿਰ ਪਛਤਾਵਾ ਕਰਨ ਤੋਂ ਸਿਵਾਏ ਹੋਰ ਕੁਝ ਵੀ ਪੱਲੇ ਨਹੀਂ ਬਚਦਾ। ਤਕਨਾਲੋਜੀ ਨੇ ਵੀ ਬਜ਼ੁਰਗਾਂ ਦੀ ਅਣਦੇਖੀ ਅਤੇ ਉਨ੍ਹਾਂ ਨਾਲ ਮਾੜੇ ਸਲੂਕ ਵਿਚ ਆਪਣਾ ਯੋਗਦਾਨ ਪਾਇਆ ਹੈ। ਔਲਾਦ ਆਪਣੇ ਮਾਂ-ਬਾਪ ਦੀ ਬਜਾਏ ਮੋਬਾਈਲ ਫੋਨ ਅਤੇ ਕੰਪਿਊਟਰ ਨੂੰ ਜ਼ਿਆਦਾ ਤਵੱਜੋ ਦਿੰਦੀ ਹੈ। ਇਸ ਦਾ ਬਜ਼ੁਰਗਾਂ ਦੇ ਜੀਵਨ 'ਤੇ ਉਲਟ ਅਸਰ ਪੈਂਦਾ ਹੈ। ਬਜ਼ੁਰਗ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਬੱਚੇ ਮੋਬਾਈਲ ਫੋਨਾਂ 'ਤੇ ਬਹੁਤ ਜ਼ਿਆਦਾ ਰੁੱਝੇ ਰਹਿਣ ਕਾਰਨ ਉਨ੍ਹਾਂ ਵੱਲ ਧਿਆਨ ਨਹੀਂ ਦਿੰਦੇ ਜਿਸ ਕਾਰਨ ਉਹ ਖ਼ੁਦ ਨੂੰ ਅਣਗੌਲੇ ਹੋਏ ਅਤੇ ਅਪਮਾਨਿਤ ਮਹਿਸੂਸ ਕਰਦੇ ਹਨ।

ਬਹੁਤ ਸਾਰੇ ਬਜ਼ੁਰਗ ਆਪਣੇ ਪੋਤੇ ਪੋਤੀਆਂ ਨੂੰ ਬਹੁਤ ਪਿਆਰ ਕਰਦੇ ਹਨ। ਪਰ ਉਨ੍ਹਾਂ ਦਾ ਇਹ ਪਿਆਰ ਸਿਰੇ ਨਹੀਂ ਚੜ੍ਹਦਾ। ਕਿਉਂਕਿ ਜ਼ਿਆਦਾਤਰ ਨੂੰਹ-ਪੁੱਤਰਾਂ ਵੱਲੋਂ ਇਹ ਗੱਲ ਕਹਿਕੇ ਉਨ੍ਹਾਂ ਦੇ ਦਾਦੇ-ਦਾਦੀਆਂ ਨੂੰ ਮਿਲਣ ਨਹੀਂ ਦਿੱਤਾ ਜਾਂਦਾ ਕਿ ਉਹ ਪੁਰਾਣੇ ਵਿਚਾਰਾਂ ਦੇ ਹਨ। ਇਸੇ ਕਰਕੇ ਘਰਾਂ ਵਿਚ ਕਲੇਸ਼ ਪੈ ਜਾਂਦੇ ਹਨ ਤੇ ਬਜ਼ੁਰਗਾਂ ਨੂੰ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰ ਉਹ ਬੁਢਾਪੇ ਵਿਚ ਆਪਣੇ ਆਪ ਨੂੰ ਹੱਥੀਂ ਮਿਹਨਤ ਸਦਕਾ ਅਬਾਦ ਕੀਤਾ ਹੋਇਆ ਬਗ਼ੀਚਾ ਦੁਖੀ ਹਿਰਦੇ ਨਾਲ ਛੱਡਕੇ ਬਿਰਧ ਆਸ਼ਰਮਾਂ ਵਿਚ ਚਲੇ ਜਾਂਦੇ ਹਨ। ਮੈਥਿਊ ਚੇਰੀਅਨ ਅਨੁਸਾਰ 60 ਫ਼ੀਸਦੀ ਤੋਂ ਜ਼ਿਆਦਾ ਬੁਜ਼ਰਗਾਂ ਅਨੁਸਾਰ ਬੱਚਿਆਂ ਅਤੇ ਪੋਤਿਆਂ ਦੇ ਮੋਬਾਇਲ ਫੋਨਾਂ ਅਤੇ ਕੰਪਿਊਟਰਾਂ 'ਤੇ ਰੁਝੇ ਰਹਿਣ ਕਾਰਨ ਉਹ ਉਨ੍ਹਾਂ ਨਾਲ ਘੱਟ ਸਮਾਂ ਬਿਤਾਉਂਦੇ ਹਨ। 78 ਫ਼ੀਸਦੀ ਬਜ਼ੁਰਗਾਂ ਮੁਤਾਬਕ ਸੋਸ਼ਲ ਮੀਡੀਏ ਨੇ ਪਰਿਵਾਰਾਂ ਨਾਲ ਬਿਤਾਇਆ ਜਾਣ ਵਾਲਾ ਉਨ੍ਹਾਂ ਦਾ ਸਮਾਂ ਖੋਹ ਲਿਆ ਹੈ। ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਮੁਖੀ ਡਾ. ਇੰਦਰਜੀਤ ਕੌਰ ਅਨੁਸਾਰ ਕਈ ਮਾਮਲਿਆਂ ਵਿਚ ਔਲਾਦ ਆਪਣੇ ਬਜ਼ੁਰਗਾਂ ਨਾਲ ਗਾਲੀ ਗਲੋਚ ਅਤੇ ਉਨ੍ਹਾਂ ਦਾ ਘੋਰ ਅਪਮਾਨ ਕਰਦੀ ਹੈ ਅਤੇ ਉਨ੍ਹਾਂ ਦੀ ਸਾਰੀ ਜਮ੍ਹਾਂ ਪੂੰਜੀ ਖੋਹ ਲੈਣ ਤੋਂ ਬਾਅਦ ਸੜਕਾਂ 'ਤੇ ਸੁੱਟ ਦਿੰਦੀ ਹੈ।

ਦੇਸ਼ ਵਿਚ ਪਰਿਵਾਰ ਵਾਲਿਆਂ ਹੱਥੋਂ 56 ਫ਼ੀਸਦੀ ਬਜ਼ੁਰਗਾਂ ਦਾ ਅਪਮਾਨ ਹੁੰਦਾ ਹੈ। 48 ਫ਼ੀਸਦੀ ਬਜ਼ੁਰਗਾਂ ਨਾਲ ਗਾਲੀ ਗਲੋਚ, 33 ਫ਼ੀਸਦੀ ਬਜ਼ੁਰਗ ਅਣਦੇਖੀ ਦਾ ਸ਼ਿਕਾਰ, 22 ਫ਼ੀਸਦੀ ਬਜ਼ੁਰਗ ਆਰਥਿਕ ਸ਼ੋਸ਼ਣ ਤੇ 12 ਫ਼ੀਸਦੀ ਬਜ਼ੁਰਗ ਸਰੀਰਕ ਤਸ਼ੱਦਦ ਦਾ ਸ਼ਿਕਾਰ ਹੁੰਦੇ ਹਨ। ਅਜਿਹੇ ਬਜ਼ੁਰਗਾਂ ਨਾਲ ਦੁਰਵਿਵਹਾਰ 34 ਫ਼ੀਸਦੀ ਨੂੰਹਾਂ ਅਤੇ 52 ਫ਼ੀਸਦੀ ਬਜ਼ੁਰਗਾਂ ਦੇ ਪੁੱਤ ਕਰਦੇ ਹਨ। ਹੈਲਪਏਜ ਇੰਡੀਆ ਦੇ ਸੀ.ਈ.ਓ. ਮੈਥਿਊ ਚੇਰੀਅਨ ਵੱਲੋਂ ਜਾਰੀ ਰਿਪੋਰਟ ਮੁਤਾਬਕ ਹਰ ਸਾਲ ਅਸੀਂ ਆਪਣੇ ਬਜ਼ੁਰਗਾਂ ਵਿਰੁੱਧ ਕੀਤੇ ਜਾਣ ਵਾਲੇ ਇਸ ਘਿਨਾਉਣੇ ਅਪਰਾਧ ਨੂੰ ਸਮਝਣ ਤੇ ਇਸ ਵਿਰੁੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਦਕਿਸਮਤੀ ਨਾਲ ਬਜ਼ੁਰਗਾਂ 'ਤੇ ਤਸ਼ੱਦਦ ਘਰ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਉਹ ਲੋਕ ਅੰਜਾਮ ਦਿੰਦੇ ਹਨ ਜਿਨ੍ਹਾਂ 'ਤੇ ਉਹ ਸਭ ਤੋਂ ਵੱਧ ਭਰੋਸਾ ਕਰਦੇ ਹਨ।

ਦੁਰਵਿਵਹਾਰ ਕਾਰਨ ਬਜ਼ੁਰਗ ਮਾਂ-ਬਾਪ ਆਪਣੇ ਲਹੂ ਪਸੀਨੇ ਦੀ ਕਮਾਈ ਨਾਲ ਬਣਾਏ ਗਏ ਘਰਾਂ ਨੂੰ ਛੱਡਕੇ ਬਿਰਧ ਆਸ਼ਰਮਾਂ ਵਿਚ ਭਰਤੀ ਹੋ ਜਾਂਦੇ ਹਨ। ਕਈ ਵਾਰ ਇਹ ਗੱਲ ਪੜ੍ਹਨ ਅਤੇ ਸੁਣਨ ਨੂੰ ਵੀ ਮਿਲਦੀ ਹੈ ਕਿ ਬਜ਼ੁਰਗ ਮਜਬੂਰੀਵਸ ਹੋ ਕੇ ਮਰਨ ਤੋਂ ਪਹਿਲਾਂ ਹੀ ਆਪਣੀ ਜ਼ਿੰਦਗੀ ਦੀਆਂ ਆਖ਼ਰੀ ਰਸਮਾਂ ਆਪਣੇ ਹੱਥੀਂ ਪੂਰੀਆਂ ਕਰ ਕੇ ਤੇ ਪੁੰਨਦਾਨ ਵੀ ਕਰ ਦਿੰਦੇ ਹਨ। ਬੁਢਾਪਾ ਤਾਂ ਉਮਰ ਮੁਤਾਬਕ ਸਭ 'ਤੇ ਹੀ ਆਉਣਾ ਹੈ। ਜੇ ਸੋਚ ਸਾਫ਼ ਸੁਥਰੀ ਹੋਵੇ ਅਤੇ ਸਿਹਤ ਵੀ ਚੰਗੀ ਹੋਵੇ ਤਾਂ ਇਹ ਬੁਢਾਪਾ ਵੀ ਕੁਝ ਪਲ ਠਹਿਰਕੇ ਆਉਂਦਾ ਹੈ। ਪਰ ਇਸ ਦੇ ਉਲਟ ਜੇ ਬਜ਼ੁਰਗਾਂ ਦੀ ਜਾਂ ਨੂੰਹਾਂ-ਪੁੱਤਾਂ ਦੀ ਸੋਚ ਹੀ ਸਹੀ ਨਹੀਂ ਤੇ ਘਰੇਲੂ ਹਾਲਾਤ ਵੀ ਠੀਕ ਨਾ ਹੋਣ ਤਾਂ ਸਿਹਤ ਵੀ ਜਲਦੀ ਖ਼ਰਾਬ ਹੋ ਜਾਂਦੀ ਹੈ ਤੇ ਬੁਢਾਪਾ ਵੀ ਜਲਦੀ ਹੀ ਝਲਕਾਂ ਮਾਰਨ ਲੱਗ ਜਾਂਦਾ ਹੈ।

ਕੇਂਦਰ ਤੇ ਸੂਬਾਈ ਸਰਕਾਰਾਂ ਨੇ ਮਾਪੇ ਤੇ ਸੀਨੀਅਰ ਸਿਟੀਜ਼ਨ ਦੇਖਭਾਲ ਅਤੇ ਭਲਾਈ ਸਬੰਧੀ ਕੁਝ ਕਾਨੂੰਨ ਬਣਾਏ ਹਨ। ਪਰ ਇਨ੍ਹਾਂ ਕਾਨੂੰਨਾਂ ਅਤੇ ਅਧਿਕਾਰਾਂ ਦੀ ਬਹੁਤੇ ਬਜ਼ੁਰਗਾਂ ਨੂੰ ਜਾਣਕਾਰੀ ਨਹੀਂ ਹੈ। ਇਸ ਲਈ ਇਨ੍ਹਾਂ ਕਾਨੂੰਨਾਂ ਦੇ ਵਿਆਪਕ ਪ੍ਰਚਾਰ ਦੀ ਲੋੜ ਹੈ ਤਾਂ ਕਿ ਬਜ਼ੁਰਗਾਂ ਨੂੰ ਆਪਣੇ ਅਧਿਕਾਰਾਂ ਦਾ ਪਤਾ ਲੱਗ ਸਕੇ। ਉਨ੍ਹਾਂ ਨੂੰ ਜੀਵਨ ਦੇ ਆਖ਼ਰੀ ਪੜਾਅ ਵਿਚ ਆਪਣੀਆਂ ਹੀ ਔਲਾਦ ਦੀ ਅਣਦੇਖੀ ਦਾ ਸ਼ਿਕਾਰ ਹੋ ਕੇ ਆਪਣੀਆਂ ਛੋਟੀਆਂ-ਛੋਟੀਆਂ ਲੋੜਾਂ ਲਈ ਤਰਸਣਾ ਨਾ ਪਵੇ। ਮਾਂ-ਬਾਪ ਆਪਣੀ ਜਾਇਦਾਦ ਦੀ ਵਸੀਅਤ ਬੱਚਿਆਂ ਦੇ ਨਾਂ ਜ਼ਰੂਰ ਕਰ ਦੇਣ ਪਰ ਜਾਇਦਾਦ ਬੱਚਿਆਂ ਦੇ ਨਾਂ ਟਰਾਂਸਫਰ ਨਹੀਂ ਕਰਨੀ ਚਾਹੀਦੀ। ਇਸ ਤਰ੍ਹਾਂ ਮਾਂ-ਬਾਪ ਆਪਣੇ ਜੀਵਨ ਦੇ ਆਖ਼ਰੀ ਪੜਾਅ ਵਿਚ ਆਉਣ ਵਾਲੀਆਂ ਕਈ ਪਰੇਸ਼ਾਨੀਆਂ ਤੋਂ ਬਚ ਸਕਦੇ ਹਨ।

ਬਹੁਤ ਸਾਰੇ ਨੂੰਹ-ਪੁੱਤ ਸੱਸ ਸਹੁਰਿਆਂ ਦਾ ਦਿਲੋਂ ਸਤਿਕਾਰ ਕਰਦੇ ਹਨ ਅਤੇ ਉਨ੍ਹਾਂ ਨੂੰ ਕੀਮਤੀ ਖ਼ਜ਼ਾਨਾ ਸਮਝਦੇ ਹਨ। ਕਈ ਨੂੰਹਾਂ ਆਪਣੇ ਸੱਸ ਸਹੁਰਿਆਂ ਦੀ ਫੁੱਲਾਂ ਵਾਂਗ ਸੇਵਾ ਕਰਦੀਆਂ ਹਨ ਚਾਹੇ ਉਹ ਬਿਮਾਰ ਹੋਣ ਜਾਂ ਤੰਦਰੁਸਤ। ਉਹ ਆਪਣੇ ਬੱਚਿਆਂ ਨੂੰ ਬਜ਼ੁਰਗ ਮਾਂ-ਬਾਪ ਨੂੰ ਮਿਲਣ ਦਿੰਦੀਆਂ ਹਨ। ਬਜ਼ੁਰਗ ਮਾਂ-ਬਾਪ ਨੂੰ ਸਹੀ ਵਕਤ ਨਾਲ ਰੋਟੀ ਦਿੰਦੀਆਂ ਹਨ। ਬਜ਼ੁਰਗ ਮਾਂ-ਬਾਪ ਦੀ ਰਾਏ ਅਨੁਸਾਰ ਖਾਣਾ ਤਿਆਰ ਕਰਦੀਆਂ ਹਨ। ਉਨ੍ਹਾਂ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਣਾ ਆਪਣਾ ਫ਼ਰਜ਼ ਸਮਝਦੀਆਂ ਹਨ। ਪਰ ਜ਼ਿਆਦਾਤਰ ਨੂੰਹਾਂ ਬਜ਼ੁਰਗਾਂ ਨੂੰ ਘਰਾਂ ਵਿਚ ਬੋਝ ਸਮਝਦੀਆਂ ਹਨ ਅਤੇ ਉਨ੍ਹਾਂ ਦੀ ਸਹੀ ਤਰੀਕੇ ਨਾਲ ਸੇਵਾ ਨਹੀਂ ਕਰਦੀਆਂ।

ਸਾਡੇ ਦੇਸ਼ ਵਿਚ ਵੀ ਹੁਣ ਬਾਹਰਲੇ ਮੁਲਕਾਂ ਵਰਗਾ ਵਾਤਾਵਰਨ ਬਣ ਗਿਆ ਹੈ। ਮਾਤਾ-ਪਿਤਾ ਦਾ ਸਾਡੇ ਜੀਵਨ 'ਚ ਬਹੁਤ ਮਹੱਤਵ ਹੈ। ਉਨ੍ਹਾਂ ਦੀ ਸੇਵਾ ਸਭ ਤੋਂ ਵੱਡੀ ਸੇਵਾ ਹੈ। ਮਾਂ-ਬਾਪ ਲਈ ਉਨ੍ਹਾਂ ਦੇ ਬੱਚੇ ਹੀ ਉਨ੍ਹਾਂ ਦਾ ਸਹਾਰਾ ਬਣਦੇ ਹਨ। ਸਮੇਂ ਮੁਤਾਬਕ ਬਦਲਦੇ ਬੱਚਿਆਂ ਦਾ ਮਾਪਿਆਂ ਪ੍ਰਤੀ ਰਵੱਈਏ ਵਿਚ ਕੁਝ ਪਰਿਵਰਤਨ ਆ ਗਿਆ ਹੈ। ਉਨ੍ਹਾਂ ਕੋਲ ਆਪਣੇ ਮਾਪਿਆਂ ਲਈ ਬਿਲਕੁਲ ਸਮਾਂ ਨਹੀਂ ਹੁੰਦਾ ਜਦ ਕਿ ਮਾਪਿਆਂ ਦੀ ਦੇਣ ਕੋਈ ਵੀ ਬੱਚਾ ਆਪਣੇ ਇਸ ਜਨਮ ਵਿਚ ਕਦੇ ਵੀ ਨਹੀਂ ਦੇ ਸਕਦਾ। ਪੈਸੇ ਕਰਕੇ ਹੀ ਬਹੁਤ ਸਾਰੇ ਬੱਚੇ ਆਪਣੇ ਮਾਪਿਆਂ ਨੂੰ ਛੱਡ ਰਹੇ ਹਨ। ਕੁਝ ਨਾਸਮਝ ਬੱਚੇ ਹੋਰ ਲੋਕਾਂ ਦੀਆਂ ਗੱਲਾਂ ਵਿਚ ਆ ਕੇ ਆਪਣੇ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਭੇਜ ਦਿੰਦੇ ਹਨ। ਬੱਚਿਆਂ ਨੂੰ ਆਪਣੀ ਸੋਚ 'ਚ ਤਬਦੀਲੀ ਲਿਆਉਣੀ ਚਾਹੀਦੀ ਹੈ।

ਮਾਂ-ਬਾਪ ਤਾਂ ਹਮੇਸ਼ਾ ਆਪਣੇ ਬੱਚਿਆਂ ਦੀ ਚੰਗੀ ਤਰ੍ਹਾਂ ਦੇਖ ਭਾਲ ਕਰਦੇ ਹਨ। ਪਰ ਜਦੋਂ ਉਨ੍ਹਾਂ ਨੂੰ ਸੰਭਾਲਣ ਦਾ ਸਮਾਂ ਆਉਂਦਾ ਹੈ ਤਾਂ ਬੱਚੇ ਆਪਣਾ ਧਰਮ ਨਿਭਾਉਣ ਤੋਂ ਭੱਜਦੇ ਹਨ। ਇਸ ਗੱਲ ਬਾਰੇ ਹਰ ਬੱਚੇ ਨੂੰ ਮਾਪਿਆਂ ਪ੍ਰਤੀ ਸੋਚਣਾ ਚਾਹੀਦਾ ਹੈ। ਬਜ਼ੁਰਗ ਮਾਪਿਆਂ ਨੂੰ ਤਾਂ ਸਗੋਂ ਜ਼ਿਆਦਾ ਸਾਂਭ ਸੰਭਾਲ ਕਰਨ ਦੀ ਲੋੜ ਪੈਂਦੀ ਹੈ। ਪਰ ਨੌਜਵਾਨ ਇਸ ਜ਼ਿੰਮੇਵਾਰੀ ਨੂੰ ਇਕ ਮੁਸੀਬਤ ਕਹਿਕੇ ਇਸ ਤੋਂ ਭੱਜਣ ਲੱਗਦੇ ਹਨ। ਮਾਪਿਆਂ ਨੂੰ ਵੀ ਢਲਦੀ ਉਮਰ ਵਿਚ ਆਪਣੇ ਸੁਭਾਉ ਅਤੇ ਆਪਣੇ ਬੱਚਿਆਂ ਪ੍ਰਤੀ ਰਵੱਈਏ ਨੂੰ ਬਦਲ ਲੈਣਾ ਚਾਹੀਦਾ ਹੈ। ਬੱਚਿਆਂ ਨੂੰ ਆਪਣੇ ਬਜ਼ੁਰਗ ਮਾਂ-ਬਾਪ ਨੂੰ ਇਹ ਅਹਿਸਾਸ ਨਹੀਂ ਹੋਣ ਦੇਣਾ ਚਾਹੀਦਾ ਕਿ ਉਹ ਜੀਵਨ ਵਿਚ ਇਕੱਲੇ ਅਤੇ ਬੇਵਸ ਹਨ। ਸਾਨੂੰ ਸਾਰਿਆਂ ਨੂੰ ਜੀਵਨ ਭਰ ਆਪਣੇ ਬਜ਼ੁਰਗ ਮਾਂ-ਬਾਪ ਨਾਲ ਖ਼ੁਸ਼ੀ-ਖ਼ੁਸ਼ੀ ਜੀਵਨ ਬਤੀਤ ਕਰਨਾ ਚਾਹੀਦਾ ਹੈ। •



• ਨਰਿੰਦਰ ਸਿੰਘ
98146-62260

ਹੈਲਪਏਜ ਇੰਡੀਆ ਦੇ ਸੀ.ਈ.ਓ. ਮੈਥਿਊ ਚੇਰੀਅਨ ਵੱਲੋਂ ਜਾਰੀ ਰਿਪੋਰਟ ਮੁਤਾਬਕ ਹਰ ਸਾਲ ਅਸੀਂ ਆਪਣੇ ਬਜ਼ੁਰਗਾਂ ਵਿਰੁੱਧ ਕੀਤੇ ਜਾਣ ਵਾਲੇ ਇਸ ਘਿਨਾਉਣੇ ਅਪਰਾਧ ਨੂੰ ਸਮਝਣ ਤੇ ਇਸ ਵਿਰੁੱਧ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਬਦਕਿਸਮਤੀ ਨਾਲ ਬਜ਼ੁਰਗਾਂ 'ਤੇ ਤਸ਼ੱਦਦ ਘਰ ਤੋਂ ਸ਼ੁਰੂ ਹੁੰਦਾ ਹੈ ਅਤੇ ਇਸ ਨੂੰ ਉਹ ਲੋਕ ਅੰਜਾਮ ਦਿੰਦੇ ਹਨ ਜਿਨ੍ਹਾਂ 'ਤੇ ਉਹ ਸਭ ਤੋਂ ਵੱਧ ਭਰੋਸਾ ਕਰਦੇ ਹਨ…



*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਕਵਿਤਾਵਾਂ ਰਾਹੀਂ ਜਾਗਰੂਕ ਕਰਨ ਵਾਲੀ ਲੇਖਿਕਾ

ਸੁੱਖ ਘੁੰਮਣ ਪੰਜਾਬੀ ਸਾਹਿਤ ਵਿਚ ਨਵੀਂ ਅਤੇ ਉੱਭਰਦੀ ਲੇਖਿਕਾ ਹੈ। ਜਿਸ ਨੇ ਕਵਿਤਾਵਾਂ, ਕਹਾਣੀਆਂ, ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਬਚਣ ਦਾ ਸਨੇਹਾ ਦਿੱਤਾ। ਉਂਝ ਤਾਂ ਉਸ ਦਾ ਪੂਰਾ ਨਾਂ ਸੁੱਖਪ੍ਰੀਤ ਕੌਰ ਘੁੰਮਣ ਹੈ। ਉਸ ਦਾ ਜਨਮ 27 ਅਕਤੂਬਰ 1997 ਨੂੰ ਪਿਤਾ ਹਰਦੇਵ ਸਿੰਘ ਅਤੇ ਮਾਤਾ ਰਣਜੀਤ ਕੌਰ ਦੇ ਘਰ ਜ਼ਿਲ੍ਹਾ ਬਠਿੰਡਾ 'ਚ ਵਸਦੇ ਪਿੰਡ ਘੁੰਮਣ ਕਲਾਂ ਵਿਖੇ ਹੋਇਆ। ਸੁੱਖ ਨੇ ਦਸਵੀਂ ਦੀ ਪੜ੍ਹਾਈ ਪਿੰਡ ਪੂਹਲੀ ਕਲਾਂ ਦੇ ਸਕੂਲ ਤੋਂ ਕੀਤੀ ਅਤੇ ਬਾਰ੍ਹਵੀਂ ਐੱਸਐੱਸ ਮਾਨ ਗਰਲਜ਼ ਸਕੂਲ ਤੋਂ ਕੀਤੀ। ਸੁੱਖ ਘੁੰਮਣ ਅੱਜ ਕੱਲ੍ਹ ਪਿੰਡ ਪੂਹਲੀ ਕਲਾਂ ਜ਼ਿਲਾ ਬਠਿੰਡਾ ਵਿਖੇ ਰਹਿ ਰਹੀ ਹੈ। ਉਸ ਨੇ ਬੀਏ ਦੀ ਪੜ੍ਹਾਈ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਤੋਂ ਕੀਤੀ। ਸੁੱਖ ਹੁਣ ਐੱਮਏ ਪੰਜਾਬੀ ਦਿ ਰੋਇਲ ਕਾਲਜ ਬੋੜ੍ਹਾਵਾਲ (ਮਾਨਸਾ) ਤੋਂ ਕਰ ਰਹੀ ਹੈ। ਆਉ, ਸੁੱਖ ਘੁੰਮਣ ਦੀਆਂ ਰਚਨਾ ਦਾ ਅਨੰਦ ਮਾਣਦੇ ਹਾਂ।



ਸੁੱਖ ਘੁੰਮਣ
98777-10248

• **ਹਰਮਨ ਸੂਫ਼ੀ ਲਹਿਰਾ**

### ਕਵਿਤਾ

## ਖੋ ਲਏ ਪੁੱਤ

ਘਰ ਵਾਰ ਸਭ ਨੇ,
ਵਿਕਾਤੇ ਚਿੱਟੇ ਨੇ।
ਮਾਪਿਆ ਦੇ ਸਿਰੋਂ,
ਖੋ ਲਏ ਪੁੱਤ ਨੇ।
ਨਸ਼ਿਆਂ ਨੇ ਖਾ ਲਈ,
ਜਵਾਨੀ ਤੇਰੀ ਪੁੱਤਰਾ।
ਸਰੀਰ ਕਰ ਦਿੱਤੇ,
ਥੋਥੇ ਚਿੱਟੇ ਨੇ।
ਕੈਸੀ ਖੇਡ ਏ ਬਣਾਈ,
ਰੱਬਾ ਲੋਕਾਂ ਨੇ।
ਕਈ ਰਿਸ਼ਤੇ ਨੇ,
ਮਾਰੇ ਚਿੱਟੇ ਨੇ।
ਚਾਰ ਦਿਨ ਖ਼ੁਸ਼ੀ ਪਿੱਛੇ,
ਨਸ਼ੇ ਕਾਰਨ !
ਜ਼ਿੰਦਗੀ 'ਚੋ ਹੱਥ ਧੋਂਦੇ ਦੇਖੇ ਮੈਂ।
ਨਸ਼ਿਆਂ ਦੀ ਲੱਤ ਪਿੱਛੇ,
ਬਾਪ ਦੀ ਕਮਾਈ ਪੁੱਤਾ
ਚਿੱਟੇ ਵਿੱਚ ਰੋਲ 'ਤੀ।

ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

## ਕੁਝ ਕੰਮ ਦੀਆਂ ਗੱਲਾਂ

- ਮੌਤ ਦਾ ਡਰ ਸਭ ਤੋਂ ਭਿਆਨਕ ਡਰ ਮੰਨਿਆ ਜਾਂਦਾ ਹੈ, ਜਦੋਂ ਇਹ ਡਰ ਖ਼ਤਮ ਫਿਰ ਬਾਕੀ ਡਰ ਵੀ ਖ਼ਤਮ ਹੋ ਜਾਂਦੇ ਹਨ।
- ਸੋਚ ਬਦਲੇਗੀ ਤਾਂ ਕਰਮ ਬਦਲੇਗਾ, ਕਰਮ ਬਦਲੇਗਾ ਤਾਂ ਜ਼ਿੰਦਗੀ ਬਦਲੇਗੀ।
- ਜਦੋਂ ਸੁੱਖ-ਦੁੱਖ, ਹਾਨੀ- ਲਾਭ ,ਚੰਗਾ- ਬੁਰਾ, ਇੱਕੋ ਲੱਗਦਾ ਹੈ ਤਾਂ ਸੱਚ ਮੁੱਚ ਜ਼ਿੰਦਗੀ ਅਨੰਦਮਈ ਹੋ ਜਾਂਦੀ ਹੈ।
- ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰਾਂਗੇ ਫਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਹੋਵੇਗਾ।
- ਕੁਦਰਤ ਕੋਲ ਹਰ ਬੀਮਾਰੀ ਦਾ ਇਲਾਜ ਹੈ ਅਤੇ ਹਰ ਸਮੱਸਿਆ ਦਾ ਹੱਲ।
- ਜਿਵੇਂ ਸਾਗਰ ਲਹਿਰਾਂ ਤੋਂ ਬਿਨਾਂ ਨਹੀਂ ਹੁੰਦਾ ਜ਼ਿੰਦਗੀ ਵੀ ਸੁੱਖ ਦੁੱਖ ਤਕਲੀਫਾਂ ਆਦਿ ਤੋਂ ਬਿਨਾਂ ਨਹੀਂ ਹੁੰਦੀ।
- ਕੁਦਰਤ ਕੋਲ ਹਰ ਸਮੱਸਿਆ ਦਾ ਹੱਲ ਹੈ।



# ਸੱਭਿਅਕ ਬਣਨ ਦੀ ਕੋਸ਼ਿਸ਼

ਦਵਿੰਦਰ ਕੌਰ


ਅਸੀਂ ਸਭ ਜਾਣਦੇ ਹਾਂ ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਅਤੇ ਯੁੱਗ ਬਦਲਣ ਨਾਲ ਜ਼ਮਾਨਾ ਵੀ ਬਦਲ ਗਿਆ ਹੈ। ਜੀਵਨ ਵਿਚ ਅਸੀਂ ਬਹੁਤ ਤਰੱਕੀਆਂ ਕਰ ਲਈਆਂ ਹਨ। ਨਵੀਆਂ-ਨਵੀਆਂ ਦਵਾਈਆਂ ਨਾਲ ਕਈ ਮਾਰੂ ਬਿਮਾਰੀਆਂ 'ਤੇ ਵੀ ਹੁਣ ਕਾਬੂ ਪੈ ਗਿਆ ਹੈ। ਅਨਪੜ੍ਹਤਾ ਵੀ ਘੱਟ ਹੁੰਦੀ ਜਾ ਰਹੀ ਹੈ। ਸਾਨੂੰ ਜੀਵਨ ਜਿਊਣ ਦੀ ਸੋਝੀ ਆ ਗਈ ਹੈ। ਹੁਣ ਜ਼ਮਾਨੇ ਦੇ ਨਾਲ ਰਲਣ ਲਈ ਅਸੀਂ ਸਾਰੇ ਯਤਨ ਕਰਦੇ ਹਾਂ। ਕੋਈ ਵੀ ਇਨਸਾਨ ਖ਼ੁਦ ਨੂੰ ਨੀਵਾਂ ਨਹੀਂ ਦਿਖਾਉਣਾ ਚਾਹੁੰਦਾ। ਇਸੇ ਦੌੜ ਵਿਚ ਜੀਵਨ ਦਾ ਹਰ ਪੱਖ ਬਦਲ ਗਿਆ।

### ਪਹਿਰਾਵਾ ਅਤੇ ਸੁੰਦਰਤਾ

ਖਾਣ-ਪੀਣ, ਬੋਲਣ, ਬੈਠਣ-ਉੱਠਣ, ਪਹਿਰਾਵਾ ਅਤੇ ਸੁੰਦਰਤਾ ਦੇ ਪੱਖ ਤੋਂ ਲੋਕਾਂ ਵਿਚ ਕਾਫ਼ੀ ਜਾਗਰੂਕਤਾ ਆਈ ਹੈ ਤੇ ਸਾਰੇ ਢੰਗ ਬਦਲ ਗਏ ਹਨ ਪਰ ਇਨ੍ਹਾਂ ਬਦਲਦੇ ਹੋਏ ਢੰਗਾਂ ਨੇ ਕਿਤੇ ਨਾ ਕਿਤੇ ਸਾਡੀ ਸਿਹਤ, ਸੁੰਦਰਤਾ ਅਤੇ ਸਰੀਰ ਨਾਲ ਕਾਫ਼ੀ ਖਿਲਵਾੜ ਕੀਤਾ ਹੈ। ਸਾਡੀਆਂ ਆਦਤਾਂ ਵਿਚ ਘੁਟਣ ਜਿਹੀ ਸਮਾ ਗਈ ਹੈ। ਜ਼ਿੰਦਗੀ ਜਿਊਣ ਦੇ ਢੰਗ ਵੀ ਨਿਯਮਿਤ ਅਤੇ ਸੀਮਿਤ ਜਿਹੇ ਹੋ ਗਏ ਹਨ। ਖੁੱਲ੍ਹ ਕੇ ਹੱਸਣ ਨੂੰ ਹੁਣ ਅਸੱਭਿਅਕ ਮੰਨਿਆ ਜਾਂਦਾ ਹੈ ਪਰ ਬਿਮਾਰੀਆਂ ਦੂਰ ਕਰਨ ਲਈ ਖੁੱਲ੍ਹਾ ਹਾਸਾ ਜਾਂ ਤਾਂ ਯੋਗਾ ਕਲਾਸਾਂ ਦੇ ਵਿਚ ਮਿਲਦਾ ਹੈ ਜਾਂ ਸਪੈਸ਼ਲ ਕਸਰਤ ਹੀ ਬਣ ਗਿਆ ਹੈ। ਪਿੰਡਾਂ ਦੇ ਮਾਹੌਲ 'ਤੇ ਵੀ ਸ਼ਹਿਰੀ ਰੰਗ ਚੜ੍ਹਦਾ ਜਾਂਦਾ ਹੈ ਅਤੇ ਆਪਣਾ ਦੇਸੀਪਨ ਖ਼ਤਮ ਹੁੰਦਾ ਜਾ ਰਿਹਾ ਹੈ। ਆਧੁਨਿਕ ਬਣਨਾ ਵੀ ਜ਼ਰੂਰੀ ਹੈ ਪਰ ਆਪਣੀ ਅਸਲੀਅਤ ਤੋਂ ਦੂਰ ਭੱਜਣਾ ਸਾਨੂੰ ਮਹਿੰਗਾ ਪੈਂਦਾ ਹੈ। ਜੀਵਨ ਜਾਚ ਵਿਚ ਬਹੁਤ ਕੁਝ ਬਦਲ ਚੁੱਕਾ ਹੈ ਜਿਸ ਨੇ ਹਰ ਆਦਮੀ ਦੀ ਸਿਹਤ, ਮਨ, ਦਿਮਾਗ਼, ਸਾਦਗੀ, ਭੋਲਾਪਨ ਅਤੇ ਕੁਦਰਤੀ ਸੁੰਦਰਤਾ ਨੂੰ ਪ੍ਰਭਾਵਿਤ ਕੀਤਾ ਹੈ।

### ਪੁਰਾਣੀਆਂ ਖ਼ੁਰਾਕਾਂ

ਪਹਿਲਾਂ ਲੋਕ ਦੇਸੀ ਖ਼ੁਰਾਕਾਂ ਖਾਂਦੇ ਸਨ। ਖਾਣ-ਪੀਣ ਦਾ ਸਮਾਂ ਵੀ ਸਹੀ ਅਤੇ ਬੱਝਵਾਂ ਹੁੰਦਾ ਸੀ। ਉਹ ਸੂਰਜ ਰਹਿੰਦਿਆਂ ਖਾਣਾ ਖਾ ਲੈਂਦੇ ਸਨ। ਹੋਰ ਵੀ ਸਾਰੇ ਭੋਜਨ ਪਦਾਰਥ ਘਰੇਲੂ ਅਤੇ ਪੌਸ਼ਟਿਕ ਹੁੰਦੇ ਸਨ। ਸਭ ਕੁਝ ਖਾ ਪੀ ਕੇ ਵੀ ਇੰਨੀਆਂ ਬਿਮਾਰੀਆਂ ਨਹੀਂ ਸਨ ਜਿੰਨੀਆਂ ਅੱਜ ਕੱਲ੍ਹ ਹਨ ਪਰ ਹੁਣ ਵੰਨ-ਸੁਵੰਨੇ ਮਸਾਲੇਦਾਰ ਅਤੇ ਚਟਪਟੇ ਭੋਜਨ ਅਤੇ ਜੰਕ-ਫੂਡ ਤੇ ਹੋਰ ਪੀਣ ਵਾਲੇ ਬਣਾਵਟੀ ਪਦਾਰਥ ਚੱਲ ਪਏ ਹਨ ਜੋ ਸਿੱਧੇ ਤੌਰ 'ਤੇ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਦੁੱਧ-ਲੱਸੀ ਦੀ ਥਾਂ ਹੁਣ ਕੋਲਡਰਿੰਕ ਨੇ ਲੈ ਲਈ ਤੇ ਪੁਰਾਣੀਆਂ ਖ਼ੁਰਾਕਾਂ ਕਿਸੇ ਦੇ ਹਜ਼ਮ ਨਹੀਂ ਹੁੰਦੀਆਂ।



### ਖੁੱਲ੍ਹ ਕੇ ਵਿਚਾਰ ਪ੍ਰਗਟ ਕਰਨਾ

ਪਹਿਲਾਂ ਲੋਕ ਸਾਦਗੀ ਭਰਪੂਰ ਆਪਣੇ ਦਿਲ ਦੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਦੇ ਸਨ। ਕੁਝ ਕਹਿ ਲੈਂਦੇ ਸਨ ਤੇ ਕੁਝ ਸੁਣ ਲੈਂਦੇ ਸਨ ਪਰ ਹੁਣ ਅਸੀਂ ਸੱਭਿਅਕ ਬਣਨ ਦੀ ਕੋਸ਼ਿਸ਼ ਕਰਦੇ-ਕਰਦੇ ਵਿਚਾਰਾਂ ਅਤੇ ਹਾਵ-ਭਾਵ ਨੂੰ ਦਬਾ ਕੇ ਰਸਮੀ ਤੌਰ 'ਤੇ ਬੋਲਣ ਲੱਗ ਗਏ ਹਾਂ ਕਿ ਕਿਸੇ ਨੂੰ ਬੁਰਾ ਨਾ ਲੱਗੇ। ਜਿਸ ਨਾਲ ਅਸੀਂ ਮਾਨਸਿਕ ਤੌਰ 'ਤੇ ਬਿਮਾਰ ਹੁੰਦੇ ਜਾ ਰਹੇ ਹਾਂ ਅਤੇ ਵਿਚਾਰਾਂ ਦਾ ਤਾਣਾ-ਬਾਣਾ ਦਿਮਾਗ਼ ਦੇ ਅੰਦਰ ਹੀ ਉਲਝਿਆ ਰਹਿੰਦਾ ਹੈ ਜੋ ਸੁਭਾਅ ਨੂੰ ਚਿੜਚਿੜਾ ਬਣਾਉਂਦਾ ਹੈ।



### ਮਾਪਦੰਡ

ਬੋਲਣ-ਚੱਲਣ ਦੇ ਵਾਂਗ ਹੁਣ ਬੈਠਣਾ-ਉਠਣਾ ਵੀ ਸੱਭਿਅਕ ਰੂਪ ਦੇ ਮਾਪਦੰਡ ਮਾਪਦਾ ਰਹਿੰਦਾ ਹੈ। ਰਸਮੀ ਤੌਰ 'ਤੇ ਬੈਠਣਾ, ਉੱਠਣਾ ਜਾਂ ਤੁਰਨਾ ਵੀ ਸਾਡੇ ਸਰੀਰ 'ਤੇ ਕਾਫ਼ੀ ਪ੍ਰਭਾਵ ਪਾਉਂਦਾ ਹੈ। ਪਹਿਲਾਂ ਲੋਕ ਖੁੱਲ੍ਹ ਕੇ ਮਨਮਰਜ਼ੀ ਨਾਲ ਆਪਣੇ ਆਪ ਨੂੰ ਸੁਖਾਵਾਂ ਕਰ ਕੇ ਬਹਿੰਦੇ ਉੱਠਦੇ ਅਤੇ ਚਲਦੇ ਸਨ। ਹੁਣ ਜੋ ਤਬਦੀਲੀ ਆਈ ਹੈ ਉਸ ਅਨੁਸਾਰ ਲੋੜ ਤੋਂ ਵੱਧ ਰਸਮੀਪਨ ਸਰੀਰ ਨੂੰ ਤਕਲੀਫ਼ ਦਿੰਦਾ ਹੈ। ਅਸੀਂ ਇਸ ਚਿੰਤਾ ਵਿਚ ਹੀ ਰਹਿੰਦੇ ਹਾਂ ਕਿ ਵੇਖਣ ਵਾਲੇ ਨੂੰ ਕਿਵੇਂ ਲੱਗੇਗਾ।

### ਆਧੁਨਿਕ ਯੁੱਗ

ਪੁਰਾਣੇ ਸਮੇਂ ਅਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਹੁਣ ਬਹੁਤ ਫ਼ਰਕ ਆ ਗਿਆ ਹੈ। ਸਮੇਂ ਦੇ ਹਾਣੀ ਹੋਣ ਦੇ ਨਾਤੇ ਸਾਨੂੰ ਆਪਣਾ ਪਹਿਰਾਵਾ ਬਦਲਣਾ ਚਾਹੀਦਾ ਹੈ ਅਤੇ ਵਧੀਆ ਦਿੱਖ ਹੋਣੀ ਜ਼ਰੂਰੀ ਹੈ ਪਰ ਜੇਕਰ ਉਹ ਸਰੀਰ ਨੂੰ ਤਕਲੀਫ਼ ਜਾਂ ਘੁਟਣ ਦਿੰਦਾ ਹੈ ਤਾਂ ਅਸੀਂ ਅਜਿਹੇ ਅਣਸੁਖਾਵੇਂ ਪਹਿਰਾਵੇ ਤੋਂ ਪਰਹੇਜ਼ ਵੀ ਕਰ ਸਕਦੇ ਹਾਂ। ਜ਼ਿਆਦਾ ਘੁਟਵੇ ਜਾਂ ਅਣਸੁਖਾਵੇ ਕੱਪੜੇ ਸਾਡੇ ਸਰੀਰ ਦੇ ਨਾਲ-ਨਾਲ ਸਾਡੇ ਸੁਭਾਅ ਨੂੰ ਵੀ ਖ਼ਰਾਬ ਕਰਦੇ ਹਨ।

### ਬਣਾਵਟੀ ਸੁੰਦਰਤਾ

ਅੱਜ ਦੇ ਜ਼ਮਾਨੇ ਵਿਚ ਹਰ ਇਨਸਾਨ ਬਣਾਵਟੀ ਸੁੰਦਰਤਾ ਦੀ ਦੌੜ ਵਿਚ ਲੱਗਾ ਹੋਇਆ ਹੈ ਜਿਸ ਦੇ ਥੱਲੇ ਸਾਡਾ ਅਸਲੀ ਚਿਹਰਾ ਗੁੰਮ ਹੋ ਗਿਆ ਹੈ।

ਅੱਜ ਦਾ ਯੁੱਗ ਫ਼ੈਸ਼ਨ ਦਾ ਯੁੱਗ ਹੈ। ਹਰ ਕੋਈ ਮਾਡਰਨ ਬਣ ਕੇ ਰਹਿਣਾ ਚਾਹੁੰਦਾ ਹੈ। ਕਈ ਵਾਰ ਸਾਦੇ ਬੰਦੇ ਨੂੰ ਜ਼ਮਾਨਾ ਪੱਛੜਿਆ ਹੋਇਆ ਵੀ ਸਮਝਦਾ ਹੈ। ਹਰ ਇਨਸਾਨ ਬਣਾਵਟੀ ਸੁੰਦਰਤਾ ਦੇ ਜਾਲ਼ ਵਿਚ ਫ਼ਸ ਕੇ ਮਜਬੂਰ ਹੋ ਚੁੱਕਾ ਹੈ। ਇਸ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਸੁੰਦਰਤਾ ਜਾਂ ਮੇਕਅੱਪ ਦੀਆਂ ਸਭ ਚੀਜ਼ਾਂ ਕਈ ਪ੍ਰਕਾਰ ਦੇ ਕਾਸਮੈਟਿਕਸ ਸਾਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ ਪਰ ਉਸ ਦਾ ਸਾਡੀ ਚਮੜੀ ਤੇ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਅਸੀਂ ਆਪਣੀ ਕੁਦਰਤੀ ਸੁੰਦਰਤਾ ਵੀ ਹੌਲੀ-ਹੌਲੀ ਗਵਾ ਬੈਠਦੇ ਹਾਂ ਅਤੇ ਸਾਡੇ ਚਿਹਰੇ ਮੁਰਝਾ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਲੋਕਾਂ ਕੋਲ ਘਰੇਲੂ ਨੁਸਖੇ ਹੁੰਦੇ ਸਨ ਜਿਸ ਨਾਲ ਚਿਹਰੇ 'ਤੇ ਰੌਣਕ ਬਣੀ ਰਹਿੰਦੀ ਸੀ।

### ਅਜੋਕੀ ਪੀੜ੍ਹੀ

ਹੁਣ ਨੌਜਵਾਨ ਵਰਗ ਦਾ ਸਾਰਾ ਧਿਆਨ ਵਾਲਾਂ ਨੇ ਖਿਚਿਆ ਹੋਇਆ ਹੈ। ਤਰ੍ਹਾਂ-ਤਰ੍ਹਾਂ ਦੇ ਵਾਲਾਂ ਦੇ ਡਿਜ਼ਾਇਨ ਅਤੇ ਰੰਗ ਅਜੋਕੀ ਪੀੜ੍ਹੀ ਨੂੰ ਆਕਰਸ਼ਿਤ ਤਾਂ ਕਰਦੇ ਹਨ ਪਰ ਇਸ ਦੇ ਪ੍ਰਭਾਵ ਬਹੁਤ ਨੁਕਸਾਨਦਾਇਕ ਹਨ ਜੋ ਸਰੀਰਕ ਅਤੇ ਮਾਨਸਿਕ ਪੱਖ ਤੋਂ ਵਿਨਾਸ਼ ਕਰਦੇ ਹਨ। ਉਮਰ ਤੋਂ ਪਹਿਲਾਂ ਵਾਲ ਕਮਜ਼ੋਰ ਹੋ ਜਾਂਦੇ ਨੇ ਤੇ ਦਿਮਾਗ਼ ਵਾਲ ਸਵਾਰਨ ਵਿਚ ਲੱਗਿਆ ਹੋਣ ਕਾਰਨ ਬੰਦਾ ਆਪਣੇ ਕੰਮਾਂ ਵਿਚ ਧਿਆਨ ਨਹੀਂ ਦੇ ਸਕਦਾ। ਸੋ ਇਸ ਸਭ ਕੁਝ ਸੋਚਣ ਦੇ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਆਧੁਨਿਕਤਾ ਅਤੇ ਸ਼ੌਕੀਨੀ ਦੇ ਰੰਗ ਵਿਚ ਰੰਗੇ ਹੋਏ ਇਨਸਾਨ ਨੂੰ ਇਸ ਦੇ ਨਤੀਜਿਆ ਬਾਰੇ ਸੋਚ ਕੇ ਹੀ ਕਿਸੇ ਨਵੀਂ ਚੀਜ਼ ਨੂੰ ਅਪਣਾਉਣਾ ਚਾਹੀਦਾ ਹੈ। ਆਧੁਨਿਕ ਚੀਜ਼ਾ ਅਪਣਾਉਣੀਆਂ ਚਾਹੀਦੀਆਂ ਹਨ ਤਾਂ ਹੀ ਸਮੇਂ ਦਾ ਹਾਣੀ ਵੀ ਬਣਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਆਪਣੇ ਆਪ ਨੂੰ ਵੀ ਸੰਭਾਲੀ ਰੱਖਣਾ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਚੀਜ਼ ਦੀ ਘਾਟ ਮਾੜੀ ਹੁੰਦੀ ਹੈ ਅਤੇ ਬਹੁਤਾਤ ਵੀ। ਸਾਨੂੰ ਪੁਰਾਤਨ ਵਿਰਸੇ ਦੀਆਂ ਚੀਜ਼ਾਂ ਨੂੰ ਨਾਲ ਲੈ ਕੇ ਚਲਦੇ ਹੋਏ ਆਧੁਨਿਕ ਸਮੇਂ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਦੇ ਸਮੇਂ ਸ਼ਰਮ ਨਹੀਂ ਮਹਿਸੂਸ ਕਰਨੀ ਚਾਹੀਦੀ। •

82838-32839

## ਪੱਤਰ ਹਰੇ ਕਚੂਰ

# ਬਹੁਪੱਖੀ ਸ਼ਖ਼ਸੀਅਤ

ਤਰਸੇਮ ਬੁੱਟਰ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ। ਉਹ ਇਲਾਕੇ ਦਾ ਉੱਘਾ ਸਮਾਜ ਸੇਵਕ, ਖ਼ੂਨਦਾਨੀ, ਅਦਾਕਾਰ, ਰੇਡੀਓ ਅਨਾਊਂਸਰ, ਸਫਲ ਮੰਚ ਸੰਚਾਲਕ, ਲੇਖਕ ਤਾਂ ਹੈ ਹੀ ਇਸ ਦੇ ਨਾਲ-ਨਾਲ ਉਹ ਵਧੀਆ ਇਨਸਾਨ ਵੀ ਹੈ। ਬੁੱਟਰ ਕਿੱਤੇ ਵਜੋਂ ਸਰਕਾਰੀ ਅਧਿਆਪਕ ਤੇ ਐੱਫਐੱਮ ਰੇਡੀਓ ਬਠਿੰਡਾ 'ਤੇ ਬਤੌਰ ਅਨਾਉਂਸਰ ਕੰਮ ਵੀ ਕਰ ਰਿਹਾ ਹੈ। ਅਦਾਕਾਰੀ ਪੱਖੋਂ ਉਹ ਅਨੇਕਾਂ ਹੀ ਟੈਲੀ ਫ਼ਿਲਮਾਂ ਤੋਂ ਇਲਾਵਾ ਇਕ ਵੱਡੇ ਪਰਦੇ ਦੀ ਫਿਲਮ ਵੀ ਕਰ ਚੁੱਕਾ ਹੈ। ਤਰਸੇਮ ਆਪਣੇ ਪਿੰਡ ਦੇ ਮਾਲਵਾ ਵੈੱਲਫੇਅਰ ਕਲੱਬ ਦਾ ਜਨਰਲ ਸਕੱਤਰ ਹੈ, ਜਿਸ ਦੇ ਜ਼ਰੀਏ ਉਹ ਅਨੇਕਾਂ ਹੀ ਸਮਾਜ ਸੇਵੀ ਕੰਮਾਂ ਤੋਂ ਇਲਾਵਾ ਹੁਣ ਤਕ ਵੀਹ ਵਾਰ ਖ਼ੂਨਦਾਨ ਕਰ ਚੁੱਕਾ ਹੈ। ਬੁੱਟਰ ਇਲਾਕੇ ਦੀਆਂ ਨਾਮਵਰ ਸਾਹਿਤਕ ਸਭਾਵਾਂ ਦਾ ਸਰਗਰਮ ਕਾਰਕੁਨ ਅਤੇ ਅਹੁਦੇਦਾਰ ਹੋਣ ਕਰਕੇ ਉਸ ਨੂੰ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਆਮ ਵੇਖਿਆ ਜਾਂਦਾ ਹੈ। ਜੇਕਰ ਉਸ ਦੀ ਲੇਖਣੀ ਦੀ ਗੱਲ ਕਰੀਏ ਤਾਂ ਉਹ ਲਿਖਤਾਂ ਜ਼ਰੀਏ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ, ਮੈਗਜ਼ੀਨਾਂ, ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ, ਸੋਸ਼ਲ ਮੀਡੀਆ ਆਦਿ 'ਤੇ ਆਪਣੀ ਭਰਵੀਂ ਹਾਜ਼ਰੀ ਲਵਾ ਰਿਹਾ ਹੈ। ਫ਼ਖ਼ਰ ਵਾਲੀ ਗੱਲ ਹੈ ਕਿ ਉਸ ਦੀਆਂ ਲਿਖਤਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ। ਮਾਣਦੇ ਹਾਂ ਉਸ ਦੀ ਰਚਨਾ ਦਾ ਅਨੰਦ।



ਤਰਸੇਮ ਬੁੱਟਰ
81465-82152

• **ਕੁਲਦੀਪ ਸਿੰਘ ਬੰਗੀ**
94174-07778

### ਨਜ਼ਮ

## ਰੁੱਖੀ ਮਿੱਸੀ

ਨਾ ਵੇਖ ਸ਼ਾਹੀ ਪਕਵਾਨਾ ਨੂੰ ਜੀਅ ਲਲਚਾਈ ਜਾ।
ਖਾ ਕੇ ਰੁੱਖੀ ਮਿੱਸੀ ਰੱਬ ਦਾ ਸ਼ੁਕਰ ਮਨਾਈ ਜਾ।

ਚੈਨ ਖ਼ੁਸ਼ੀ, ਅਨੰਦ, ਤਸੱਲੀ ਆਪ ਮੁਹਾਰੇ ਆਵਣਗੇ,
ਆਪ ਤੋਂ ਨੀਵੇਂ ਵੇਖ ਆਪਣਾ ਵਕਤ ਲੰਘਾਈ ਜਾ

ਮੁਸ਼ਕਿਲ, ਭੀੜਾਂ, ਬਿਪਤਾ, ਸੰਕਟ ਜ਼ਰਨੇ ਪੈਂਦੇ ਬੰਦਿਆਂ ਨੂੰ,
ਦੁੱਖ, ਦਲਿੱਦਰ, ਸਰਵ ਵਿਆਪਕ ਮਨ ਸਮਝਾਈ ਜਾ।

ਟੋਏ ਟਿੱਬੇ, ਪਰਬਤ, ਸਾਗਰ, ਜੰਗਲ ਰਾਹ ਵਿਚ ਅੜਨਾ ਨਾ,
ਮੰਜ਼ਿਲ ਪਾਉਣੀ ਹੱਥ 'ਚ ਤੇਰੇ ਨਾ ਘਬਰਾਈ ਜਾ।

ਮੰਦਰ, ਮਜਿਦ, ਗੁਰਦੁਆਰੇ ਹਰ ਮਾਨਵ ਲਈ ਸਾਂਝੇ ਨੇ,
ਧਰਮ ਦੇ ਨਾਂ 'ਤੇ ਲੋਕਾਂ ਵਿਚ ਨਾ ਵੰਡੀਆਂ ਪਾਈ ਜਾ।

ਕੈਂਚੀ ਵਾਂਗੂ ਕੱਟਣ ਦੀ ਥਾਂ ਸੂਈ ਵਾਂਗੂ ਸਿਆਉਣਾ ਸਿੱਖ,
ਬੁੱਟਰ ਵੰਡੀਆਂ ਪਾ-ਪਾ ਕੇ ਤੂੰ ਨਾ ਲੋਕ ਨੂੰ ਲੜਾਈ ਜਾ।

### ਗ਼ਜ਼ਲ

ਘਰ ਤਾਂ ਆਖ਼ਰ ਘਰ ਹੁੰਦੇ ਨੇ।
ਘਰਾਂ 'ਚ ਕਾਹਦੇ ਡਰ ਹੁੰਦੇ ਨੇ।
ਉੱਤੋਂ ਖ਼ੁਸ਼ੀਆਂ ਵੰਡਦੇ ਹਾਂ ਪਰ,
ਹੌਂਕੇ ਲੁੱਕ-ਲੁੱਕ ਭਰ ਹੁੰਦੇ ਨੇ।
ਆਪਣਿਆਂ ਦੀ ਓਟ ਦੇ ਸਦਕਾ,
ਜਗ ਦੇ ਤਾਹਨੇ ਜ਼ਰ ਹੁੰਦੇ ਨੇ।
ਹੱਕਾਂ ਲਈ ਲੜਨਾ ਨਹੀਂ ਮਾੜਾ,
ਲੜ ਕੇ ਈ ਸੁਪਨੇ ਸਰ ਹੁੰਦੇ ਨੇ।
ਪਿਆਰ ਦੇ ਬੂਟੇ ਮਹਿਕਣ ਉੱਥੇ,
ਤਿੱਤਲੀ ਜਿਹੇ ਜੋ ਦਰ ਹੁੰਦੇ ਨੇ।
ਮਰਨ ਮਿਟਣ ਦੇ ਜਜ਼ਬੇ ਨਾਲ ਹੀ,
ਸੀਸ ਤਲੀ 'ਤੇ ਧਰ ਹੁੰਦੇ ਨੇ।
'ਪ੍ਰੀਤ' ਜੋ ਪਿਆਰ ਵਫ਼ਾ ਨੂੰ ਪਾਲਣ,
ਬੰਦੇ ਓਹੀ ਨਰ ਹੁੰਦੇ ਨੇ।



ਗੁਰਪ੍ਰੀਤ ਕੌਰ ਧਾਲੀਵਾਲ
98798-002110

# ਕਿਸ ਨੇ ਖੋਹ ਲਿਆ ਨਾਨਕੇ ਜਾਣ ਦਾ ਚਾਅ

ਜੂਨ ਦੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਨਾਨਕੇ ਜਾਣ ਦਾ ਚਾਅ ਇੰਨਾ ਜ਼ਿਆਦਾ ਹੁੰਦਾ ਸੀ ਕਿ ਇਕ ਮਹੀਨੇ ਵਿਚ ਕਰਨ ਵਾਲਾ ਸਕੂਲ ਦਾ ਕੰਮ, ਯਾਨਿ ਕਿ ਜੂਨ ਦੀਆਂ ਛੁੱਟੀਆਂ ਦਾ ਕੰਮ ਇਕ ਹਫ਼ਤੇ ਵਿਚ ਹੀ ਪੂਰਾ ਕਰ ਲਿਆ ਜਾਂਦਾ ਸੀ ਤਾਂ ਕਿ ਨਾਨਕੇ ਜਾ ਕੇ ਪੜ੍ਹਾਈ ਦਾ ਕੋਈ ਫ਼ਿਕਰ ਨਾ ਰਹਿ ਜਾਵੇ। ਬੱਚਿਆਂ ਨੂੰ ਤਾਂ ਖੇਡਣ ਮੱਲਣ ਦਾ ਹੀ ਚਾਅ ਹੁੰਦਾ ਏ ਪੜ੍ਹਨ ਪੜ੍ਹਾਉਣ ਦੀਆਂ ਤਾਂ ਬਾਅਦ ਦੀਆਂ ਗੱਲਾਂ ਹੁੰਦੀਆਂ ਨੇ। ਅੱਜ ਕੱਲ੍ਹ ਜੂਨ ਦੀਆਂ ਛੁੱਟੀਆਂ ਵਿਚ ਨਾਨਕੀ ਜਾਣ ਦੀ ਬਜਾਏ ਠੰਢੀਆਂ ਥਾਵਾਂ 'ਤੇ ਜਾਣੀ ਕਿ ਕੁੱਲੂ, ਮਨਾਲੀ, ਸ਼ਿਮਲੇ ਜਾਂ ਫਿਰ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਨੇ। ਇਹੀ ਮੋਹ ਪਿਆਰ ਘਟਨ ਦੇ ਸਬੂਤ ਨੇ। ਪਿਛਲੇ ਸਮਿਆਂ ਵਿਚ ਭਾਵੇਂ ਟੈਲੀਫੋਨ ਨਹੀਂ ਸੀ ਹੁੰਦੇ ਪਰ ਫਿਰ ਵੀ ਮਾਮੇ ਮਾਸੀਆਂ ਨੂੰ ਆਪਣੇ ਭਾਣਜੇ, ਭਾਣਜੀਆਂ ਦੇ ਆਉਣ ਦੀ ਪੂਰੀ ਉਡੀਕ ਹੁੰਦੀ ਸੀ ਕਿਉਂਕਿ ਜੂਨ ਦੀਆਂ ਛੁੱਟੀਆਂ ਵਿਚ ਹਰ ਇਕ ਨੇ ਆਪਣੇ ਨਾਨਕੇ ਜ਼ਰੂਰ ਆਉਣਾ ਜਾਣਾ ਹੁੰਦਾ ਸੀ ਪਰ ਅੱਜ ਕੱਲ੍ਹ ਇਹ ਸਭ ਚਾਅ ਘਟਦੇ ਜਾ ਰਹੇ ਨੇ। ਅੱਜ ਨਾ ਤਾਂ ਕੋਈ ਪਹਿਲਾਂ ਵਾਂਗੂ ਉਡੀਕ ਕਰਦਾ ਤੇ ਨਾ ਹੀ ਬਹੁਤੀ ਨਾਨਕੇ ਜਾਣ ਨੂੰ ਤਰਜੀਹ ਦੇ ਦਿੰਦਾ ਹੈ ਜਿਵੇਂ ਹਰ ਥਾਂ 'ਤੇ ਬੱਚਿਆਂ ਨੂੰ ਪਿਤਾ ਦੇ ਨਾਂ 'ਤੇ ਜਾਣਿਆ ਜਾਂਦਾ ਹੈ ਪਰ ਨਾਨਕੀ ਜਾ ਕੇ ਬੱਚਿਆਂ ਦੀ ਵੱਖਰੀ ਪਛਾਣ ਹੁੰਦੀ ਹੈ। ਇੱਥੇ ਉਨ੍ਹਾਂ ਨੂੰ ਮਾਵਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਾਨਕਿਓਂ ਆਉਣ ਲੱਗਿਆਂ ਨੂੰ ਨਾਨੀ ਵੱਲੋਂ ਕੱਪੜੇ, ਨਗਦੀ, ਹੋਰ ਖਾਣ ਪੀਣ ਦੇ ਸਮਾਨ ਵਿਚ ਘਰ ਦੇ ਬਣਾਏ ਹੋਏ ਬਿਸਕੁਟ, ਸੇਵੀਆਂ ਆਦਿ ਦਿੱਤੇ ਜਾਂਦੇ ਸਨ। ਜ਼ਿਆਦਾ ਤਰ ਪਹਿਲੇ ਬੱਚੇ ਨੂੰ ਨਾਨਕਿਆ ਵੱਲੋਂ ਹੀ ਪਾਲਿਆ ਜਾਂਦਾ ਸੀ। ਇਸ ਦੇ ਨਾਲ-ਨਾਲ 7 ਜਾਂ 9 ਸਾਲ ਦੀ ਉਮਰ ਵਿਚ ਪੱਗ ਬਣਾਈ ਦੀ ਰਸਮ ਵੀ ਨਾਨਕਿਆਂ ਵੱਲੋਂ ਹੀ ਕੀਤੀ ਜਾਂਦੀ ਸੀ। ਪਹਿਲੇ ਵਿਆਹ ਦੇ ਖ਼ਰਚ ਦਾ ਕੁਝ ਹਿੱਸਾ ਨਾਨਕਿਆਂ ਵੱਲੋਂ ਕੀਤਾ ਜਾਂਦਾ ਸੀ। ਜਿਸ ਨੂੰ ਨਾਨਕੀ ਸ਼ੱਕ ਆਖਦੇ ਸਨ ਪਰ ਅੱਜ ਕੱਲ੍ਹ ਸਾਡੀਆਂ ਲੋੜਾਂ, ਮਜਬੂਰੀਆਂ, ਮਹਿਗਾਈ ਤੇ ਲਾਲਚਾ ਨੇ ਸਾਡੇ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਕੇ ਸਾਡੇ ਪੱਕੇ ਪਵਿੱਤਰ ਰਿਸ਼ਤਿਆਂ ਵਿਚ ਭਾਈਚਾਰਕ ਸਾਂਝ ਵਰਗੇ ਵਰਤਾਰੇ ਤੇ ਪਿਆਰ ਨੂੰ ਜਿਉਂਦਾ ਨਹੀਂ ਰਹਿਣ ਦਿੱਤਾ। ਲੱਗਦਾ ਏ ਹੁਣ ਸਾਡੀ ਆਪ ਮੋਹਾਰੀ ਜ਼ਿੰਦਗੀ ਵਿਚ ਸਾਡੇ ਵਰਤਾਰੇ ਤੇ ਪਿਆਰ ਸਾਥੋਂ ਕੋਹਾਂ ਦੂਰ ਚਲੇ ਗਏ ਹਨ।




• **ਰੇਸ਼ਮ ਸਿੰਘ**, 98151-53111

# ਜੁੱਤੀ ਕਸੂਰੀ ਪੈਰੀਂ ਨਾ ਪੂਰੀ...

ਜੇ. ਐੱਸ. ਬਲਿਆਲਵੀ

ਪੰਜਾਬੀ ਜੁੱਤੀ ਦਾ ਗੜ੍ਹ ਰਿਹਾ ਅਣਵੰਡੇ ਪੰਜਾਬ ਵੇਲੇ ਦਾ ਕਸੂਰ ਸ਼ਹਿਰ। ਲੋਕ ਬੋਲੀਆ ਵਿਚ ਇਸ ਦਾ ਜ਼ਿਕਰ ਅਜੇ ਵੀ ਕਾਇਮ ਹੈ। 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੋਰਨਾ ਪਿਆ' ਗੀਤ ਤੁਸੀਂ ਸੁਣਿਆ ਹੀ ਹੋਵੇਗਾ। ਕਿੰਨਾ ਮਿੱਠਾ ਹੈ ਇਹ ਗੀਤ। ਮਨ ਦੇ ਵਲਵਲੇ ਕਿਸ ਤਰ੍ਹਾਂ ਦਰਸਾਏ ਗਏ ਨੇ ਇਸ ਗੀਤ ਵਿਚ। ਜੁੱਤੀ ਨਾਲ ਜੁੜਿਆ ਇਹ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਨੂੰ ਚੰਗਾ ਲੱਗਦਾ ਹੈ। ਭਾਵੇਂ ਜੁੱਤੀ ਦਾ ਰਿਵਾਜ ਪਹਿਲਾ ਦੇ ਮੁਕਾਬਲੇ ਬਹੁਤ ਘੱਟ ਰਿਹੈ ਤੇ ਜੁੱਤੀ ਲੋੜ ਦੀ ਥਾਂ ਫ਼ੈਸ਼ਨ ਦਾ ਹਿੱਸਾ ਬਣਦੀ ਜਾ ਰਹੀ ਹੈ ਪਰ ਕਿਸੇ ਵੇਲੇ ਕਸੂਰ ਸ਼ਹਿਰ ਤੋਂ ਇਲਾਵਾ ਮੁਕਤਸਰ, ਪਟਿਆਲਾ, ਕਪੂਰਥਲਾ ਤੇ ਅੰਮ੍ਰਿਤਸਰ ਦੀ ਬਣੀ ਜੁੱਤੀ ਦੀ ਵੀ ਵਧੇਰੇ ਅਹਿਮੀਅਤ ਹੁੰਦੀ ਸੀ। ਕੋਈ ਵੇਲਾ ਸੀ ਜਦੋਂ ਇੱਥੋਂ ਦੀ ਬਣੀ ਲਾਲ ਸੂਹੇ ਰੰਗ ਦੀ ਕੱਢਵੀ ਜੁੱਤੀ ਦੂਰ-ਦੂਰ ਤਕ ਮਸ਼ਹੂਰ ਸੀ। ਚੀਕੂੰ-ਚੀਕੂੰ ਕਰਦੀ ਉਹ ਜੁੱਤੀ ਦੂਜਿਆ ਉੱਪਰ ਪਹਿਨਣ ਵਾਲੇ ਦੇ ਵਿਅਕਤੀਤਵ ਦਾ ਵੱਖਰਾ ਪ੍ਰਭਾਵ ਛੱਡਦੀ ਸੀ ਤੇ ਸਾਰਿਆਂ ਦਾ ਧਿਆਨ ਆਪਣੇਂ ਵੱਲ ਖਿੱਚਦੀ ਸੀ। ਮਰਦ ਹੀ ਨਹੀਂ ਔਰਤਾਂ ਦੀ ਵੀ ਇਹ ਪਹਿਲੀ ਪਸੰਦ ਵਿਚ ਸ਼ਾਮਲ ਸੀ। ਅੱਜ ਦੇ ਸਮੇਂ ਇਹ ਵਿਰਲੇ ਟਾਵੇਂ ਨੌਜਵਾਨਾਂ ਦੇ ਸ਼ੌਕ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਕਿਉਂਕਿ ਹੁਣ ਦੀ ਨਵੀਂ ਪਨੀਰੀ ਤੋਂ ਲੈ ਕੇ ਕਿਸੇ ਅਧੇੜ੍ਹ ਉਮਰ ਦੇ ਮਰਦ ਤਕ ਕੁੜਤੇ-ਪਜਮੇ ਦੀ ਥਾਂ ਫੈਸ਼ਨ ਮੁਤਾਬਕ ਪੈਂਟ-ਸ਼ਰਟ ਪਉਂਦੇ ਹਨ ਤੇ ਪੈਂਟ-ਸ਼ਰਟ ਨਾਲ ਜੁੱਤੀ ਦਾ ਕੀ ਮੇਲ, ਇਸ ਕਰਕੇ ਵੀ ਸ਼ਾਇਦ ਜੁੱਤੀ ਪਹਿਨਣ ਦਾ ਸ਼ੌਕ ਘੱਟਦਾ ਜਾ ਰਿਹਾ ਹੈ।



ਪਹਿਲੇਂ ਸਮਿਆਂ 'ਚ ਵਿਆਹ-ਸ਼ਾਦੀਆਂ, ਮੇਲਿਆਂ ਜਾਂ ਹੋਰ ਦਿਨਾਂ ਤਿਉਹਾਰਾਂ 'ਤੇ ਜੁੱਤੀ ਨੂੰ ਤੋਹਫ਼ੇ ਵੱਜੋਂ ਘਰ ਲਿਆਂਦਾ ਜਾਂਦਾ ਸੀ। ਇਹ ਮੌਕਿਆਂ 'ਤੇ ਗੱਭਰੂਆਂ ਦੇ ਪੈਰਾਂ ਵਿਚ ਸਜੀ ਕੱਢਵੀ ਜੁੱਤੀ ਇੰਨੀਂ ਜੱਚਦੀ ਹੈ ਕਿ ਦੇਖਣ ਵਾਲੇ ਦੇਖਦੇ ਹੀ ਰਹਿ ਜਾਂਦੇ। ਉਸ ਵੇਲੇ ਦੇ ਕਰੀਗਰ ਸਾਦੀਆਂ, ਵੱਖ-ਵੱਖ ਕਲਾਕਿਰਤੀਆਂ ਵਾਲੀਆਂ ਅਨੇਕਾਂ ਹੀ ਕਿਸਮ ਦੀਆਂ ਜੁੱਤੀਆਂ ਤਿਆਰ ਕਰਦੇ ਰਹੇ ਹਨ। ਪੰਜਾਬੀਆਂ ਵੱਲੋਂ ਜ਼ਿਆਦਾਤਰ ਮੌਜਾ, ਨੋਕ ਵਾਲੀ ਜੁੱਤੀ ਅਤੇ ਉਲਟਵੀ ਨੋਕ ਵਾਲੀ ਜੁੱਤੀ ਪਸੰਦ ਕੀਤੀ ਜਾਂਦੀ ਸੀ। ਤਿੱਲੇਦਾਰ ਜੁੱਤੀ ਦੀ ਮੰਗ ਅੱਜ ਵੀ ਗੱਭਰੂਆਂ ਵੱਲੋਂ ਕੀਤੀ ਜਾਂਦੀ ਹੈ। ਮਲਵਈ ਜੁੱਤੀਆਂ ਮੱਧਵਰਗੀ ਪਰਿਵਾਰਾਂ ਵੱਲੋਂ ਪਸੰਦ ਕੀਤੀਆਂ ਜਾਂਦੀਆਂ ਸਨ। ਇਹ ਜੁੱਤੀਆਂ ਤਿੱਲੇਦਾਰ ਜੁੱਤੀ ਨਾਲੋਂ ਵਧੇਰੇ ਮਜ਼ਬੂਤ ਅਤੇ ਮਹਿੰਗੀਆਂ ਹੁੰਦੀਆਂ ਸਨ। ਰਾਜੇ-ਮਹਾਰਾਜੇ ਜੁੱਤੀਆਂ ਉਪਰ ਕਾਰੀਗਰਾਂ ਪਾਸੋਂ ਤਿੱਲੇ ਦੀ ਥਾਂ ਸੋਨੇਂ ਅਤੇ ਚਾਂਦੀ ਦੀਆਂ ਤਾਰਾਂ ਦੀ ਕੱਢਵਾਈ ਕਰਵਾਉਦੇ ਸਨ। ਇਕ ਜੋੜੀ ਜੁੱਤੀ ਨੂੰ ਤਿਆਰ ਕਰਨ ਵਿਚ ਇਕ ਕਾਰੀਗਰ ਦੇ 30 ਤੋਂ 40 ਦਿਨ ਲੱਗ ਜਾਂਦੇ ਸਨ। ਅੱਜ ਮਹਿੰਗਾਈ ਦੇ ਦੌਰ 'ਚ ਦੇਸੀ ਜੁੱਤੀਆ ਦੀ ਬਹੁਤੀ ਕਦਰ ਨਹੀਂ ਰਹੀ। ਭਾਵੇਂ ਕੁਝ ਲੋਕ ਅੱਜ ਵੀ ਬੂਟਾਂ ਦੇ ਤਸਮੇ ਖੋਲਣ-ਬੰਨ੍ਹਣ ਨਾਲੋਂ ਜੁੱਤੀ ਪਹਿਨਣਾ ਪਸੰਦ ਕਰਦੇ ਹਨ। ਬੀਤੇ ਸਮਿਆਂ 'ਚ ਜੁੱਤੀਆਂ ਤਿਆਰ ਕਰਨ ਵਾਲਿਆ ਦੀਆਂ ਦੁਕਾਨਾਂ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ ਸਨ ਪਰ ਅੱਜ ਉਨ੍ਹਾਂ 'ਤੇ ਇੱਕੜ-ਦੁੱਕੜ ਲੋਕ ਹੀ ਨਜ਼ਰ ਆਉਂਦੇ ਹਨ। •

99886-68608

# ਦੁੱਖ-ਸੁੱਖ ਦੀ ਸਾਂਝ

ਦੁਨੀਆ ਦੀ ਸਭ ਤੋਂ ਪਿਆਰੀ ਜਗ੍ਹਾ ਘਰ ਹੁੰਦੀ ਹੈ। ਘਰ ਵਿਚ ਪਿਆਰੇ ਰਿਸ਼ਤੇ ਤੇ ਇਨ੍ਹਾਂ ਰਿਸ਼ਤਿਆਂ ਵਿਚ ਅਸੀਂ ਆਪਸੀ ਪਿਆਰ ਅਤੇ ਦੁੱਖ-ਸੁੱਖ ਦੀ ਸਾਂਝ ਕਰਕੇ ਜੁੜੇ ਰਹਿੰਦੇ ਹਾਂ। ਘਰ ਵਿਚ ਕਈ ਇਨਸਾਨ ਰਹਿੰਦੇ ਹਨ। ਉਨ੍ਹਾਂ ਵਿੱਚੋਂ ਜੇਕਰ ਕਿਸੇ ਇਕ ਨੂੰ ਤਕਲੀਫ਼ ਹੁੰਦੀ ਸੀ ਤਾਂ ਸਿਸਕਦੇ ਸਾਰੇ ਸਨ। ਅੱਥਰੂ ਹਰ ਇਕ ਦੀ ਅੱਖ ਵਿੱਚੋਂ ਝਲਕਦਾ ਸੀ। ਸ਼ਾਇਦ ਇਹ ਹੀ ਕਾਰਨ ਹੈ ਕਿ ਸਾਡੇ ਪੂਰਵਜ ਆਰੀਅਨ ਲੋਕ ਲੰਮੀ ਉਮਰ ਪਾਉਣ ਤੇ ਇਸ ਘਰ ਦੇ ਨਿੱਘ ਨੂੰ ਮਾਣਨ ਲਈ ਯੱਗ ਤੇ ਬਲੀਆਂ ਕਰਦੇ ਸਨ। ਉਹ ਸੰਸਾਰ ਤੇ ਇਸ ਦੇ ਰਿਸ਼ਤਿਆਂ ਨੂੰ ਮਾਣਨਾ ਚਾਹੁੰਦੇ ਸਨ। ਸ਼ਾਇਦ ਇਸ ਕਰਕੇ ਬਾਅਦ ਵਿਚ ਮਨੁੱਖ ਨੇ ਆਪਣੇ ਪੂਰਵਜਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ ਕਿ ਉਹ ਉਨ੍ਹਾਂ ਨੂੰ ਸੰਸਾਰਿਕ ਸੁੱਖ ਪ੍ਰਦਾਨ ਕਰਨਗੇ ਕਿਉਂਕਿ ਉਨ੍ਹਾਂ ਦੀ ਆਪਣੇ ਪੂਰਵਜਾਂ ਨਾਲ ਖ਼ੂਨ ਦੀ ਸਾਂਝ ਦੇ ਨਾਲ-ਨਾਲ ਦੁੱਖ-ਸੁੱਖ ਦੀ ਸਾਂਝ ਵੀ ਹੈ। ਦੁਨੀਆ ਦੀ ਇਸ ਪਿਆਰੀ ਜਗ੍ਹਾ ਘਰ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਜਿੱਥੇ ਖ਼ੂਨ ਦੇ ਤੌਰ 'ਤੇ ਸਾਡੀ ਸਾਂਝ ਹੈ ਪਰ ਦੁੱਖ-ਸੁੱਖ ਵਿਚ ਅਸੀਂ ਅਲੱਗ ਹਾਂ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਘਰ ਟੁੱਟ ਰਹੇ ਹਨ, ਰਿਸ਼ਤੇ ਤਿੜਕਦੇ ਜਾਂ ਰਹੇ ਹਨ। ਇਕ ਘਰ ਦੇ ਮੈਂਬਰ ਵੀ ਆਪਸ ਵਿਚ ਫੋਨ 'ਤੇ ਮਿਲਦੇ ਹਨ। ਸਾਰੇ ਰਿਸ਼ਤਿਆਂ ਵਿਚ ਕੇਵਲ ਰਸਮੀ ਸਾਂਝ ਤੇ ਅਪਣੱਤ ਰਹਿ ਗਈ ਹੈ। ਅਜੋਕੇ ਸਮੇਂ ਘਰਾਂ ਵਿਚਲੀ ਸਾਂਝ ਤੇ ਪਿਆਰ ਦੀ ਥਾਂ ਈਰਖਾ ਤੇ ਗੁੱਸੇ ਨੇ ਲੈ ਲਈ ਹੈ। ਜੇ ਦੇਖਿਆ ਜਾਵੇ ਤਾਂ ਇਹ ਸਾੜਾ ਕੇਵਲ ਭੈਣ ਭਰਾ ਦੇ ਰਿਸ਼ਤੇ ਵਿਚ ਹੀ ਨਹੀਂ ਸਗੋਂ ਮਾਪਿਆਂ ਤੇ ਬੱਚਿਆਂ ਵਿਚਕਾਰ ਵੀ ਪਾਇਆ ਜਾਂਦਾ ਹੈ। ਪਹਿਲਾਂ ਘਰ ਦਾ ਮੁੱਢ ਇਸ ਦਾ ਸ਼ਿਕਾਰ ਹੁੰਦਾ ਹੈ। ਬੱਚੇ ਉਨ੍ਹਾਂ ਨੂੰ ਦੇਖ ਕੇ ਉਹੋ ਜਿਹਾ ਰੂਪ ਗ੍ਰਹਿਣ ਕਰਦੇ ਹਨ। ਤਿੜਕੇ ਰਿਸ਼ਤਿਆਂ ਵਾਲੇ ਘਰਾਂ ਵਿਚ ਪੈਦਾ ਹੋਏ ਬੱਚਿਆਂ ਲਈ ਇਨ੍ਹਾਂ ਤ੍ਰੇੜਾਂ ਨੂੰ ਭਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਉਹ ਸ਼ੁਰੂ ਤੋਂ ਇਕੱਲੇ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ ਫਿਰ ਉਹ ਕਿਸ ਤਰੀਕੇ ਨਾਲ ਆਪਣੀ ਸਾਂਝ ਸਥਾਪਿਤ ਕਰਨ। ਸ਼ਾਇਦ ਇਸ ਕਰਕੇ ਸੰਯੁਕਤ ਪਰਿਵਾਰ ਖ਼ਤਮ ਹੋ ਰਹੇ ਹਨ ਅਤੇ ਇਥੋਂ ਤੱਕ ਕਿ ਮਾਪੇ ਤੇ ਬੱਚੇ ਵੀ ਅਲੱਗ ਰਹਿ ਰਹੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਇਸ ਸਾਂਝ ਨੂੰ ਤੋੜਨ ਲਈ ਕੌਣ ਜ਼ਿੰਮੇਵਾਰ ਹੈ, ਸਮਾਜ, ਮਾਪੇ ਜਾ ਬੱਚੇ। ਅਕਸਰ ਸਮਾਜ ਤੇ ਬੱਚਿਆਂ ਨੂੰ ਇਸ ਦੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਪਰ ਕੀ ਕਦੇ ਅਸੀਂ ਇਹ ਸੋਚਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮਾਜ ਸਾਡੇ ਨਾਲ ਬਣਦਾ ਹੈ ਤੇ ਬੱਚਿਆਂ ਦੀ ਪਰਵਰਿਸ਼ ਵੀ ਅਸੀਂ ਕਰਦੇ ਹਾਂ ਫਿਰ ਇਸ ਸਭ ਲਈ ਜ਼ਿੰਮੇਵਾਰ ਕੌਣ? ਜੇਕਰ ਅਸੀਂ ਵੀ ਆਪਣੇ ਪੂਰਵਜਾਂ ਦੀ ਤਰ੍ਹਾਂ ਘਰ ਦੇ ਪਿਆਰ ਤੇ ਸਾਂਝ ਨੂੰ ਮਾਣਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਪਹਿਲਾਂ ਅਸੀਂ ਆਪਣੇ ਬਜ਼ੁਰਗਾਂ ਨਾਲ ਸਾਂਝ ਪਾਈਏ ਜਿਸ ਨਾਲ ਸਾਡੇ ਬੱਚਿਆਂ ਦੀ ਸੋਚ ਬਦਲੇਗੀ ਤੇ ਫਿਰ ਸਮਾਜ। ਇਸ ਤਰ੍ਹਾਂ ਸਾਂਝੇ ਘਰਾਂ ਵੱਲ ਆਪਣੇ ਕਦਮ ਵਧਾਈਏ ਤੇ ਫਿਰ ਤੋਂ ਘਰ ਦੀ ਨਿੱਘ ਨੂੰ ਮਾਣੀਏ।

• **ਰੁਪਿੰਦਰ ਕੌਰ ਕੰਗ**
94175-60707

# ਪੰਜਾਬੀ ਸੱਭਿਆਚਾਰ ਦੀਆਂ ਨਿਸ਼ਾਨੀਆਂ

ਪੰਜਾਬ ਦੀ ਅਮੀਰ ਸੱਭਿਅਤਾ ਦੀਆਂ ਅਨੇਕਾਂ ਵਰਤੋਂ ਵਾਲੀਆਂ ਨਿਸ਼ਾਨੀਆਂ ਲੋਪ ਹੁੰਦੀਆਂ ਜਾ ਰਹੀਆਂ ਹਨ। ਲੋਕ ਸਾਰੰਗੀਆਂ, ਅਲਗੋਜ਼ੇ, ਅਖਾੜੇ, ਝੂਮਰ, ਸੰਮੀ, ਫੁਲਕਾਰੀਆਂ, ਚਰਖੇ, ਪੱਖੀਆਂ, ਖੂਹ, ਲੋਕ ਗੀਤ, ਪਹਿਰਾਵਾ ਆਦਿ ਨਾਲੋਂ ਅਜੋਕਾ ਪੰਜਾਬੀ ਵੱਖ ਹੁੰਦਾ ਜਾ ਰਿਹਾ ਹੈ। ਅਸੀਂ ਦਿਨੋ-ਦਿਨ ਕੰਮਾਂ ਵਿਚ ਰੁੱਝੇ ਹੋਣ ਕਰਕੇ ਸੱਭਿਆਚਾਰ ਨੂੰ ਭੁੱਲ ਰਹੇ ਹਾਂ। ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ ਬਰਗਰ, ਨੂਡਲਸ, ਪੀਜੇ ਵਰਗੀਆਂ ਚੀਜਾਂ ਖਾ ਕੇ ਬਿਮਾਰੀ ਨੂੰ ਸੱਦਾ ਦੇ ਰਹੀ ਹੈ। ਘਰੇਲੂ ਖਾਣੇ ਦੀ ਮਹੱਤਤਾ ਇਨ੍ਹਾਂ ਨੂੰ ਪਤਾ ਨਹੀ। ਗੱਲ ਕਰੀਏ ਫੁਲਕਾਰੀ, ਖੂਹ,ਟਿੰਡਾਂ, ਪਿੱਤਲ ਦੇ ਭਾਂਡੇ, ਦਰੀਆਂ, ਖੇਸ ਤੇ ਪੱਖੀਆਂ ਆਦਿ ਦੀ ਤਾਂ ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਦੇ ਨਾਂ ਤਕ ਨਹੀਂ ਪਤਾ। ਮਨੁੱਖੀ ਜੀਵਨ ਵਿਚ ਤਕਨੀਕੀ ਵਿਕਾਸ ਨੇ ਜਿੱਥੇ ਇਕ ਪਾਸੇ ਜੀਵਨ ਸੌਖਾ ਕੀਤਾ ਹੈ ਉੱਥੇ ਹੀ ਕੁਦਰਤ ਤੋਂ ਮਨੁੱਖ ਦੀ ਦੂਰੀ ਵੀ ਵਧਾਈ ਹੈ। ਨਵੀਂ ਤਕਨਾਲੋਜੀ ਦੇ ਆਉਣ ਨਾਲ ਪੱਖੀ ਸਾਡੇ ਜੀਵਨ ਵਿੱਚੋਂ ਲਗਪਗ ਲੋਪ ਹੋ ਗਈ ਹੈ। ਡਿਨਰ ਸੈੱਟ 'ਤੇ ਵਧੀਆ ਭਾਂਡਿਆਂ ਦੀ ਵਰਤੋਂ ਘਰ ਵਿਚ ਹੋਣ ਨਾਲ ਪਿੱਤਲ ਦੇ ਭਾਂਡਿਆਂ ਨੂੰ ਕੋਈ ਨਹੀਂ ਪੁੱਛਦਾ। ਸਰਦੀਆਂ ਵਿਚ ਕਮਰਿਆਂ ਵਿਚ ਹੀਟਰ ਹੋਣਗੇ, ਗਰਮ ਕੰਬਲ ਹੋਣਗੇ ਤੇ ਖੇਸਾਂ ਦੀ ਪਛਾਣ ਕਿੱਥੋਂ ਹੋਵੇਗੀ? ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਤੋਂ ਇਲਾਵਾ ਕਣਕ ਦੇ ਸਿੱਟਿਆਂ ਤਕ ਦਾ ਪਤਾ ਨਹੀਂ ਹੈ।ਹੁਣ ਗੱਲ ਕਰੀਏ ਮਾਂ-ਬੋਲੀ ਦੀ, ਲੋਕ ਆਪਣੀ ਮਾਂ-ਬੋਲੀ ਨੂੰ ਦਿਨੋ-ਦਿਨ ਵਿਸਾਰਦੇ ਜਾ ਰਹੇ ਹਨ। ਬੱਚੇ ਤੇ ਨੌਜਵਾਨ ਸਭ ਘਰੋਂ ਬਾਹਰ ਜਾ ਕੇ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸ ਕਰਦੇ ਹਨ। ਮਾਤਾ-ਪਿਤਾ ਵੀ ਦੇਖੋ-ਦੇਖੀ ਸਮਾਜਿਕ ਪ੍ਰਭਾਵ ਅਧੀਨ ਆਪਣੇ ਬੱਚਿਆਂ ਨੂੰ ਅੰਗਰੇਜ਼ੀ, ਹਿੰਦੀ ਬੋਲਣ ਲਈ ਪ੍ਰੇਰਿਤ ਕਰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜੀ ਰੱਖਣ ਤਾਂ ਹੀ ਬੱਚਿਆਂ ਵਿਚ ਮਾਂ-ਬੋਲੀ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ। ਮਾਂ-ਬੋਲੀ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿਚ ਵੀ ਤਬਦੀਲੀ ਆ ਰਹੀ ਹੈ। ਅਜੋਕੇ ਸਮੇਂ ਬੱਚਿਆਂ, ਨੌਜਵਾਨਾਂਨੂੰ ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਪੁਰਾਤਨ ਯੁੱਗ ਦੇ ਪਹਿਰਾਵੇ ਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਢੇਰ ਸਾਰਾ ਅੰਤਰ ਆ ਗਿਆ ਹੈ। ਪਹਿਲਾਂ ਸਲਵਾਰ-ਕਮੀਜ਼ ਤੇ ਧੋਤੀ-ਕੁੜ੍ਹਤੇ, ਪੈਂਟ-ਕਮੀਜ਼ ਦਾ ਰਿਵਾਜ ਸੀ ਨੌਜਵਾਨ ਪੀੜ੍ਹੀ ਦਾ ਪਹਿਰਾਵਾ ਵੱਖਰੀ ਕਿਸਮ ਦਾ ਹੈ। ਉਨ੍ਹਾਂ ਲਈ ਪਹਿਰਾਵਾ ਇਕ ਹੁਨਰ ਬਣ ਗਿਆ ਹੈ। ਅਜਿਹੇ ਮਾਹੌਲ ਵਿਚ ਉਹ ਸੱਭਿਆਚਾਰ ਤੇ ਪੰਜਾਬੀ ਪਹਿਰਾਵੇ ਬਾਰੇ ਕਿੱਥੋਂ ਜਾਣੂ ਹੋਣਗੇ? ਹੁਣ ਕੋਈ ਵੀ ਪਰਿਵਾਰ ਬਜ਼ੁਰਗਾਂ ਦੀ ਗੱਲ ਨੂੰ ਨਹੀਂ ਸਹਾਰਦਾ। ਉਨ੍ਹਾਂ ਨੂੰ ਪਹਿਲਾ ਵਰਗਾ ਸਤਿਕਾਰ ਨਹੀਂ ਦਿੱਤਾ ਜਾਂਦਾ।

ਅਜੋਕੇ ਸਮੇਂ ਵਿਚ ਲੋੜ ਹੈ ਜਾਗਰੂਕਤਾ ਦੀ ਕਿਉਂਕਿ ਆਧੁਨਿਕ ਤਬਦੀਲੀ ਨੇ ਸਾਡੇ ਸੱਭਿਆਚਾਰ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ। ਸੰਸਾਰ ਭਰ ਦੇ ਵਿਦਵਾਨ ਮੰਨਦੇ ਹਨ ਕਿ ਬੱਚੇ ਦੀ ਸ਼ਖ਼ਸੀਅਤ ਦਾ ਤਾਂ ਹੀ ਸਹੀ ਵਿਕਾਸ ਹੋਵੇਗਾ, ਜੇ ਉਨ੍ਹਾਂ ਦੀ ਮੁੱਢਲੀ ਸਿੱਖਿਆ ਮਾਂ-ਬੋਲੀ ਵਿਚ ਹੋਵੇਗੀ। ਜੇ ਇਸੇ ਤਰ੍ਹਾਂ ਅਸੀਂ ਸੱਭਿਆਚਾਰ ਨੂੰ ਵਿਸਾਰਦੇ ਗਏ ਤਾਂ ਇਕ ਦਿਨ ਅਸੀਂ ਸੱਭਿਆਚਾਰ ਪੱਛਮੀ ਪ੍ਰਭਾਵ ਹੇਠ ਗੁਆ ਕੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਵਾਂਗੇ। ਤਰੱਕੀ ਹਰ ਸਮਾਜ ਲਈ ਜ਼ਰੂਰੀ ਹੈ ਪਰ ਸਾਨੂੰ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਕੋਈ ਦਰਖ਼ਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।



• **ਸੰਦੀਪ ਕੌਰ ਹਿਮਾਂਯੂੰਪੁਰਾ**
97816-60021

# ਟਰੰਪ ਨੇ ਇਰਾਨ ਜੰਗ ਹ਼ਫਤਿਆਂ ਵਿੱਚ ਖ਼ਤਮ ਹੋਣ ਦੀ ਜਤਾਈ ਉਮੀਦ; ਨੇਤਨਯਾਹੂ ਨੇ ਹਮਲੇ ਨੂੰ ਸ਼ਾਂਤੀ ਲਈ ਦੱਸਿਆ ਜ਼ਰੂਰੀ

**ਵਾਸ਼ਿੰਗਟਨ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਟਰੰਪ ਨੇ ਇਰਾਨ ਵਿਰੁੱਧ ਜੰਗ ਦੇ ਹਫ਼ਤਿਆਂ ਵਿੱਚ ਖ਼ਤਮ ਹੋਣ ਦੀ ਉਮੀਦ ਜਤਾਈ, ਜਦੋਂਕਿ ਨੇਤਨਯਾਹੂ ਨੇ ਹਮਲੇ ਦੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਇਸ ਨੂੰ ਸਥਾਈ ਸ਼ਾਂਤੀ ਦਾ ਰਾਹ ਦੱਸਿਆ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਰਾਨ ਵਿਰੁੱਧ ਜਾਰੀ ਜੰਗ ਬਾਰੇ ਅਹਿਮ ਬਿਆਨ ਦਿੰਦਿਆਂ ਕਿਹਾ ਹੈ ਕਿ ਭਾਵੇਂ ਇਸ ਸੰਘਰਸ਼ ਵਿੱਚ ਕੁਝ ਸਮਾਂ ਲੱਗ ਸਕਦਾ ਹੈ, ਪਰ ਇਹ ਕਈ ਸਾਲਾਂ ਤੱਕ ਚੱਲਣ ਵਾਲੀ ਨਹੀਂ ਹੋਵੇਗੀ। ਨੇਤਨਯਾਹੂ ਨੇ ਉਮੀਦ ਜਤਾਈ ਕਿ ਇਹ ਜੰਗ ਮੱਧ ਪੂਰਬ ਵਿੱਚ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕਰੇਗੀ, ਜਿਸ ਵਿੱਚ ਇਜ਼ਰਾਈਲ ਅਤੇ ਸਾਊਦੀ ਅਰਬ ਦੇ ਸਬੰਧਾਂ ਵਿੱਚ ਸੁਧਾਰ ਵੀ ਸ਼ਾਮਲ ਹੈ।

ਇਸ ਤੋਂ ਪਹਿਲਾਂ ਸਾਊਦੀ ਅਰਬ ਦੀ ਰਾਜਧਾਨੀ ਰਿਆਧ ਵਿੱਚ ਸਥਿਤ ਅਮਰੀਕੀ ਦੂਤਾਵਾਸ ਮੰਗਲਵਾਰ ਸਵੇਰੇ ਦੋ ਡਰੋਨ ਹਮਲਿਆਂ ਦਾ ਨਿਸ਼ਾਨਾ ਬਣਿਆ। ਸਾਊਦੀ ਰੱਖਿਆ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਹਮਲੇ ਕਾਰਨ ਦੂਤਾਵਾਸ ਦੀ ਇਮਾਰਤ ਵਿੱਚ ਮਾਮੂਲੀ ਅੱਗ ਲੱਗ ਗਈ ਅਤੇ ਕੁਝ ਮਾਲੀ ਨੁਕਸਾਨ ਹੋਇਆ ਹੈ। ਖੁਸ਼ਕਿਸਮਤੀ ਨਾਲ, ਇਹ ਹਮਲਾ ਸਵੇਰ ਦੇ ਵੇਲੇ ਹੋਇਆ ਜਦੋਂ ਇਮਾਰਤ ਖਾਲੀ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰਿਆਦ ਦੇ ਡਿਪਲੋਮੈਟਿਕ ਕੁਆਰਟਰ ਉੱਪਰ ਕਾਲੇ ਧੂੰਏਂ ਦੇ ਬੱਦਲ ਦੇਖੇ ਗਏ, ਜਿਸ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ।

ਇਹ ਹਮਲਾ ਇਰਾਨ ਅਤੇ ਅਮਰੀਕਾ-ਇਜ਼ਰਾਈਲ ਵਿਚਾਲੇ ਵਧਦੇ ਜੰਗੀ ਤਣਾਅ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਬੀਤੇ ਸ਼ਨੀਵਾਰ ਨੂੰ ਇਰਾਨ ’ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਇਰਾਨ ਵੱਲੋਂ ਖਾੜੀ ਦੇ ਉਨ੍ਹਾਂ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿੱਥੇ ਅਮਰੀਕੀ ਫੌਜੀ ਅੱਡੇ ਮੌਜੂਦ ਹਨ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਮਰੀਕੀ ਦੂਤਾਵਾਸ ਨੇ ਰਿਆਧ ਵਿੱਚ ਰਹਿ ਰਹੇ ਆਪਣੇ ਨਾਗਰਿਕਾਂ ਲਈ ‘ਸ਼ੈਲਟਰ-ਇਨ-ਪਲੇਸ’ (ਸੁਰੱਖਿਅਤ ਥਾਂ ’ਤੇ ਰਹਿਣ) ਦਾ ਨੋਟਿਸ ਜਾਰੀ ਕੀਤਾ ਹੈ ਅਤੇ ਅਗਲੀ ਸੂਚਨਾ ਤੱਕ ਦੂਤਾਵਾਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਉਧਰ ਇਸ ਹਮਲੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੇਹੱਦ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਹਮਲੇ ਦੀ ਨਿੰਦਾ ਕਰਦੇ ਹੋਏ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਰਾਨ ਨੂੰ ਸਿੱਧੀ ਚੇਤਾਵਨੀ ਦਿੱਤੀ ਅਤੇ ਜਵਾਬੀ ਕਾਰਵਾਈ ਦੇ ਸੰਕੇਤ ਦਿੰਦਿਆਂ ਕਿਹਾ, ‘ਤੁਹਾਨੂੰ ਜਲਦੀ ਹੀ ਪਤਾ ਲੱਗ ਜਾਵੇਗਾ’।

ਟਰੰਪ ਨੇ ਕਿਹਾ ਕਿ ਭਾਵੇਂ ਇਰਾਨ ਵਿਰੁੱਧ ਫੌਜੀ ਕਾਰਵਾਈ ਲਈ ਚਾਰ ਤੋਂ ਪੰਜ ਹ਼ਫਤਿਆਂ ਦਾ ਸ਼ੁਰੂਆਤੀ ਸਮਾਂ ਮਿੱਥਿਆ ਗਿਆ ਹੈ, ਪਰ ਅਮਰੀਕਾ ਕੋਲ ਇਸ ਤੋਂ ਕਿਤੇ ਜ਼ਿਆਦਾ ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣ ਦੀ ਪੂਰੀ ਸਮਰੱਥਾ ਹੈ। ਉਨ੍ਹਾਂ ਦੇ ਇਸ ਬਿਆਨ ਨੇ ਸਾਫ਼ ਕਰ ਦਿੱਤਾ ਹੈ ਕਿ ਅਮਰੀਕਾ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

ਟਰੰਪ ਨੇ ਇਰਾਨ ਵਿਰੁੱਧ ਜੰਗ ਦੇ ਹ਼ਫਤਿਆਂ ਵਿੱਚ ਖ਼ਤਮ ਹੋਣ ਦੀ ਉਮੀਦ ਜਤਾਈ, ਜਦੋਂਕਿ ਨੇਤਨਯਾਹੂ ਨੇ ਹਮਲੇ ਦੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਇਸ ਨੂੰ ਸਥਾਈ ਸ਼ਾਂਤੀ ਦਾ ਰਾਹ ਦੱਸਿਆ। ਟਰੰਪ ਨੇ ਇਹ ਵੀ ਕਿਹਾ ਕਿ ਭਾਵੇਂ ਇਰਾਨ ਵਿਰੁੱਧ ਫੌਜੀ ਕਾਰਵਾਈ ਲਈ ਚਾਰ ਤੋਂ ਪੰਜ ਹ਼ਫਤਿਆਂ ਦਾ ਸ਼ੁਰੂਆਤੀ ਸਮਾਂ ਮਿੱਥਿਆ ਗਿਆ ਹੈ, ਪਰ ਅਮਰੀਕਾ ਕੋਲ ਇਸ ਤੋਂ ਕਿਤੇ ਜ਼ਿਆਦਾ ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣ ਦੀ ਪੂਰੀ ਸਮਰੱਥਾ ਹੈ।

ਉਨ੍ਹਾਂ ਦੇ ਇਸ ਬਿਆਨ ਨੇ ਸਾਫ਼ ਕਰ ਦਿੱਤਾ ਹੈ ਕਿ ਅਮਰੀਕਾ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

# ਸੋਨੀਆ ਗਾਂਧੀ ਵੱਲੋਂ ਖਮੇਨੀ ਦੀ ਹੱਤਿਆ ’ਤੇ ਮੋਦੀ ਸਰਕਾਰ ਦੀ ਚੁੱਪ ਦੀ ਨਿਖੇਧੀ

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਦੀ ਸਰਕਾਰ ਦੀ ਤਿੱਖੀ ਆਲੋਚਨਾ ਕਰਦਿਆਂਕਾਂਗਰਸ ਸੰਸਦੀ ਦਲ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਮੰਗਲਵਾਰ ਨੂੰ ਕਿਹਾ ਕਿ ਇਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖਮੇਨੀ ਦੀ ਨਿਸ਼ਾਨਾ ਬਣਾ ਕੇ ਕੀਤੀ ਗਈ ਹੱਤਿਆ ’ਤੇ ਸਰਕਾਰ ਦੀ ਚੁੱਪ ਨਿਰਪੱਖਤਾ ਨਹੀਂ ਬਲਕਿ ਜ਼ਿੰਮੇਵਾਰੀ ਤੋਂ ਭੱਜਣਾ ਹੈ,ਅਤੇ ਇਹ ਭਾਰਤ ਦੀ ਵਿਦੇਸ਼ ਨੀਤੀ ਦੀ ਦਿਸ਼ਾ ਅਤੇ ਭਰੋਸੇਯੋਗਤਾ ’ਤੇ ਗੰਭੀਰ ਸਵਾਲ ਖੜ੍ਹੇ ਕਰਦੀ ਹੈ।

ਕਾਂਗਰਸ ਦੀ ਸਾਬਕਾ ਪ੍ਰਧਾਨ ਨੇ ਇਹ ਮੰਗ ਵੀ ਕੀਤੀ ਕਿ ਜਦੋਂ ਬਜਟ ਸੈਸ਼ਨ ਦੇ ਦੂਜੇ ਹਿੱਸੇ ਲਈ ਸੰਸਦ ਦੁਬਾਰਾ ਜੁੜੇ,ਤਾਂ ਅੰਤਰਰਾਸ਼ਟਰੀ ਵਿਵਸਥਾ ਦੇ ਟੁੱਟਣ ’ਤੇ ਸਰਕਾਰ ਦੀ ‘ਪ੍ਰੇਸ਼ਾਨ ਕਰਨ ਵਾਲੀ ਚੁੱਪ’ ’ਤੇ ਖੁੱਲ੍ਹ ਕੇ ਅਤੇ ਬਿਨਾਂ ਕਿਸੇ ਟਾਲ-ਮਟੋਲ ਦੇ ਬਹਿਸ ਹੋਣੀ ਚਾਹੀਦੀ ਹੈ।

’ਦਿ ਇੰਡੀਅਨ ਐਕਸਪ੍ਰੈਸ’ ਵਿੱਚ ਪ੍ਰਕਾਸ਼ਿਤ ਆਪਣੇ ਲੇਖ ਵਿੱਚ ਗਾਂਧੀ ਨੇ ਕਿਹਾ ਕਿ ਸਾਨੂੰ ਆਪਣੀ ਨੈਤਿਕ ਸ਼ਕਤੀ ਨੂੰ ਮੁੜ ਖੋਜਣ ਅਤੇ ਇਸ ਨੂੰ ਸਪੱਸ਼ਟਤਾ ਅਤੇ ਵਚਨਬੱਧਤਾ ਨਾਲ ਪ੍ਰਗਟ ਕਰਨ



ਦੀ ਫੌਰੀ ਲੋੜ ਹੈ। ਉਨ੍ਹਾਂ ਕਿਹਾ, 1 ਮਾਰਚ ਨੂੰ ਇਰਾਨ ਨੇ ਪੁਸ਼ਟੀ ਕੀਤੀ ਕਿ ਉਸਦੇ ਸੁਪਰੀਮ ਲੀਡਰ ਆਇਤੁੱਲਾ ਸਈਅਦ ਅਲੀ ਹੁਸੈਨੀ ਖਮੇਨੇਈ ਦੀ ਪਿਛਲੇ ਦਿਨ ਸੰਯੁਕਤ ਰਾਜ ਅਤੇ ਇਜ਼ਰਾਈਲ ਦੁਆਰਾ ਕੀਤੇ ਗਏ ਨਿਸ਼ਾਨਾ ਹਮਲਿਆਂ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਚੱਲ ਰਹੀ ਗੱਲਬਾਤ ਦੇ ਵਿਚਕਾਰ ਇੱਕ ਮੌਜੂਦਾ ਰਾਸ਼ਟਰ ਮੁਖੀ ਦੀ ਹੱਤਿਆ ਸਮਕਾਲੀ ਅੰਤਰਰਾਸ਼ਟਰੀ ਸਬੰਧਾਂ ਵਿੱਚ ਇੱਕ ਗੰਭੀਰ ਵਿਗਾੜ ਹੈ।

ਉਨ੍ਹਾਂ ਕਿਹਾ ਕਿ ਚਿੰਤਾ ਇਸ ਗੱਲ ਤੋਂ ਵੀ ਵਧ ਗਈ ਹੈ ਕਿ ਹੱਤਿਆ ਤੋਂ ਮਹਿਜ਼ 48 ਘੰਟੇ ਪਹਿਲਾਂ ਪ੍ਰਧਾਨ ਮੰਤਰੀ ਇਜ਼ਰਾਈਲ ਦੇ ਦੌਰੇ ਤੋਂ ਪਰਤੇ ਸਨ,ਜਿੱਥੇ ਉਨ੍ਹਾਂ ਨੇ ਬੈਂਜਾਮਿਨ ਨੇਤਨਯਾਹੂ ਦੀ ਸਰਕਾਰ ਲਈ ਪੂਰਨ ਸਮਰਥਨ ਦੁਹਰਾਇਆ ਸੀ,ਜਦੋਂ ਕਿ ਗਾਜ਼ਾ ਸੰਘਰਸ਼ ਕਾਰਨ ਦੁਨੀਆ ਭਰ ਵਿੱਚ ਗੁੱਸਾ ਹੈ।

ਗਾਂਧੀ ਨੇ ਦਾਅਵਾ ਕੀਤਾ ਕਿ ਭਾਰਤ ਦਾ ਇਹ ਰੁਖ ਇਸ ਤ੍ਰਾਸਦੀ ਦੀ ਮੂਕ ਸਹਿਮਤੀ ਦਾ ਸੰਕੇਤ ਦੇ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕਾਂਗਰਸ ਨੇ ਇਰਾਨੀ ਧਰਤੀ ’ਤੇ ਹੋਏ ਬੰਬ ਧਮਾਕਿਆਂ ਅਤੇ ਹੱਤਿਆਵਾਂ ਦੀ ਸਪੱਸ਼ਟ ਨਿੰਦਾ ਕੀਤੀ ਹੈ।

# ਮੁੱਖ ਮੰਤਰੀ ਨੇ ਬਜਟ ਇਜਲਾਸ ਤੋਂ ਪਹਿਲਾਂ ਮੰਤਰੀ ਮੰਡਲ ਦੀ ਮੀਟਿੰਗ ਸੱਦੀ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 6 ਮਾਰਚ ਤੋਂ ਸ਼ੁਰੂ ਹੋਣ ਵਾਲੇ ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਤੋਂ ਪਹਿਲਾਂ ਮੰਤਰੀ ਮੰਡਲ ਦੀ ਮੀਟਿੰਗ ਸੱਦ ਲਈ ਹੈ। ਇਹ ਮੀਟਿੰਗ 5 ਮਾਰਚ ਨੂੰ ਦੁਪਹਿਰ ਡੇਢ ਵਜੇ ਚੰਡੀਗੜ੍ਹ ਵਿਖੇ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ ’ਤੇ ਹੋਵੇਗੀ। ਹਾਲਾਂਕਿ ਪੰਜਾਬ ਸਰਕਾਰ ਵੱਲੋਂ ਮੀਟਿੰਗ ਦਾ ਕੋਈ ਏਜੰਡਾ ਜਾਰੀ ਨਹੀਂ ਕੀਤਾ ਗਿਆ ਹੈ।



ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਇਸ ਵਾਰ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਸੂਬੇ ਦੀ ਸਨਅਤੀ ਨੀਤੀ ਨੂੰ ਪ੍ਰਵਾਨਗੀ ਦਿੱਤੀ ਜਾ ਸਕਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਲੰਘੇ ਦਿਨ ਐਲਾਨ ਕੀਤਾ ਸੀ ਕਿ ਪੰਜਾਬ ਸਰਕਾਰ ਵੱਲੋਂ ਜਲਦ ਹੀ ਸੂਬੇ ਦੀ ਨਵੀਂ ਸਨਅਤੀ ਨੀਤੀ ਦਾ ਐਲਾਨ ਕੀਤਾ ਜਾਵੇਗਾ।

ਦੱਸਣਯੋਗ ਹੈ ਕਿ ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ 8 ਮਾਰਚ ਤੋਂ ਸ਼ੁਰੂ ਹੋਵੇਗਾ। ਜਦੋਂ ਕਿ ਵਿੱਤੀ ਵਰ੍ਹੇ 2026-27 ਲਈ ਬਜਟ 8 ਮਾਰਚ ਦਿਨ ਐਤਵਾਰ ਨੂੰ ਪੇਸ਼ ਕੀਤਾ ਜਾਵੇਗਾ।

# ‘ਆਪ’ ਦੇ ਕਾਰਜਕਾਲ ’ਚ ਪੰਜਾਬ ਸਿਰ ਕਰਜ਼ੇ ਦਾ ਬੋਝ ਚਾਰ ਫੀਸਦ ਘਟਿਆ: ਹਰਪਾਲ ਚੀਮਾ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੰਗਲਵਾਰ ਨੂੰ ਕਿਹਾ ਕਿ ‘ਆਪ’ ਸਰਕਾਰ ਨੇ ਕਰਜ਼ੇ ਅਤੇ ਜੀਐੱਸਡੀਪੀ (GSDP) ਦੇ ਅਨੁਪਾਤ ਨੂੰ ਚਾਰ ਫੀਸਦੀ ਘਟਾ ਕੇ 44.47 ਫੀਸਦੀ ਕਰ ਦਿੱਤਾ ਹੈ। ਉਨ੍ਹਾਂ ਇਹ ਦਾਅਵਾ ਵੀ ਕੀਤਾ ਕਿ ਸਰਕਾਰ ਆਪਣੀ ਉਧਾਰ ਲਈ ਗਈ ਰਾਸ਼ੀ ਦਾ 85 ਫੀਸਦੀ ਹਿੱਸਾ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਵੱਲੋਂ ਲਏ ਗਏ ਪੁਰਾਣੇ ਕਰਜ਼ੇ ਨੂੰ ਚੁਕਾਉਣ ’ਤੇ ਖਰਚ ਕਰ ਰਹੀ ਹੈ। ਚੀਮਾ ਨੇ ਵਿਰੋਧੀ ਪਾਰਟੀਆਂ ਦੇ ਉਨ੍ਹਾਂ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਜੋ ਵਧਦੇ ਸੂਬੇ ਦੇ ਕਰਜ਼ੇ ਨੂੰ ਲੈ ਕੇ ‘ਆਪ’ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਅਤੇ ਪਿਛਲੀਆਂ ਸਰਕਾਰਾਂ ਨੂੰ ਸੂਬੇ ਨੂੰ ÷ਕਰਜ਼ੇ ਦੇ ਜਾਲ÷ ਵਿੱਚ ਧੱਕਣ ਲਈ ਜ਼ਿੰਮੇਵਾਰ ਠਹਿਰਾਇਆ। ਵਿੱਤ ਮੰਤਰੀ ਨੇ ਆਪਣੇ ਵਿਭਾਗ ਦੀਆਂ ਪ੍ਰਾਪਤੀਆਂ ’ਤੇ ਚਾਨਣਾ ਪਾਇਆ ਕਿਉਂਕਿ ‘ਆਪ’ ਸਰਕਾਰ 16 ਮਾਰਚ ਨੂੰ ਸੱਤਾ ਵਿੱਚ ਚਾਰ ਸਾਲ ਪੂਰੇ ਕਰ ਰਹੀ ਹੈ।



‘ਆਪ’ ਸਰਕਾਰ ਦੇ ਪਿਛਲੇ ਚਾਰ ਸਾਲਾਂ ਦੇ ਵਸਤੂ ਅਤੇ ਸੇਵਾ ਕਰ (GST) ਸੰਗ੍ਰਹਿ ਦੀ ਪਿਛਲੀ ਕਾਂਗਰਸ ਸਰਕਾਰ ਨਾਲ ਤੁਲਨਾ ਕਰਦੇ ਹੋਏ ਚੀਮਾ ਨੇ ਕਿਹਾ ਕਿ ਰਾਜ ਸਰਕਾਰ ਨੇ ਪਿਛਲੇ ਚਾਰ ਸਾਲਾਂ ਵਿੱਚ 83,739 ਕਰੋੜ ਰੁਪਏ ਦਾ ਟੈਕਸ ਮਾਲੀਆ ਇਕੱਠਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਸੀ ਤਾਂ ਪੰਜ ਸਾਲਾਂ ਵਿੱਚ ਜੀਐਸਟੀ ਸੰਗ੍ਰਹਿ 61,286 ਕਰੋੜ ਰੁਪਏ ਸੀ। ਚੀਮਾ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ ਵਿਭਾਗ ਨੇ ਪਿਛਲੇ ਚਾਰ ਸਾਲਾਂ ਵਿੱਚ 37,975 ਕਰੋੜ ਰੁਪਏ ਦਾ ਆਬਕਾਰੀ ਮਾਲੀਆ ਇਕੱਠਾ ਕੀਤਾ ਹੈ। ਹਾਲਾਂਕਿ, ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਸ਼ਾਸਨ ਦੌਰਾਨ ਆਬਕਾਰੀ ਮਾਲੀਆ ਕ੍ਰਮਵਾਰ 20,545 ਕਰੋੜ ਰੁਪਏ ਅਤੇ 27,395 ਕਰੋੜ ਰੁਪਏ ਰਿਹਾ ਸੀ।

ਬਕਾਇਆ ਕਰਜ਼ੇ ਦੇ ਮੁੱਦੇ ’ਤੇ ਚੀਮਾ ਨੇ ਕਿਹਾ ਕਿ ਜਦੋਂ 2022 ਵਿੱਚ ‘ਆਪ’ ਸੱਤਾ ਵਿੱਚ ਆਈ ਸੀ ਤਾਂ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਵੱਲੋਂ 3 ਲੱਖ ਕਰੋੜ ਰੁਪਏ ਦਾ ਬਕਾਇਆ ਕਰਜ਼ਾ ਛੱਡਿਆ ਗਿਆ ਸੀ। ਚੀਮਾ ਨੇ ਕਿਹਾ, ਉਸ ਕਰਜ਼ੇ ਦੀ ਅਦਾਇਗੀ ਕਰਕੇ, ਅਸੀਂ ਮੂਲ ਰਾਸ਼ੀ ਦਾ 35 ਫੀਸਦੀ ਅਤੇ ਵਿਆਜ ਦਾ 50 ਫੀਸਦੀ ਵਾਪਸ ਕਰ ਦਿੱਤਾ ਹੈ। ਅਸੀਂ ਜੋ ਉਧਾਰ ਲਿਆ ਸੀ, ਉਸ ਦਾ 85 ਫੀਸਦੀ ਹਿੱਸਾ ਪੁਰਾਣੇ ਕਰਜ਼ੇ ਨੂੰ ਉਤਾਰਨ ’ਤੇ ਖਰਚ ਕੀਤਾ ਗਿਆ ਸੀ।

ਹਾਲਾਂਕਿ, ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਕਰਜ਼ੇ ਅਤੇ ਕੁੱਲ ਰਾਜ ਘਰੇਲੂ ਉਤਪਾਦ (GSDP) ਦੇ ਅਨੁਪਾਤ ਨੂੰ 2022 ਵਿੱਚ 48.25 ਫੀਸਦੀ ਤੋਂ ਘਟਾ ਕੇ 44.47 ਫੀਸਦੀ ਕਰ ਦਿੱਤਾ ਹੈ। ਉਨ੍ਹਾਂ ਨੋਟ ਕੀਤਾ ਕਿ ਇਹ ਸੂਬਾ ਸਰਕਾਰ ਦੀ ਇੱਕ ਵੱਡੀ ਪ੍ਰਾਪਤੀ ਹੈ। ਇੱਕ ਸਵਾਲ ਦਾ ਜਵਾਬ ਦਿੰਦਿਆਂ ਚੀਮਾ ਨੇ ਕਿਹਾ ਕਿ ਜਦੋਂ ਅਕਾਲੀ-ਭਾਜਪਾ ਅਤੇ ਕਾਂਗਰਸ ਸੱਤਾ ਵਿੱਚ ਸਨ ਤਾਂ ਪੰਜਾਬ ਕਰਜ਼ੇ ਦੇ ਜਾਲ ਵਿੱਚ ਫਸਿਆ ਹੋਇਆ ਸੀ।

# ਜਗਨਨਾਥ ਮੰਦਰ ਨੇੜੇ ਸ਼ਰਧਾਲੂਆਂ ਵਿੱਚ ਮਚੀ ਭਗਦੜ

**ਪੁਰੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਉੜੀਸਾ ਦੇ ਪੁਰੀ ਵਿੱਚ ਸ਼੍ਰੀ ਜਗਨਨਾਥ ਮੰਦਰ ਦੇ ਕੋਲ ‘ਡੋਲਾ ਪੂਰਨਿਮਾ ਮੌਕੇ ਸ਼ਰਧਾਲੂਆਂ ਵਿਚਕਾਰ ਅਫਰਾ-ਤਫਰੀ ਫੈਲਣ ਕਾਰਨ ਕੁਝ ਸਮੇਂ ਲਈ ਤਣਾਅ ਪੈਦਾ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ ਅਤੇ ਸਥਿਤੀ ਨੂੰ ਤੁਰੰਤ ਕੰਟਰੋਲ ਕਰ ਲਿਆ ਗਿਆ ਹੈ।



ਪੁਰੀ ਦੇ ਪੁਲੀਸ ਸੁਪਰਡੈਂਟ (ਐਸਪੀ) ਪ੍ਰਤੀਕ ਸਿੰਘ ਨੇ ਦੱਸਿਆ, ਇੱਕ ਮਹਿਲਾ ਸ਼ਰਧਾਲੂ ਆਪਣੇ ਪਹਿਰਾਵੇ ਕਾਰਨ ਡਿੱਗ ਗਈ ਸੀ। ਮਹਿਲਾ ਪੁਲੀਸ ਮੁਲਾਜ਼ਮਾਂ ਨੇ ਉਸ ਦੀ ਮਦਦ ਕੀਤੀ ਅਤੇ ਉਹ ਬਿਨਾਂ ਕਿਸੇ ਸੱਟ ਦੇ ਦੁਬਾਰਾ ਖੜ੍ਹੀ ਹੋ ਗਈ।

‘ਡੋਲਾ ਪੂਰਨਿਮਾ’ ਦੇ ਮੌਕੇ ’ਤੇ ਮੰਦਰ ਦੇ ਬਾਹਰ ਵੱਡੀ ਗਿਣਤੀ ’ਚ ਸ਼ਰਧਾਲੂ ਇਕੱਠੇ ਹੋਏ ਸਨ। ਸੈਂਕੜੇ ਲੋਕ ਉਸ ਪਾਸੇ ਵੱਲ ਵਧੇ ਜਿੱਥੇ ਇੱਕ ਪੰਡਾਲ ਵਿੱਚ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਸਨ, ਜਿਸ ਕਾਰਨ ਭੀੜ ਜ਼ਿਆਦਾ ਹੋ ਗਈ। ਪੁਲੀਸ ਨੇ ਦੱਸਿਆ ਕਿ ਕੁਝ ਹੀ ਮਿੰਟਾਂ ਵਿੱਚ ਭੀੜ ਘੱਟ ਗਈ ਅਤੇ ਹਾਲਾਤ ਆਮ ਵਾਂਗ ਹੋ ਗਏ।

# ਹਰਮੀਤ ਸਿੰਘ ਗੁਰਦੁਆਰਾ ਬੰਗਲਾ ਸਾਹਿਬ ਦੇ ਕੋ-ਚੇਅਰਮੈਨ ਨਿਯੁਕਤ



**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਰਮੀਤ ਸਿੰਘ ਨੂੰ ਗੁਰਦੁਆਰਾ ਬੰਗਲਾ ਸਾਹਿਬ ਦੇ ਕੋ-ਚੇਅਰਮੈਨ ਵਜੋਂ ਨਿਯੁਕਤ ਹੋਣ ‘ਤੇ ਦਿਲੋਂ ਹਾਰਦਿਕ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਆਪਣੇ ਸੰਦੇਸ਼ ਵਿੱਚ ਆਖਿਆ ਕਿ ਗੁਰਦੁਆਰਾ ਬੰਗਲਾ ਸਾਹਿਬ ਸਿਰਫ਼ ਇਕ ਇਤਿਹਾਸਕ ਅਤੇ ਆਧਿਆਤਮਿਕ ਕੇਂਦਰ ਹੀ ਨਹੀਂ, ਸਗੋਂ ਵਿਸ਼ਵ ਭਰ ਦੀ ਸੰਗਤ ਲਈ ਅਟੱਲ ਆਸਥਾ ਅਤੇ ਨਿਸ਼ਕਾਮ ਸੇਵਾ ਦਾ ਜੀਵੰਤ ਪ੍ਰਤੀਕ ਹੈ। ਇਸ ਪਵਿੱਤਰ ਧਾਮ ਦੀ ਪ੍ਰਬੰਧਕੀ ਜ਼ਿੰਮੇਵਾਰੀ ਨਿਭਾਉਣਾ ਸੱਚੀ ਲਗਨ, ਨਿਮਰਤਾ ਅਤੇ ਅਟੱਲ ਸੰਕਲਪ ਦੀ ਮੰਗ ਕਰਦਾ ਹੈ।

ਉਨ੍ਹਾਂ ਉਮੀਦ ਕੀਤੀ ਕਿ ਹਰਮੀਤ ਸਿੰਘ ਆਪਣੀ ਦੂਰਅੰਦੇਸ਼ੀ, ਪ੍ਰਬੰਧਕੀ ਯੋਗਤਾ ਅਤੇ ਗੁਰਸਿੱਖੀ ਰੂਹ ਨਾਲ ਸੰਗਤਾਂ ਦੀ ਸਹੂਲਤ, ਸੁਚੱਜੇ ਪ੍ਰਬੰਧ ਅਤੇ ਆਧੁਨਿਕ ਸਹੂਲਤਾਂ ਦੇ ਵਿਸਥਾਰ ਲਈ ਵਡਮੁੱਲਾ ਯੋਗਦਾਨ ਪਾਉਣਗੇ। ਗੁਰਦੁਆਰਾ ਸਾਹਿਬ ਆਉਣ ਵਾਲੀ ਸਮੂਹ ਸੰਗਤ ਨੂੰ ਉੱਤਮ ਪ੍ਰਬੰਧ ਅਤੇ ਸੁਖਦਾਈ ਵਾਤਾਵਰਣ ਪ੍ਰਦਾਨ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਨਿਸ਼ਚਿਤ ਤੌਰ ‘ਤੇ ਮੀਲ ਪੱਥਰ ਸਾਬਤ ਹੋਵੇਗੀ। ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਤੋਂ ਗੁਰੂ ਘਰ ਦੀ ਮਰਯਾਦਾ ਅਤੇ ਸੇਵਾ ਪ੍ਰੰਪਰਾਵਾਂ ਸਰਵਉਚ ਰੱਖਦੀ ਹੈ ਅਤੇ ਨਵੇਂ ਕੋ-ਚੇਅਰਮੈਨ ਦੀ ਅਗਵਾਈ ਵਿੱਚ ਇਹ ਰਿਵਾਇਤ ਹੋਰ ਵੀ ਮਜ਼ਬੂਤ ਬਣੇਗੀ। ਉਨ੍ਹਾਂ ਕਿਹਾ ਕਿ ਸੰਗਤ ਦੀ ਸਹੂਲਤ, ਪਾਰਦਰਸ਼ੀ ਪ੍ਰਬੰਧ ਅਤੇ ਲੰਗਰ ਸੇਵਾ ਦੇ ਵਿਸਥਾਰ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

# ਇਜ਼ਰਾਈਲੀ ਫੌਜ ਲਿਬਨਾਨ ਵਿੱਚ ਦਾਖਲ; 59 ਇਲਾਕੇ ਖਾਲੀ ਕਰਵਾਏ; 30 ਹਜ਼ਾਰ ਲੋਕਾਂ ਨੇ ਘਰ-ਬਾਰ ਛੱਡਿਆ

**ਇਜ਼ਰਾਈਲ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਰਾਨ ਨਾਲ ਚੱਲ ਰਹੀ ਜੰਗ ਦੌਰਾਨ ਹੁਣ ਇਜ਼ਰਾਈਲੀ ਫੌਜ ਲਿਬਨਾਨ ਵਿਚ ਦਾਖਲ ਹੋ ਗਈ ਹੈ। ਇਜ਼ਰਾਈਲ ਨੇ ਲਿਬਨਾਨ ਦੇ 59 ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਤੁਰੰਤ ਘਰ ਖਾਲੀ ਕਰਨ ਦੇ ਹੁਕਮ ਦਿੱਤੇ ਹਨ। ਸੰਯੁਕਤ ਰਾਸ਼ਟਰ ਦੀ ਏਜੰਸੀ ਮੁਤਾਬਕ ਹਾਲਾਤ ਖਰਾਬ ਹੋਣ ਕਾਰਨ ਹੁਣ ਤੱਕ 30 ਹਜ਼ਾਰ ਤੋਂ ਵੱਧ ਲੋਕ ਆਪਣੇ ਘਰ ਛੱਡ ਚੁੱਕੇ ਹਨ। ਇਜ਼ਰਾਈਲ ਨੇ ਲਗਾਤਾਰ



ਦੂਜੇ ਦਿਨ ਹਿਜ਼ਬੁੱਲਾ ਦੇ ਟਿਕਾਣਿਆਂ ’ਤੇ ਭਾਰੀ ਬੰਬਾਰੀ ਕੀਤੀ ਹੈ ਜਿਸ ਵਿੱਚ 50 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ 150 ਤੋਂ ਵੱਧ ਲੋਕ ਜ਼ਖਮੀ ਦੱਸੇ ਜਾ ਰਹੇ ਹਨ।

ਇਹ ਹਮਲੇ ਇਰਾਨ ਦੇ ਸਮਰਥਕ ਮੰਨੇ ਜਾਣ ਵਾਲੇ ਸੰਗਠਨ ਹਿਜ਼ਬੁੱਲਾ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਰਾਨੀ ਨੇਤਾ ਖਮੇਨੀ ਦੀ ਮੌਤ ਤੋਂ ਬਾਅਦ ਹਿਜ਼ਬੁੱਲਾ ਨੇ ਇਜ਼ਰਾਈਲ ਦੇ ਹਾਈਫਾ ਸ਼ਹਿਰ ਦੇ ਫੌਜੀ ਟਿਕਾਣਿਆਂ ’ਤੇ ਡਰੋਨ ਅਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਹੁਣ ਇਜ਼ਰਾਈਲ ਦੀ ਇਸ ਤਾਜ਼ਾ ਕਾਰਵਾਈ ਨਾਲ ਪੂਰੇ ਖੇਤਰ ਵਿੱਚ ਤਣਾਅ ਬਹੁਤ ਵਧ ਗਿਆ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਸੁਰੱਖਿਅਤ ਥਾਵਾਂ ਵੱਲ ਭੱਜ ਰਹੇ ਹਨ।

# ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਰਿਹਾਇਸ਼ੀ, ਵਪਾਰਕ, ਸੰਸਥਾਗਤ ਸੰਪਤੀਆਂ ਅਤੇ ਬਹੁ-ਮੰਜਿਲਾ ਅਪਾਰਟਮੈਂਟ ਦੀ ਈ-ਨੀਲਾਮੀ ਕਰੇਗਾ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਵੱਲੋਂ 18 ਤੋਂ 21 ਮਾਰਚ, 2026 ਤੱਕ ਰਿਹਾਇਸ਼ੀ, ਵਪਾਰਕ, ਸੰਸਥਾਗਤ ਸੰਪਤੀਆਂ ਅਤੇ ਬਹੁ-ਮੰਜਿਲਾ ਅਪਾਰਟਮੈਂਅ ਦੀ ਈ-ਨੀਲਾਮੀ ਕੀਤੀ ਜਾਵੇਗੀ।

ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਬੁਲਾਰੇ ਨੇ ਇਸ ਸਬੰਧ ਵਿੱਚ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਅਥਾਰਿਟੀ ਵੱਲੋਂ ਸਾਰੇ ਜੋਨਸ ਦੀ ਰਿਹਾਇਸ਼ੀ ਤੇ ਵਪਾਰਕ ਸਾਈਟਸ (ਪ੍ਰੇਫਰੇਂਸ਼ਿਅਲ), ਨਰਸਿੰਗ ਹੋਮ ਸਾਇਟਸ, ਕਲੀਨਿਕ ਸਾਈਟਸ ਤੇ ਸਾਰੀ ਸਕੂਲ ਸਾਈਟਸ ਦੇ ਲਈ 18 ਮਾਰਚ ਨੂੰ ਨੀਲਾਮੀ ਕੀਤੀ ਜਾਵੇਗੀ। ਇਸੀ ਤਰ੍ਹਾ, ਗੁਰੂਗ੍ਰਾਮ ਅਤੇ ਰੋਹਤਕ ਜੋਨ ਦੇ ਰਿਹਾਇਸ਼ੀ ਤੇ ਵਪਾਰਕ ਸਾਈਟਸ (ਆਮ) ਲਈ 19 ਮਾਰਚ ਨੂੰ ਨੀਲਾਮੀ ਕੀਤੀ ਜਾਵੇਗੀ। ਜਿਲ੍ਹਾ ਫਰੀਦਾਬਾਦ, ਹਿਸਾਰ ਅਤੇ ਪੰਚਕੂਲਾ ਜੋਨ ਦੇ ਰਿਹਾਇਸ਼ੀ ਤੇ ਵਪਾਰਕ ਸਾਈਟਸ (ਆਮ) ਤਹਿਤ 20 ਮਾਰਚ, 2026 ਨੂੰ ਨੀਲਾਮੀ ਕੀਤੀ ਜਾਵੇਗੀ। ਉਨ੍ਹਾਂ ਨੇ ਦਸਿਆ ਕਿ ਸਾਰੇ ਜੋਨਸ ਦੀ ਪ੍ਰਮੁੱਖ ਥਾਵਾਂ (ਮੇਜਰ ਸਾਇਟਸ) ਜਿਵੇਂ ਕਿ ਵਪਾਰਕ, ਹੋਟਲ, ਹਸਪਤਾਲ, ਸੰਸਥਾਗਤ ਅਤੇ ਬਹੁ ਮੰਜਿਲਾ ਇਮਾਰਤ ਥਾਵਾਂ ਲਈ ਈ-ਨੀਲਾਮੀ 21 ਮਾਰਚ, 2026 ਨੂੰ ਕੀਤੀ ਜਾਵੇਗੀ। ਬੁਲਾਰੇ ਨੇ ਦਸਿਆ ਕਿ ਈ-ਨੀਲਾਮੀ ਨੀਤੀ 19 ਦਸੰਬਰ, 2025 ਦੀ ਧਾਰਾ ਗਿਣਤੀ-4 ਵਿੱਚ ਸੋਧ ਦੇ ਅਨੁਸਾਰ, ਮੇਜਰ ਸਾਈਟਸ ਲਈ ਹੁਣ ਸਿਰਫ ਘੱਟੋ ਘੱਟ ਤਿੰਨ ਈਐਮਡੀ ਜਰੂਰੀ ਹੋਣਗੀਆਂ, ਜਿਸ ਦੀ ਨੀਲਾਮੀ 21 ਮਾਰਚ, 2026 ਕੀਤੀ ਜਾਵੇਗੀ। ਉਨ੍ਹਾਂ ਨੇ ਦਸਿਆ ਕਿ ਈ-ਨੀਲਾਮੀ ਸਵੇਰੇ 10 ਵਜੇ ਸ਼ੁਰੂ ਕੀਤੀ ਜਾਵੇਗੀ। ਸਥਾਨਾਂ ਦੀ ਪੂਰੀ ਜਾਣਕਾਰੀ ਅਤੇ ਈ-ਨੀਲਾਮੀ ਦੀ ਨਿਸਮ ਅਤੇ ਸ਼ਰਤ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੀ ਵੈਬਸਾਇਟ ’ਤੇ ਉਪਲਬਧ ਹੈ। ਆਉਣ ਵਾਲੇ ਈ-ਨੀਲਾਮੀ ਦੀ ਵਧੇਰੇ ਜਾਣਕਾਰੀ ਅਥਾਰਿਟੀ ਦੀ ਵੈਬਸਾਇਟ http://hsvphry.org ਅਤੇ ਹੈਲਪਲਾਇਨ ਨੰਬਰ 1800-180-3030 ’ਤੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਦੁਬਈ ਤੋਂ 149 ਯਾਤਰੀਆਂ ਨੂੰ ਲੈ ਕੇ ਏਅਰ ਇੰਡੀਆ ਦਾ ਜਹਾਜ਼ ਨਵੀਂ ਦਿੱਲੀ ਪੁੱਜਿਆ

**ਨਵੀਂ ਦਿੱਲੀ, 5 ਮਾਰਚ**
**--ਕੌਮੀ ਪੱਤ੍ਰਿਕਾ ਬਿਊਰੋ-**

ਇਜ਼ਰਾਈਲ-ਇਰਾਨ ਟਕਰਾਅ ਦੇ ਵਿਚਕਾਰ ਏਅਰ ਇੰਡੀਆ ਦੀ ਉਡਾਣ ਰਾਹੀਂ ਅੱਜ ਨਵੀਂ ਦਿੱਲੀ ਦੇ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ ’ਤੇ ਦੁਬਈ ਤੋਂ 149 ਯਾਤਰੀਆਂ ਦਾ ਪੁੱਜੇ। ਏਅਰਲਾਈਨ ਦੇ ਇੱਕ ਬੁਲਾਰੇ ਨੇ ਕਿਹਾ, ਏਅਰ ਇੰਡੀਆ ਫਲਾਈਟ 199164 ’ਤੇ ਦੁਬਈ ’ਚ ਫਸੇ ਯਾਤਰੀਆਂ ਦਾ ਵਾਪਸੀ ’ਤੇ ਸਵਾਗਤ ਕਰਦੀ ਹੈ ਜੋ ਦਿੱਲੀ ਹਵਾਈ ਅੱਡੇ ’ਤੇ ਭਾਰਤੀ ਸਮੇਂ ਅਨੁਸਾਰ 10:58 ਵਜੇ ਉਤਰੀ। ਜਹਾਜ਼, VT-543, ਕੁੱਲ 149 ਯਾਤਰੀਆਂ ਨੂੰ ਲੈ ਕੇ ਆਇਆ। ਇਹ ਮੱਧ ਪੂਰਬ ਵਿੱਚ ਚੱਲ ਰਹੀ ਸਥਿਤੀ ਦੇ ਵਿਚਕਾਰ ਯਾਤਰੀਆਂ ਦੀ ਘਰ ਵਾਪਸੀ ਲਈ ਕਿਸੇ ਭਾਰਤੀ ਕੈਰੀਅਰ ਦੁਆਰਾ ਚਲਾਈ ਗਈ ਪਹਿਲੀ ਉਡਾਣ ਹੈ। ਦੱਸਿਆ ਗਿਆ ਹੈ ਕਿ, ਅੱਜ ਸਵੇਰੇ, ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈਸ ਦੇ 143 ਕਾਕਪਿਟ ਅਤੇ ਕੈਬਿਨ ਕਰੂ ਮੈਂਬਰ ਜੋ ਦੁਬਈ ਵਿੱਚ ਫਸੇ ਹੋਏ ਸਨ, ਫਲਾਈਟ 199184 ਰਾਹੀਂ ਸੁਰੱਖਿਅਤ ਦਿੱਲੀ ਵਾਪਸ ਪਹੁੰਚ ਗਏ...।”

ਬੁਲਾਰੇ ਨੇ ਦੱਸਿਆ ਕਿ ਸਾਡਾ ਅਪਰੇਸ਼ਨ ਕੰਟਰੋਲ ਸੈਂਟਰ ਅਤੇ ਸਹਾਇਕ ਟੀਮਾਂ ਅਸਧਾਰਨ ਹਾਲਾਤਾਂ ਵਿੱਚ ਇਹਨਾਂ ਉਡਾਣਾਂ ਦੀ ਸਹੂਲਤ ਲਈ ਚੌਵੀ ਘੰਟੇ ਕੰਮ ਕਰ ਰਹੀਆਂ ਹਨ, ਜਿਸ ਵਿੱਚ ਸਾਰੀ ਪ੍ਰਕਿਰਿਆ ਦੌਰਾਨ ਨਿਰਵਿਘਨ ਤਾਲਮੇਲ ਯਕੀਨੀ ਬਣਾਇਆ ਜਾ ਰਿਹਾ ਹੈ।

ਏਅਰਲਾਈਨ ਨੇ ਕਿਹਾ ਕਿ, ਅਸੀਂ ਸਥਿਤੀ ਦੀ ਨਿਗਰਾਨੀ ਕਰਨਾ ਜਾਰੀ ਰੱਖਾਂਗੇ, ਅਤੇ ਅਸੀਂ ਦੁਬਈ ਹਵਾਈ ਅੱਡਿਆਂ ਅਤੇ ਹੋਰ ਸੰਬੰਧਿਤ ਅਧਿਕਾਰੀਆਂ ਨਾਲ ਨਜ਼ਦੀਕੀ ਸੰਪਰਕ ਵਿੱਚ ਹਾਂ ਤਾਂ ਜੋ ਜਲਦੀ ਤੋਂ ਜਲਦੀ ਹੋਰ ਉਡਾਣਾਂ ਚਲਾਈਆਂ ਜਾ ਸਕਣ, ਜਦੋਂ ਅਤੇ ਜਿਵੇਂ ਵੀ ਆਗਿਆ ਮਿਲੇ।”

# ਦਿੱਲੀ ਕਮੇਟੀ ਵੱਲੋਂ ਖਾਲਸਾ ਸਾਜਨਾ ਦਿਵਸ ਤੇ ਅੰਮ੍ਰਿਤ ਸੰਚਾਰ : ਹਰਮੀਤ ਸਿੰਘ ਕਾਲਕਾ




**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 327ਵੇਂ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਮਤਿ ਪ੍ਰਚਾਰ ਲਹਿਰ ਨੂੰ ਹੋਰ ਸਫ਼ਲ ਕਰਨ ਲਈ ਅਤੇ ਸਿੱਖ ਸੰਗਤ ਨੂੰ ਅੰਮ੍ਰਿਤ ਧਾਰਨ ਵੱਲ ਪ੍ਰੇਰਿਤ ਕਰਨ ਦੇ ਪਵਿੱਤਰ ਉਦੇਸ਼ ਨਾਲ ਭਾਈ ਲੱਖੀ ਸ਼ਾਹ ਵਣਜਾਰਾ ਹਾਲ, ਗੁਰਦੁਆਰਾ ਰਕਾਬ ਗੰਜ ਸਾਹਿਬ ਜੀ ਵਿਖੇ ਵਿਸ਼ਾਲ ਪੱਧਰ ‘ਤੇ ਅੰਮ੍ਰਿਤ ਸੰਚਾਰ ਦਾ ਉੱਚਕੋਟੀ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮਹਾਨ ਸਮਾਗਮ ਸਿੱਖ ਕੌਮ ਦੀ ਆਤਮਿਕ ਮਜ਼ਬੂਤੀ, ਖਾਲਸਾਈ ਅਸੂਲਾਂ ਪ੍ਰਤੀ ਅਟੁੱਟ ਨਿਸ਼ਠਾ ਅਤੇ ਗੁਰੂ ਸਾਹਿਬਾਨ ਦੀ ਬਖ਼ਸ਼ੀ ਰਹਿਤ-ਮਰਯਾਦਾ ਨੂੰ ਜੀਵਨ ਵਿੱਚ ਅਪਨਾਉਣ ਵੱਲ ਇਕ ਇਤਿਹਾਸਕ ਕਦਮ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਸੰਬੰਧ ਵਿੱਚ ਦਿੱਲੀ ਭਰ ਦੀਆਂ ਸਮੂਹ ਸਿੰਘ ਸਭਾਵਾਂ ਦੇ ਪ੍ਰਬੰਧਕਾਂ ਨਾਲ ਵਿਸ਼ੇਸ਼ ਇਕੱਤਰਤਾ ਆਯੋਜਿਤ ਕੀਤੀ ਗਈ, ਜਿਸ ਵਿੱਚ ਅੰਮ੍ਰਿਤ ਸੰਚਾਰ ਦੀ ਸੁਚਾਰੂ ਅਤੇ ਸਫਲ ਪ੍ਰਬੰਧਨਾ ਲਈ ਗੰਭੀਰ ਅਤੇ ਸਰਗਰਮ ਵਿਚਾਰ-ਵਟਾਂਦਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਨ ਵਾਲੇ ਪ੍ਰਬੰਧਕਾਂ ਨੇ ਪੂਰਨ ਸਹਿਯੋਗ ਦਾ ਭਰੋਸਾ ਦਿੰਦਿਆਂ ਇਸ ਮਹਾਨ ਕਾਰਜ ਨੂੰ ਕਾਮਯਾਬ ਬਣਾਉਣ ਲਈ ਆਪਣੀ ਵਚਨਬੱਧਤਾ ਪ੍ਰਗਟਾਈ। ਸਰਦਾਰ ਕਾਲਕਾ ਨੇ ਸਮੂਹ ਸੰਗਤਾਂ ਨੂੰ ਨਿਮਰ ਅਪੀਲ ਕੀਤੀ ਕਿ ਉਹ ਇਸ ਪਵਿੱਤਰ ਅਵਸਰ ਦਾ ਲਾਭ ਲੈਂਦਿਆਂ ਵੱਧ ਤੋਂ ਵੱਧ ਗਿਣਤੀ ਵਿੱਚ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਦੀ ਰਹਿਤ ਅਨੁਸਾਰ ਜੀਵਨ ਬਿਤਾਉਣ ਅਤੇ ਖਾਲਸਾ ਪੰਥ ਦੀ ਚੜ੍ਹਦੀਕਲਾ ਵਿੱਚ ਆਪਣਾ ਯੋਗਦਾਨ ਪਾਉਣ।

ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਉਪਰਾਲਾ ਨੌਜਵਾਨ ਪੀੜ੍ਹੀ ਵਿੱਚ ਖਾਲਸਾਈ ਚੇਤਨਾ ਨੂੰ ਮਜ਼ਬੂਤ ਕਰੇਗਾ ਅਤੇ ਗੁਰਮਤਿ ਦੇ ਚਾਨਣ ਨੂੰ ਹਰ ਘਰ ਤੱਕ ਪਹੁੰਚਾਉਣ ਵਿੱਚ ਮੀਲ ਪੱਥਰ ਸਾਬਤ ਹੋਵੇਗਾ

# ਬਿਸ਼ਨੋਈ ਨਾਲ ਜੁੜੇ ਵਕੀਲ ’ਤੇ ਗੋਲੀਬਾਰੀ ਕਰਨ ਵਾਲਾ ਮੁੱਖ ਦੋਸ਼ੀ ਗ੍ਰਿਫ਼ਤਾਰ

**ਕਸ਼ਮੀਰੀ ਗੇਟ ਨੇੜੇ ਹੋਏ ਹਮਲੇ ਦੀ ਸਾਜ਼ਿਸ਼ ਰਚਣ ਵਾਲਾ ਰੋਹਿਤ ਸੋਲੰਕੀ ਕਾਬੂ**

**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਪੁਲੀਸ ਨੇ ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਵਕੀਲ ਦੀਪਕ ਖੱਤਰੀ ਦੀ ਕਾਰ ’ਤੇ ਹੋਈ ਫਾਇਰਿੰਗ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਰੋਹਿਤ ਸੋਲੰਕੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਗ੍ਰਿਫ਼ਤਾਰੀ 25 ਫਰਵਰੀ ਦੀ ਰਾਤ ਨੂੰ ਉੱਤਰੀ ਦਿੱਲੀ ਦੇ ਕਸ਼ਮੀਰੀ ਗੇਟ ਇਲਾਕੇ ਵਿੱਚ ਸਥਿਤ ਮਰਘਾਟ ਵਾਲੇ ਹਨੂਮਾਨ ਮੰਦਰ ਨੇੜੇ ਹੋਏ ਹਮਲੇ ਤੋਂ ਇੱਕ ਹ਼ਫਤੇ ਬਾਅਦ ਹੋਈ ਹੈ।

ਪੁ✚ਲਸ ਅਨੁਸਾਰ, ਰੋਹਿਤ ਸੋਲੰਕੀ ਇਸ ਹਮਲੇ ਦੀ ਸਾਜ਼ਿਸ਼ ਘੜਨ ਅਤੇ ਇਸ ਨੂੰ ਅੰਜਾਮ ਦੇਣ ਵਿੱਚ ਮੁੱਖ ਤੌਰ ’ਤੇ ਸ਼ਾਮਲ ਸੀ। ਵਾਰਦਾਤ ਦੇ ਸਮੇਂ ਗੱਡੀ ਵਿੱਚ ਪੰਜ ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕ ਵਿਅਕਤੀ ਦੇ ਮੋਢੇ ’ਤੇ ਗੋਲੀ ਲੱਗੀ ਸੀ, ਜਿਸ ਦੀ ਹਾਲਤ ਹੁਣ ਸਥਿਰ ਦੱਸੀ ਜਾ ਰਹੀ ਹੈ।

ਪੁਲੀਸ ਨੇ ਇਸ ਮਾਮਲੇ ਵਿੱਚ ਭਾਰਤੀ ਨਿਆਂ ਸੰਹਿਤਾ (BNS) ਦੀਆਂ ਧਾਰਾਵਾਂ 109(1) (ਕਤਲ ਦੀ ਕੋਸ਼ਿਸ਼) ਅਤੇ 3(5) (ਅਪਰਾਧਿਕ ਸਾਜ਼ਿਸ਼) ਦੇ ਨਾਲ-ਨਾਲ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਹੈ।

ਜ਼ਿਕਰਯੋਗ ਹੈ ਕਿ ਹਮਲੇ ਤੋਂ ਬਾਅਦ ਗੈਂਗਸਟਰ ਨਵੀਨ ਬਾਕਸਰ ਨੇ ਸੋਸ਼ਲ ਮੀਡੀਆ ਰਾਹੀਂ ਇਸ ਦੀ ਜ਼ਿੰਮੇਵਾਰੀ ਲਈ ਸੀ ਅਤੇ ਵਕੀਲ ਦੀਪਕ ਖੱਤਰੀ ਨੂੰ ਧਮਕੀਆਂ ਵੀ ਦਿੱਤੀਆਂ ਸਨ, ਜਿਸ ਦੀ ਪੁਲੀਸ ਵੱਲੋਂ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਸੀਸੀਟੀਵੀ ਫੁਟੇਜ ਅਤੇ ਤਕਨੀਕੀ ਸਬੂਤਾਂ ਦੇ ਆਧਾਰ ’ਤੇ ਪੁਲੀਸ ਹੁਣ ਇਸ ਮਾਮਲੇ ਵਿੱਚ ਸ਼ਾਮਲ ਹੋਰ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ ਤਾਂ ਜੋ ਪੂਰੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਜਾ ਸਕੇ।

# ਜਲੰਧਰ ਵਿੱਚ ਡਾਕਟਰ ਦੇ ਘਰ ’ਤੇ ਗੋਲੀਆਂ ਚਲਾਉਣ ਵਾਲੇ ਦੋ ਦੋਸ਼ੀ ਕਾਬੂ ਕੀਤੇ

**ਵਾਰਦਾਤ ਲਈ ਵਰਤੇ ਗਏ ਹਥਿਆਰ ਅਤੇ ਮੋਟਰਸਾਈਕਲ ਬਰਾਮਦ**



**ਜਲੰਧਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲੰਧਰ ਦੇ ਸੰਤੋਖਪੁਰਾ ਵਿੱਚ ਸਰਕਾਰੀ ਵੈਟਰਨਰੀ ਡਾਕਟਰ ਦੇ ਘਰ ਦੇ ਬਾਹਰ ਗੋਲੀਆਂ ਚਲਾਉਣ ਵਾਲੇ ਦੋ ਦੋਸ਼ੀਆਂ ਨੂੰ ਕਮਿਸ਼ਨਰੇਟ ਪੁਲੀਸ ਨੇ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਪੁਲੀਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਸਰਕਾਰੀ ਵੈਟਨਰੀ ਡਾਕਟਰ ਦੇ ਘਰ ਦੇ ਬਾਹਰ ਅਤੇ ਕਾਰ ਤੇ ਗੋਲੀਆਂ ਚਲਾਉਣ ਵਾਲੇ ਨਾ ਮਾਲੂਮ ਵਿਅਕਤੀਆਂ ਤੇ ਮਾਮਲਾ ਦਰਜ ਕੀਤਾ ਗਿਆ ਸੀ।

ਪੁਲਿਸ ਨੇ ਗੋਲੀਆਂ ਚਲਾਉਣ ਦੇ ਮਾਮਲੇ ਨੂੰ ਮੁਸਤੈਦੀ ਨਾਲ ਹੱਲ ਕਰਦਿਆਂ ਜਗਜੀਤ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਵਡਾਲਾ ਜੌਹਲ ਥਾਣਾ ਜੰਡਿਆਲਾ ਗੁਰੂ ਅੰਮ੍ਰਿਤਸਰ ਅਤੇ ਲਵਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ ਬਾਸੀ ਬਡਾਲਾ ਜੌਹਰ ਥਾਣਾ ਜੰਡਿਆਲਾ ਗੁਰੂ ਅੰਮ੍ਰਿਤਸਰ ਨੂੰ ਕਾਬੂ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਪੁਲੀਸ ਨੇ ਦੋਸ਼ੀਆਂ ਕੋਲੋਂ ਦੋ ਪਿਸਟਲ ਸਮੇਤ ਮੈਗਜ਼ੀਨ ਪੰਜ ਰੋਂਦ 32 ਬੋਰ ਇੱਕ ਰੌਂਦ 30 ਬੋਰ ਇੱਕ ਮੈਗਜ਼ੀਨ 30 ਬੋਰ ਅਤੇ ਵਾਰਦਾਤ ਲਈ ਵਰਤਿਆ ਗਿਆ ਸਪਲੈਂਡਰ ਮੋਟਰਸਾਈਕਲ ਅਤੇ ਵਾਰਦਾਤ ਮੌਕੇ ਪਹਿਨੇ ਹੋਏ ਕੱਪੜੇ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਫੜੇ ਗਏ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਗਿਆ ਹੈ ਤਾਂ ਕਿ ਹੋਰ ਵਾਰਦਾਤਾਂ ਅਤੇ ਬਰਾਮਦ ਹੋਏ ਹਥਿਆਰਾਂ ਬਾਰੇ ਪੁੱਛਗਿਛ ਕੀਤੀ ਜਾ ਸਕੇ।

ਉਨ੍ਹਾਂ ਸ਼ਹਿਰ ਵਾਸੀਆਂ ਨੂੰ ਕੀਤੀ ਕਿ ਸਥਿਤੀ ਪੁਲੀਸ ਦੇ ਕੰਟਰੋਲ ਵਿੱਚ ਹੈ ਅਤੇ ਸ਼ਹਿਰ ਵਿੱਚ ਹੋ ਰਹੀਆਂ ਵਾਰਦਾਤਾਂ ਨੂੰ ਹੱਲ ਕਰਨ ਲਈ ਪੁਲੀਸ ਵਚਨਬਧ ਹੈ।

# ਗੂਗਲ ਖੋਜ ਤੇ ਏ.ਆਈ. ਮਨੁੱਖੀ ਸਬੰਧਾਂ ਤੇ ਮੇਲ ਮਿਲਾਪ ਦਾ ਬਦਲ ਨਹੀਂ ਹੋ ਸਕਦੇ: ਸਤਿੰਦਰਪਾਲ ਸਿੰਘ ਸਿਧਵਾਂ

**ਪਟਿਆਲਾ , 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਕਰਵਾਈ ਜਾਂਦੀ ਮਹੀਨਾਵਾਰ ਪੁਸਤਕ ਬੈਠਕ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਨਾਲ ਸਬੰਧਤ ਪ੍ਰਿੰ. ਸਤਿਬੀਰ ਸਿੰਘ ਦੀ ਪੁਸਤਕ ‘ਇਤਿ ਜਿਨਿ ਕਰੀ’ ਬਾਰੇ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਚਰਚਾ ਕੀਤੀ। ਇਸ ਸਮਾਗਮ ਦੌਰਾਨ ਉੱਘੇ ਢਾਡੀ/ਕਵੀਸ਼ਰ ਤੇ ਕੈਨੇਡਾ ਦੇ ਮੀਡੀਆ ਦੀ ਨਾਮਵਰ ਸ਼ਖ਼ਸੀਅਤ ਸਤਿੰਦਰਪਾਲ ਸਿੰਘ ਸਿੱਧਵਾਂ ਨੇ ‘ਕਿਤਾਬ ਤੇ ਕਲਾ’ ਵਿਸ਼ੇ ’ਤੇ ਵਿਸ਼ੇਸ਼ ਭਾਸ਼ਣ ਦਿੱਤਾ।

ਸਵਾਗਤੀ ਭਾਸ਼ਣ ਦੌਰਾਨ ਸ. ਜਸਵੰਤ ਸਿੰਘ ਜ਼ਫ਼ਰ ਨੇ ਸ. ਸਿੱਧਵਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਢਾਡੀ, ਰਾਗੀ ਤੇ ਕਵੀਸ਼ਰ ਸਾਨੂੰ ਆਪਣੇ ਇਤਿਹਾਸ, ਬੋਲੀ, ਕਦਰਾਂ ਕੀਮਤਾਂ ਅਤੇ ਸੱਭਿਆਚਾਰ ਨਾਲ ਜੋੜਦੇ ਹਨ। ਖਾਸ ਤੌਰ ’ਤੇ ਨਵੀਂ ਪੀੜ੍ਹੀ ਨੂੰ ਇਤਿਹਾਸ ਤੇ ਸੱਭਿਆਚਾਰ ਨਾਲ ਜੋੜਨ ਲਈ ਇਨ੍ਹਾਂ ਦਾ ਬਹੁਤ ਯੋਗਦਾਨ ਹੈ। ਇਸੇ ਕਰਕੇ ਅੱਜ ਵੀ ‘ਸਿੱਧਵਾਂ ਕਾਲਜ ਵਾਲੇ’ ਢਾਡੀ ਜਥੇ ਨੂੰ ਲੋਕ ਯਾਦ ਕਰਦੇ ਹਨ। ਅਜਿਹੀਆਂ ਪ੍ਰੰਪਰਾਵਾਂ ਅੱਜ ਵੀ ਯਾਦ ਰੱਖਣ ਦੀ ਲੋੜ ਹੈ। ਸ. ਜ਼ਫ਼ਰ ਨੇ ਕਿਹਾ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਵਰ੍ਹਾ ਮਨਾ ਰਹੇ ਹਾਂ ਇਸ ਕਰਕੇ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਬਾਰੇ ਘੱਟੋ-ਘੱਟ ਇੱਕ ਕਿਤਾਬ ਜ਼ਰੂਰ ਪੜ੍ਹੀਏ। ਇਸੇ ਤਹਿਤ ਹੀ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਗੁਰੂ ਸਾਹਿਬ ਦੀ ਜੀਵਨੀ ’ਤੇ ਅਧਾਰਤ ਪੁਸਤਕ ‘ਇਤਿ ਜਿਨਿ ਕਰੀ’ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ ਤੇ ਉਸ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ।

ਸਤਿੰਦਰਪਾਲ ਸਿੰਘ ਸਿੱਧਵਾਂ ਨੇ ਕਿਹਾ ਗੂਗਲ ਖੋਜ ਤੇ ਏ.ਆਈ. ਮਨੁੱਖੀ ਸਬੰਧਾਂ ਤੇ ਮੇਲ ਮਿਲਾਪ ਦਾ ਬਦਲ ਨਹੀਂ ਹੋ ਸਕਦੇ। ਜੀਵਨ ਜਿਉਣ ਲਈ ਤਕਨਾਲੋਜੀ ਸਹੂਲਤਾਂ ਤੇ ਸਾਧਨ ਪ੍ਰਦਾਨ ਕਰ ਸਕਦੀ ਹੈ ਪਰ ਮੋਹ-ਮੁਹੱਬਤ ਤੇ ਆਪਸੀ ਸਾਂਝ ਪੈਦਾ ਨਹੀਂ ਕਰ ਸਕਦੀ। ਇਸੇ ਕਰਕੇ ਪੁਸਤਕਾਂ ਦੀ ਅਹਿਮੀਅਤ ਕਦੇ ਵੀ ਘਟ ਨਹੀਂ ਸਕਦੀ, ਇਹ ਮਨੁੱਖ ਨੂੰ ਜੀਵਨ ਜਾਚ ਸਿਖਾਉਂਦੀਆਂ ਹਨ, ਜਿਸ ਵਿੱਚ ਆਪਸੀ ਸਬੰਧ, ਰਿਸ਼ਤੇ-ਨਾਤੇ ਤੇ ਵਰਤ-ਵਰਤਾਅ ਸ਼ਾਮਲ ਹੈ। ਸ. ਸਿੱਧਵਾਂ ਨੇ ਆਪਣੇ ਗਾਇਕੀ ਦੇ ਸਫ਼ਰ ਬਾਰੇ ਦੱਸਿਆ ਕਿ ਉਹਨਾਂ ਨੇ ਕਿਤਾਬ ਤੇ ਅਖ਼ਬਾਰਾਂ ਨੂੰ ਹਮੇਸ਼ਾ ਆਪਣਾ ਪੱਕਾ ਸਾਥੀ ਬਣਾ ਕੇ ਰੱਖਿਆ ਜਿਨ੍ਹਾਂ ਸਦਕਾ ਉਨ੍ਹਾਂ ਦੀਆਂ ਪੇਸ਼ਕਾਰੀਆਂ ਭਾਵ ਮੰਚ ’ਤੇ ਬੋਲਣ ਤੇ ਖੜਨ ’ਚ ਨਿਰੰਤਰ ਸੁਧਾਰ ਹੁੰਦਾ ਗਿਆ ਤੇ ਲੋਕਾਂ ਨੇ ਮਣਾਂ ਮੂੰਹੀ ਪਿਆਰ ਦਿੱਤਾ। ਸ. ਸਿੱਧਵਾਂ ਨੇ ਕਿਹਾ ਕਿ ਦੁਨੀਆ ਜੋੜਨ ਵਾਲਿਆਂ ਨੂੰ ਸਦਾ ਯਾਦ ਰੱਖਦੀ ਹੈ ਨਾ ਕਿ ਤੋੜਨ ਵਾਲਿਆਂ ਨੂੰ।

# ਕੋਹਲੀ ਅਤੇ ਮੇਅਰ ਗੋਗੀਆ ਵੱਲੋਂ ਪਟਿਆਲਾ 'ਚ ਕਰੀਬ 80 ਲੱਖ ਰੁਪਏ ਦੇ ਵਿਕਾਸ ਕਾਰਜਾਂ ਦੇ ਕੰਮ ਸ਼ੁਰੂ ਕਰਵਾਏ



ਪਟਿਆਲਾ, 5 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਅਜੀਤਪਾਲ ਸਿੰਘ ਕੋਹਲੀ ਅਤੇ ਕੁੰਦਨ ਗੋਗੀਆ ਦੀ ਅਗਵਾਈ ਹੇਠ ਪਟਿਆਲਾ ਸ਼ਹਿਰ ਦੇ ਵੱਖ ਵੱਖ ਇਲਾਕਿਆਂ ਵਿੱਚ ਕਰੀਬ 80 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ । ਇਹ ਕੰਮ ਲਾਹੌਰੀ ਗੇਟ ਤੋਂ ਸਫਬਦੀ ਗੇਟ ਤੱਕ ਸ਼ੁਰੂ ਕਰਵਾਏ ਗਏ। ਵਿਧਾਇਕ ਨੇ ਕਿਹਾ ਕਿ ਇਹ ਸਾਰੇ ਪ੍ਰੋਜੈਕਟ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੋਕ-ਹਿਤੈਸ਼ੀ ਅਤੇ ਵਿਕਾਸ ਕੇਂਦਰਿਤ ਸੋਚ ਦੇ ਤਹਿਤ ਅਮਲ ਵਿੱਚ ਲਿਆਂਦੇ ਗਏ ਹਨ।

ਕੋਹਲੀ ਨੇ ਕਿਹਾ ਇਨ੍ਹਾਂ ਕਾਰਜਾਂ ਨਾਲ ਨਾ ਸਿਰਫ ਟ੍ਰੈਫਿਕ ਪ੍ਰਬੰਧਨ ਸੁਧਰੇਗਾ, ਸਗੋਂ ਇਲਾਕੇ ਦੀ ਸੂਰਤ ਵੀ ਨਿਖਰੇਗੀ।

ਇਸ ਮੌਕੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਇਤਿਹਾਸਕ ਵਿਕਾਸ ਦੀ ਲਹਿਰ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਹਰ ਹਿੱਸੇ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਵਿਕਾਸ ਕਰਨਾ ਉਨ੍ਹਾਂ ਦੀ ਪਹਿਲ ਹੈ ਅਤੇ ਲੋਕਾਂ ਨਾਲ ਕੀਤੇ ਵਾਅਦੇ ਲਗਾਤਾਰ ਪੂਰੇ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਨਵੇਂ ਪ੍ਰੋਜੈਕਟਾਂ ਦੀ ਘੋਸ਼ਣਾ ਕੀਤੀ ਜਾਵੇਗੀ ਤਾਂ ਜੋ ਸ਼ਹਿਰ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾ ਸਕੇ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸਾਰੇ ਵਿਕਾਸ ਕਾਰਜ ਮਿਆਰੀ ਤਰੀਕੇ ਨਾਲ ਅਤੇ ਸਮੇਂ ਸਿਰ ਮੁਕੰਮਲ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਰਹਿਨੁਮਾਈ ਹੇਠ ਨਗਰ ਨਿਗਮ ਸ਼ਹਿਰ ਦੀ ਸਫ਼ਾਈ, ਸੜਕਾਂ ਦੀ ਮੁਰੰਮਤ ਅਤੇ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਵਿਕਾਸ ਦੇ ਨਾਲ-ਨਾਲ ਹਰੇ-ਭਰੇ ਅਤੇ ਸੁੰਦਰ ਸ਼ਹਿਰ ਦੀ ਦ੍ਰਿਸ਼ਟੀ ਨੂੰ ਵੀ ਸਾਕਾਰ ਕੀਤਾ ਜਾ ਰਿਹਾ ਹੈ।

ਵਿਧਾਇਕ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਦਰਸ਼ੀ ਪ੍ਰਸ਼ਾਸਨ ਅਤੇ ਤੇਜ਼ ਗਤੀ ਨਾਲ ਵਿਕਾਸ ਕਾਰਜ ਜਾਰੀ ਰਹਿਣਗੇ। ਸ਼ਹਿਰ ਵਾਸੀਆਂ ਨੇ ਵੀ ਇਨ੍ਹਾਂ ਉਪਰਾਲਿਆਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਵਿਕਾਸ ਕਾਰਜਾਂ ਨਾਲ ਦਿਨਚਰੀ ਜੀਵਨ ਵਿੱਚ ਸੁਵਿਧਾਵਾਂ ਵਿੱਚ ਵਾਧਾ ਹੋਇਆ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਹੋਰ ਸੁਧਾਰ ਦੀ ਉਮੀਦ ਹੈ। ਇਸ ਮੌਕੇ ਕੌਂਸਲਰ ਰਾਜੇਸ਼ ਕੁਮਾਰ ਰਾਜੂ ਸਾਹਨੀ, ਕੌਂਸਲਰ ਨੇਹਾ ਸਿੱਧੂ, ਵੇਦ ਕਪੂਰ, ਸੰਜੀਵ ਕੁਮਾਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

# ਏਸ਼ੀਅਨ ਗਰੁੱਪ ਆਫ ਕਾਲਜਿਜ਼ ਦੀ ਕਨਵੋਕੇਸ਼ਨ ਸਮਾਰੋਹ ਵਿੱਚ ਸਿਹਤ ਮੰਤਰੀ ਦੀ ਸ਼ਿਰਕਤ

# ਨੌਜਵਾਨ ਰੰਗਲਾ ਪੰਜਾਬ ਦੇ ਅਸਲ ਬ੍ਰਾਂਡ ਅੰਬੈਸਡਰ: ਸਿਹਤ ਮੰਤਰੀ

ਪਟਿਆਲਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਏਸ਼ੀਅਨ ਗਰੁੱਪ ਆਫ ਕਾਲਜਿਜ਼ ਵੱਲੋਂ ਆਯੋਜਿਤ ਕਨਵੋਕੇਸ਼ਨ ਅਤੇ ਐਲੂਮਨੀ ਮੀਟ ਸਮਾਰੋਹ ਵਿੱਚ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਮਹਾਰਾਜਾ ਭੁਪਿੰਦਰ ਸਿੰਘ ਪੰਜਾਬ ਸਪੋਰਟਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਵੀ ਮੌਜੂਦ ਸਨ।

ਸਿਹਤ ਮੰਤਰੀ ਨੇ ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਅਤੇ ਉਨ੍ਹਾਂ ਦੇ ਚਮਕਦਾਰ ਭਵਿੱਖ ਲਈ ਦਿਲੋਂ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਸਮਾਰੋਹ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਨੇ ਕਿਹਾ ਕਿ ਨੌਜਵਾਨ ਹੀ ਰੰਗਲਾ ਪੰਜਾਬ ਦੇ ਅਸਲ ਬ੍ਰਾਂਡ



ਅੰਬੈਸਡਰ ਹਨ। ਉਨ੍ਹਾਂ ਨੇ ਕਿਹਾ ਕਿ ਨੌਜਵਾਨ ਆਪਣੀ ਕਾਬਲੀਅਤ, ਮਿਹਨਤ ਅਤੇ ਲਗਨ ਨਾਲ ਪੰਜਾਬ ਦਾ ਨਾਮ ਦੇਸ਼-ਵਿਦੇਸ਼ ਵਿੱਚ ਰੋਸ਼ਨ ਕਰ ਸਕਦੇ ਹਨ ਅਤੇ ਤਰੱਕੀ ਦੇ ਨਵੇਂ ਮਿਆਰ ਸਥਾਪਿਤ ਕਰ ਸਕਦੇ ਹਨ।

ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ। ਸਰਕਾਰ ਵੱਲੋਂ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿੱਚ ਬੁਨਿਆਦੀ ਢਾਂਚੇ ਦੀ ਸੁਧਾਰ, ਆਧੁਨਿਕ ਲੈਬੋਰਟਰੀਆਂ, ਡਿਜੀਟਲ ਸਹੂਲਤਾਂ ਅਤੇ ਕੌਸ਼ਲ ਵਿਕਾਸ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਸਿੱਖਿਆ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਨਵੀਂ ਪਹਿਲਕਦਮੀਆਂ ਨਾਲ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮੌਕੇ ਪ੍ਰਾਪਤ ਹੋਣਗੇ ਅਤੇ ਰੋਜ਼ਗਾਰ ਦੇ ਨਵੇਂ ਦਰਵਾਜ਼ੇ ਖੁੱਲਣਗੇ।

ਐਲੂਮਨੀ ਮੀਟ ਦੌਰਾਨ ਸਿਹਤ ਮੰਤਰੀ ਨੇ ਪੁਰਾਣੇ ਵਿਦਿਆਰਥੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਉਪਲਬਧੀਆਂ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਕਾਲਜ ਦੇ ਪੁਰਾਣੇ ਵਿਦਿਆਰਥੀ ਸੰਸਥਾ ਲਈ ਪ੍ਰੇਰਣਾ ਦਾ ਸਰੋਤ ਹਨ ਅਤੇ ਉਨ੍ਹਾਂ ਦੀ ਸਫਲਤਾ ਮੌਜੂਦਾ ਵਿਦਿਆਰਥੀਆਂ ਲਈ ਮਾਰਗਦਰਸ਼ਕ ਸਾਬਤ ਹੁੰਦੀ ਹੈ।

ਸਮਾਰੋਹ ਵਿੱਚ ਕਾਲਜ ਦੇ ਚੇਅਰਮੈਨ ਸ਼੍ਰੀ ਤਰਸੇਮ ਸੈਣੀ ਵੱਲੋਂ ਮੁੱਖ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।

ਕਾਲਜ ਪ੍ਰਬੰਧਕਾਂ ਨੇ ਸੰਸਥਾ ਦੀਆਂ ਉਪਲਬਧੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਇਸ ਮੌਕੇ ਪੰਜਾਬ ਆੜਤੀਆ ਐਸੋਸੀਏਸ਼ਨ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸ੍ਰ ਸਤਵਿੰਦਰ ਸਿੰਘ , ਸ੍ਰ ਹਰਭਿੰਦਰ ਸਿੰਘ , ਸ੍ਰ ਸ਼ਿੰਗਾਰ ਸਿੰਘ, ਪ੍ਰਿੰਸੀਪਲ ਡਾ.ਮੀਨੂ ਸਿੰਘ , ਡਾ. ਕੁਮਕੁਮ ਬਜਾਜ , ਡਾ.ਪਾਬਲਾ, ਡਾ. ਐਮ ਐਸ ਸੈਣੀ ਮੌਜੂਦ ਸਨ।

# ਹੋਲੀਕਾ ਦਹਨ ਰਾਮਲੀਲਾ ਗਰਾਊਂਡ ਵਿੱਚ ਵਿੱਚ ਧੂਮ ਧਾਮ ਨਾਲ ਮਨਾਇਆ ਜਾਵੇਗਾ

ਜੈਤੋਂ,5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹੋਲੀਕਾ ਦਹਨ ਦਾ ਪਵਿੱਤਰ ਦਿਹਾੜਾ ਜੋ ਕਿ ਪਿਛਲੇ ਕਈ ਸਾਲਾਂ ਤੋਂ ਚੌਂਕ ਨੰਬਰ ਇਕ ਵਿੱਚ ਬਣਾਇਆ ਜਾਂਦਾ ਸੀ ਹੁਣ ਜੋਂ ਕੀ ਪਹਿਲੀ ਵਾਰ 5 ਮਾਰਚ ਦਿਨ ਸੋਮਵਾਰ ਨੂੰ ਰਾਮਲੀਲਾ ਗਰਾਊਂਡ ਜੈਤੋ ਵਿਖੇ ਵੀ ਧੂਮ ਧਾਮ ਨਾਲ ਮਨਾਇਆ ਜਾਵੇਗਾ। ਇਹ ਜਾਣਕਾਰੀ ਪੱਤਰਕਾਰਾਂ ਨਾਲ ਸਾਂਝੀ ਕਰਦੇ ਹੋਏ ਸ਼ੈਲਰ ਐਸੋਸੀਏਸ਼ਨ ਦੇ ਪ੍ਰਧਾਨ ਪੰਨਾ ਲਾਲ ਜੈਨ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪੰਡਤ ਸੁਸ਼ੀਲ ਕੁਮਾਰ ਸ਼ਰਮਾ ਨੇ ਕਹਿ। ਉਹਨਾਂ ਕਿਹਾ ਕਿ ਚੌਂਕ ਨੰਬਰ ਇੱਕ ਵਿਖੇ ਮਾਰਕੀਟ ਬਣਨ ਕਾਰਨ ਲੋਕਾਂ ਨੂੰ ਤਿਹਾਰ ਬਣਾਉਣ ਅਤੇ ਪੂਜਾ ਕਰਨ ਵਿੱਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਬਲਕਿ ਆਮ ਲੋਕਾਂ ਨੂੰ ਵੀ ਆਉਣ ਜਾਣ ਲੱਗਿਆ ਭਾਰੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਇਸ ਕਰਕੇ ਮੰਡੀ ਦੇ ਪਤਵੰਤਿਆਂ ਵੱਲੋਂ ਸਮੂਹਿਕ ਤੌਰ ਤੇ ਇਸ ਅਤੀ ਪਵਿੱਤਰ ਤਿਉਹਾਰ ਹੋਲੀਕਾ ਦਹਨ ਜੈਤੋ ਦੇ ਰਾਮ ਲੀਲਾ ਗਰਾਊਂਡ ਵਿੱਚ ਮਨਾਉਣ ਦਾ ਐਲਾਨ ਕੀਤਾ।

# ਅੰਮ੍ਰਿਤਸਰ ਵਿੱਚ ਵੱਖ-ਵੱਖ ਨਸ਼ੀਲੇ ਪਦਾਰਥਾਂ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਮਾਡਿਊਲ ਨਾਲ ਜੁੜੇ 10 ਵਿਅਕਤੀ ਕਾਬੂ; 5.4 ਕਿਲੋਗ੍ਰਾਮ ਹੈਰੋਇਨ, 3 ਪਿਸਤੌਲ ਬਰਾਮਦ*



ਚੰਡੀਗੜ੍ਹ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਕੁੱਲ 10 ਮੁਲਜ਼ਮਾਂ ਨੂੰ 5.4 ਕਿਲੋਗ੍ਰਾਮ ਹੈਰੋਇਨ, ਤਿੰਨ ਆਧੁਨਿਕ ਪਿਸਤੌਲਾਂ ਅਤੇ 4500 ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਚੱਲ ਰਹੇ ਨਸ਼ੀਲੇ ਪਦਾਰਥ ਅਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਦੇ ਤਿੰਨ ਸੰਗਠਿਤ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਬਿੱਲਾ (21) ਵਾਸੀ ਗੁਰੂ ਕੀ ਵਡਾਲੀ, ਅੰਮ੍ਰਿਤਸਰ; ਲਵਪ੍ਰੀਤ ਸਿੰਘ ਉਰਫ ਲਵ (25) ਵਾਸੀ ਪਿੰਡ ਬੋਪਾਰਾਏ ਬਾਜ ਸਿੰਘ, ਅੰਮ੍ਰਿਤਸਰ; ਸਤਨਾਮ ਸਿੰਘ ਉਰਫ ਜੱਜ (28) ਵਾਸੀ ਪਿੰਡ ਸੁਰਸਿੰਘ, ਤਰਨਤਾਰਨ; ਰੋਹਿਤ ਸ਼ਰਮਾ ਉਰਫ਼ ਡਾਕੂ (21) ਵਾਸੀ ਪਿੰਡ ਮੋਹਕਮਪੁਰਾ, ਅੰਮ੍ਰਿਤਸਰ; ਗੁਰਲਾਲ ਸਿੰਘ ਉਰਫ਼ ਦੀਮਾ (38) ਵਾਸੀ ਪਿੰਡ ਮਸਤਗੜ੍ਹ, ਤਰਨਤਾਰਨ; ਮਨਪ੍ਰੀਤ ਸਿੰਘ ਉਰਫ਼ ਮੰਨਾ (30), ਗੁਰਪ੍ਰੀਤ ਸਿੰਘ ਉਰਫ਼ ਗੋਪੀ (24), ਸ਼ੰਕਰ ਕੁਮਾਰ (53), ਅਨੀਸ਼ ਉਰਫ਼ ਯੱਕੀ (23) ਅਤੇ ਰਵੀ ਉਰਫ਼ ਗੰਜਾ ਉਰਫ਼ ਟਕਲਾ (30) ਸਾਰੇ ਵਾਸੀ ਪੱਟੀ, ਤਰਨਤਾਰਨ ਵਜੋਂ ਹੋਈ ਹੈ।


ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਇੱਕ 9 ਐਮਐਮ ਗਲੌਕ, ਇੱਕ 9 ਐਮਐਮ ਜ਼ਿਗਾਨਾ ਅਤੇ ਇੱਕ .32 ਬੋਰ ਪਿਸਤੌਲ ਸਮੇਤ 34 ਜ਼ਿੰਦਾ ਕਾਰਤੂਸ ਸ਼ਾਮਲ ਹਨ। ਪੁਲਿਸ ਟੀਮਾਂ ਨੇ ਉਨ੍ਹਾਂ ਦਾ ਇੱਕ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ ਸਥਿਤ ਤਸਕਰਾਂ ਦੇ ਸੰਪਰਕ ਵਿੱਚ ਸਨ। ਉਨ੍ਹਾਂ ਦੱਸਿਆ ਕਿ ਹੈਰੋਇਨ ਅਤੇ ਗੈਰ-ਕਾਨੂੰਨੀ ਹਥਿਆਰਾਂ ਦੀ ਭਾਰਤੀ ਖੇਤਰ ਵਿੱਚ ਤਸਕਰੀ ਕੀਤੀ ਜਾ ਰਹੀ ਸੀ ਅਤੇ ਇਕ ਸੰਗਠਿਤ ਨੈੱਟਵਰਕ ਰਾਹੀਂ ਵੱਖ-ਵੱਖ ਖੇਤਰਾਂ ਵਿੱਚ ਡਿਲੀਵਰੀ ਕੀਤੀ ਜਾ ਰਹੀ ਸੀ।

ਡੀਜੀਪੀ ਨੇ ਦੱਸਿਆ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਅਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ। ਪਹਿਲੇ ਆਪ੍ਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ, ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਵਿਸ਼ੇਸ਼ ਗੁਪਤ ਸੂਚਨਾ 'ਤੇ ਕਾਰਵਾਈ ਕਰਦਿਆਂ, ਪੁਲਿਸ ਟੀਮਾਂ ਨੇ ਗੁਰਪ੍ਰੀਤ ਉਰਫ ਬਿੱਲਾ ਨੂੰ 230 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਹੋਰ ਜਾਂਚ ਦੌਰਾਨ ਉਸਦੇ ਸਾਥੀ ਲਵਪ੍ਰੀਤ ਉਰਫ ਲਵ ਅਤੇ ਸਤਨਾਮ ਸਿੰਘ ਉਰਫ ਜੱਜ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹਨਾਂ ਕੋਲੋਂ 3 ਕਿਲੋ ਹੈਰੋਇਨ, ਇੱਕ 9 ਐਮਐਮ ਜ਼ਿਗਾਨਾ ਅਤੇ 9 ਐਮਐਮ ਗਲੌਕ ਸਮੇਤ 32 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ।

ਉਨ੍ਹਾਂ ਦੱਸਿਆ ਕਿ ਮੁਲਜ਼ਮ ਲਵਪ੍ਰੀਤ ਉਰਫ ਲਵ ਅੰਮ੍ਰਿਤਸਰ ਦਿਹਾਤੀ ਦੇ ਥਾਣਾ ਲੋਪੋਕੇ ਵਿਖੇ ਦਰਜ ਇੱਕ ਕਤਲ ਕੇਸ ਵਿੱਚ ਵੀ ਲੋੜੀਂਦਾ ਹੈ। ਸੀਪੀ ਨੇ ਅੱਗੇ ਦੱਸਿਆ ਕਿ ਪੁਲਿਸ ਟੀਮਾਂ ਨੇ ਮਨਪ੍ਰੀਤ ਉਰਫ਼ ਮੰਨਾ ਅਤੇ ਗੁਰਲਾਲ ਉਰਫ਼ ਦੀਮਾ ਨੂੰ ਗ੍ਰਿਫ਼ਤਾਰ ਕੀਤਾ ਅਤੇ 205 ਗ੍ਰਾਮ ਹੈਰੋਇਨ, 4500 ਰੁਪਏ ਦੀ ਡਰੱਗ ਮਨੀ ਬਾਰਮਦ ਕੀਤੀ ਅਤੇ ਇੱਕ ਮੋਟਰਸਾਈਕਲ ਜ਼ਬਤ ਕੀਤਾ। ਉਨ੍ਹਾਂ ਦੱਸਿਆ ਕਿ ਹੋਰ ਜਾਂਚ ਉਪਰੰਤ ਗੁਰਪ੍ਰੀਤ ਉਰਫ਼ ਗੋਪੀ (ਜੇਲ੍ਹ ਵਿੱਚ ਬੰਦ), ਜੋ ਜੇਲ੍ਹ ਤੋਂ ਮਾਡਿਊਲ ਚਲਾ ਰਿਹਾ ਸੀ, ਦੀ ਕੇਸ ਵਿੱਚ ਨਾਮਜ਼ਦਗੀ ਅਤੇ ਰਸਮੀ ਗ੍ਰਿਫ਼ਤਾਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਉਸਦੇ ਖੁਲਾਸੇ 'ਤੇ, ਉਸਦੇ ਸਾਥੀ ਸ਼ੰਕਰ ਕੁਮਾਰ, ਅਨੀਸ਼ ਉਰਫ਼ ਯੱਕੀ ਅਤੇ ਰਵੀ ਉਰਫ਼ ਗੰਜਾ ਉਰਫ਼ ਟਕਲਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਸ਼ੰਕਰ ਕੁਮਾਰ ਦੇ ਖੁਲਾਸੇ 'ਤੇ ਕਾਰਵਾਈ ਕਰਦਿਆਂ, 2 ਕਿਲੋ 3 ਗ੍ਰਾਮ ਹੈਰੋਇਨ ਦੀ ਹੋਰ ਬਰਾਮਦਗੀ ਕੀਤੀ ਗਈ।

# ਸੀਟੀ ਯੂਨੀਵਰਸਿਟੀ ਵੱਲੋਂ ਦੂਜਾ ਅੰਤਰਰਾਸ਼ਟਰੀ ਸੰਮੇਲਨ ਸਫਲਤਾਪੂਰਵਕ ਆਯੋਜਿਤ



ਲੁਧਿਆਣਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੀਟੀ ਯੂਨੀਵਰਸਿਟੀ ਦੇ ਖੋਜ ਅਤੇ ਵਿਕਾਸ ਵਿਭਾਗ ਵੱਲੋਂ ਦੂਜਾ ਅੰਤਰਰਾਸ਼ਟਰੀ ਸੰਮੇਲਨ ਸਥਿਰ ਵਿਕਾਸ ਲਈ ਬਹੁ-ਵਿਸ਼ਾਗਤ ਪਹੁੰਚ ਦੋ ਦਿਨਾਂ ਲਈ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।

ਇਸ ਗਿਆਨ ਸਮਾਗਮ ਵਿੱਚ ਭਾਰਤ ਅਤੇ ਵਿਦੇਸ਼ਾਂ ਤੋਂ ਪ੍ਰਸਿੱਧ ਵਿਦਵਾਨਾਂ, ਨੀਤੀ ਨਿਰਧਾਰਕਾਂ, ਖੋਜਕਾਰਾਂ ਅਤੇ ਵਿਦਿਆਰਥੀਆਂ ਨੇ ਭਾਗ ਲਿਆ।

ਸੰਮੇਲਨ ਦੀ ਮੁੱਖ ਮਹਿਮਾਨ ਡਾ. ਬਲਜੀਤ ਕੌਰ, ਮੰਤਰੀ, ਪੰਜਾਬ ਸਰਕਾਰ ਸਨ, ਜਦਕਿ ਵਿਸ਼ੇਸ਼ ਮਹਿਮਾਨ ਵਜੋਂ ਜਗਰਾਉਂ ਦੀ ਵਿਧਾਇਕ ਸਰਬਜੀਤ ਕੌਰ ਮਨੂਕੇ ਹਾਜ਼ਰ ਰਹੀ। ਇਸ ਮੌਕੇ ਵੱਖ-ਵੱਖ ਵਿਦਿਆਲਿਆਂ ਦੇ ਕੁਲਪਤੀਆਂ ਅਤੇ ਅੰਤਰਰਾਸ਼ਟਰੀ ਮਹਿਮਾਨਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

ਚਾਰ ਬਹੁ-ਵਿਸ਼ਾਗਤ ਵਿਸ਼ਿਆਂ ਹੇਠ 600 ਤੋਂ ਵੱਧ ਪ੍ਰਸਤੁਤਕਾਰਾਂ ਅਤੇ 100 ਤੋਂ ਵੱਧ ਰਾਸ਼ਟਰੀ-ਅੰਤਰਰਾਸ਼ਟਰੀ ਵਿਦਵਾਨਾਂ ਨੇ ਖੋਜ ਪੇਸ਼ ਕੀਤੀ। ਉਤਕ੍ਰਿਸ਼ਟ ਪ੍ਰਦਰਸ਼ਨ ਕਰਨ ਵਾਲੇ ਨੌਜਵਾਨ ਖੋਜਕਾਰਾਂ ਨੂੰ ਵਿਸ਼ੇਸ਼ ਸਨਮਾਨ ਪ੍ਰਦਾਨ ਕੀਤੇ ਗਏ। ਆਨਲਾਈਨ ਬੈਠਕਾਂ ਅਤੇ ਵਿਚਾਰ ਗੋਸ਼ਠੀਆਂ ਰਾਹੀਂ ਵਿਸ਼ਵ ਪੱਧਰੀ ਭਾਗੀਦਾਰੀ ਨੂੰ ਉਤਸ਼ਾਹ ਮਿਲਿਆ।

ਕੁਲਾਧਿਪਤੀ ਸਰਦਾਰ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸਥਿਰ ਵਿਕਾਸ ਲਈ ਸਾਂਝੀ ਖੋਜ ਅਤੇ ਨਵੀਂ ਸੋਚ ਬਹੁਤ ਜ਼ਰੂਰੀ ਹੈ ਅਤੇ ਅਜਿਹੇ ਅੰਤਰਰਾਸ਼ਟਰੀ ਮੰਚ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਯੋਗਦਾਨ ਦੇਣ ਲਈ ਤਿਆਰ ਕਰਦੇ ਹਨ।

# ਆੜ੍ਹਤੀ ਦੀ ਦੁਕਾਨ 'ਚੋਂ ਹਜ਼ਾਰਾਂ ਦੀ ਨਗਦੀ ਤੇ ਏ.ਸੀ. ਕੰਪ੍ਰੈਸ਼ਰ ਚੋਰੀ



ਸਮਾਣਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਬੀਤੀ ਰਾਤ ਅਣਪਛਾਤੇ ਚੋਰਾਂ ਵੱਲੋਂ ਮੰਡੀ ਦੇ ਵਿਚਕਾਰ ਪੱਕਾ ਫੜ੍ਹ ਸਥਿਤ ਇੱਕ ਆੜ੍ਹਤੀ ਦੀ ਦੁਕਾਨ ਦਾ ਗੱਲਾ ਤੋੜ ਕੇ 55 ਹਜ਼ਾਰ ਰੁਪਏ ਦੀ ਨਕਦੀ ਅਤੇ ਏ.ਸੀ ਦਾ ਕੰਪ੍ਰੈਸ਼ਰ ਚੋਰੀ ਕਰ ਲਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਚੋਰੀ ਸਬੰਧੀ ਜਾਣਕਾਰੀ ਸਵੇਰੇ ਅਕਾਊਂਟੈਂਟ ਵੱਲੋਂ ਦੁਕਾਨ ਖੋਲ੍ਹਣ 'ਤੇ ਮਿਲੀ। ਸੂਚਨਾ ਮਿਲਣ 'ਤੇ ਸਿਟੀ ਪੁਲਸ ਨੇ ਘਟਨਾ ਵਾਲੀ ਥਾਂ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੱਕਾ ਫੜ੍ਹ ਸਥਿਤ 'ਗੁਰੂ ਨਾਨਕ ਦੇਵ ਟ੍ਰੇਡਿੰਗ ਕੰਪਨੀ' ਦੇ ਮਾਲਕ ਹਰਪ੍ਰੀਤ ਸਿੰਘ ਹੈਪੀ ਨੇ ਦੱਸਿਆ ਕਿ ਚੋਰ ਛੱਤ ਦਾ ਦਰਵਾਜ਼ਾ ਤੋੜ ਕੇ ਪੌੜੀਆਂ ਰਾਹੀਂ ਦੁਕਾਨ ਦੇ ਅੰਦਰ ਦਾਖਲ ਹੋਏ। ਉਨ੍ਹਾਂ ਨੇ ਗੱਲਾ ਅਤੇ ਦਰਾਜ਼ ਤੋੜ ਕੇ 55 ਹਜ਼ਾਰ ਰੁਪਏ ਦੀ ਨਕਦੀ ਅਤੇ ਲੱਗੇ ਹੋਏ ਏ.ਸੀ ਦਾ ਕੰਪ੍ਰੈਸ਼ਰ ਚੋਰੀ ਕਰ ਲਿਆ।

ਦਰਾਜ਼ ਅਤੇ ਅਲਮਾਰੀ ਨੂੰ ਲੋਹੇ ਦੀ ਰਾਡ ਨਾਲ ਤੋੜਿਆ ਗਿਆ ਅਤੇ ਦੁਕਾਨ ਵਿੱਚ ਪਏ ਕਾਗਜ਼ਾਤ ਵੀ ਫਰੋਲੇ ਗਏ। ਪੀੜਤ ਅਨੁਸਾਰ ਬਾਜ਼ਾਰ ਵਿੱਚ ਪਹਿਲਾਂ ਵੀ ਕਈ ਚੋਰੀਆਂ ਹੋ ਚੁੱਕੀਆਂ ਹਨ, ਪਰ ਪੁਲਿਸ ਅਜੇ ਤੱਕ ਕਿਸੇ ਵੀ ਮਾਮਲੇ ਦਾ ਸੁਰਾਗ ਨਹੀਂ ਲਗਾ ਸਕੀ। ਮਾਮਲੇ ਦੇ ਜਾਂਚ ਅਧਿਕਾਰੀ ਸਿਟੀ ਪੁਲਿਸ ਦੇ ਏ.ਐੱਸ.ਆਈ. ਬਲਵੀਰ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਮੌਕੇ ਦਾ ਜਾਇਜ਼ਾ ਲਿਆ ਗਿਆ ਹੈ। ਨੇੜਲੇ ਸੀ.ਸੀ.ਟੀ.ਵੀ ਕੈਮਰਿਆਂ ਅਤੇ ਹੋਰ ਸਰੋਤਾਂ ਦੀ ਮਦਦ ਨਾਲ ਚੋਰਾਂ ਦੀ ਭਾਲ ਕੀਤੀ ਜਾ ਰਹੀ ਹੈ।

# ਵਿਜੀਲੈਂਸ ਬਿਊਰੋ ਨੇ ਸਬ-ਇੰਸਪੈਕਟਰ ਨੂੰ 50000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕੀਤਾ ਕਾਬੂ

ਪਟਿਆਲਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਥਾਣਾ ਸਾਈਬਰ ਸੈੱਲ, ਸੰਗਰੂਰ ਵਿਖੇ ਤਾਇਨਾਤ ਸਬ-ਇੰਸਪੈਕਟਰ ਮੇਵਾ ਸਿੰਘ ਨੂੰ 50000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅੱਜ ਇੱਥੇ, ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਕਤ ਦੋਸ਼ੀ ਨੂੰ ਪਿੰਡ ਕੋਠੇ ਮਹਾਂ ਸਿੰਘ ਵਾਲਾ, ਜ਼ਿਲ੍ਹਾ ਬਠਿੰਡਾ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ।



ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਅਤੇ ਉਸਦੀ ਪਤਨੀ ਵਿਰੁੱਧ ਥਾਣਾ ਸਾਈਬਰ ਕ੍ਰਾਈਮ ਸੰਗਰੂਰ ਵਿਖੇ ਇਕ ਮਾਮਲਾ ਦਰਜ ਕੀਤਾ ਗਿਆ ਸੀ ਜਿਸ ਵਿੱਚ ਦੋਸ਼ੀ ਸਬ-ਇੰਸਪੈਕਟਰ ਜਾਂਚ ਅਧਿਕਾਰੀ ਸੀ। ਇਸ ਸਬੰਧ ਵਿੱਚ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਸਬ-ਇੰਸਪੈਕਟਰ ਨੇ ਉਸਦੀ ਪਤਨੀ ਨੂੰ ਇਸ ਕੇਸ ਵਿੱਚੋਂ ਬਰੀ ਕਰਵਾਉਣ ਵਿੱਚ ਮਦਦ ਕਰਨ ਬਦਲੇ 50000 ਰੁਪਏ ਰਿਸ਼ਵਤ ਦੀ ਮੰਗ ਕੀਤੀ।

ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਰੇਂਜ, ਪਟਿਆਲਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਸਬ-ਇੰਸਪੈਕਟਰ ਮੇਵਾ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 50,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ।

ਇਸ ਸਬੰਧੀ, ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵੱਖ-ਵੱਖ ਮਾਮਲਿਆਂ ਵਿੱਚ ਬਰਾਮਦ ਨਸ਼ੀਲੇ ਪਦਾਰਥ ਜ਼ਿਲ੍ਹਾ ਪੁਲਿਸ ਵੱਲੋਂ ਨਸ਼ਟ



ਅੰਮ੍ਰਿਤਸਰ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਆਫ ਇੰਡੀਆ ਅਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਅੰਦਰ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੁੱਲ 21 ਮਾਮਲਿਆਂ ਦੇ ਮਾਲ ਦਾ ਨਿਪਟਾਰਾ ਡਰੱਗ ਡਿਸਪੋਜ਼ਲ ਕਮੇਟੀ ਵੱਲੋਂ ਕੀਤਾ ਗਿਆ। ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਦੀ ਅਗਵਾਈ ਹੇਠ ਸਥਾਨਕ ਨਾਭਾ ਪੇਪਰ ਮਿਲ ਵਿਖੇ 21 ਐਨ.ਡੀ.ਪੀ.ਐਸ. ਮਾਮਲਿਆਂ ਵਿੱਚ ਕਾਰਵਾਈ ਦੌਰਾਨ ਬਰਾਮਦ 161 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ, 339 ਗ੍ਰਾਮ ਹੈਰੋਇਨ, 2460 ਨਸ਼ੀਲੀਆਂ ਗੋਲੀਆਂ ਅਤੇ 1 ਕਿਲੋ 774 ਗ੍ਰਾਮ ਗਾਂਜਾ ਨਸ਼ਟ ਕੀਤਾ ਗਿਆ। ਇਸ ਮੌਕੇ ਐਸ.ਪੀ. (ਇੰਨਵੈਸਟੀਗੇਸ਼ਨ) ਸੱਤਪਾਲ ਸ਼ਰਮਾ ਅਤੇ ਡੀ.ਐਸ.ਪੀ. (ਐਨ.ਡੀ.ਪੀ.ਐਸ.) ਯਾਦਵਿੰਦਰ ਸਿੰਘ ਸਮੇਤ ਪੁਲਿਸ ਫੋਰਸ ਹਾਜ਼ਰ ਰਹੀ।

ਸੀਨੀਅਰ ਕਪਤਾਨ ਪੁਲਿਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾ ਵਿਰੋਧੀ ਮੁਹਿੰਮ ਤਹਿਤ ਜ਼ਿਲ੍ਹੇ ਵਿੱਚ ਸ਼ਹਿਰੀ ਅਤੇ ਪਿੰਡ ਪੱਧਰ 'ਤੇ ਲਗਾਤਾਰ ਕਾਰਡਨ ਐਂਡ ਸਰਚ ਓਪਰੇਸ਼ਨ ਚਲਾਏ ਜਾ ਰਹੇ ਹਨ। ਪੁਲਿਸ ਵਿਭਾਗ ਵੱਲੋਂ ਪੂਰੇ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਦੀ ਸਪਲਾਈ ਚੇਨ ਨੂੰ ਤੋੜਨ ਲਈ ਅੱਗੇ ਅਤੇ ਪਿੱਛੇ ਦੋਵੇਂ ਕੜੀਆਂ ਦੀ ਗਹਿਰਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮਾਜ ਵਿਰੋਧੀ ਤੱਤਾਂ ਖ਼ਿਲਾਫ਼ ਜੀਰੋ ਟੋਲਰੈਂਸ ਨੀਤੀ ਅਪਣਾਈ ਗਈ ਹੈ ਅਤੇ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਵਿੱਚ ਸ਼ਾਮਲ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਆਮ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਨਸ਼ਾ ਤਸਕਰੀ ਜਾਂ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਬਾਰੇ ਕੋਈ ਸੂਚਨਾ ਹੋਵੇ ਤਾਂ ਪੰਜਾਬ ਸਰਕਾਰ ਵੱਲੋਂ ਜਾਰੀ 'ਸੇਫ ਪੰਜਾਬ' ਐਂਟੀ ਡਰੱਗ ਹੈਲਪਲਾਈਨ ਵੱਟਸਐਪ ਨੰਬਰ 9779-100-200 'ਤੇ ਸਾਂਝੀ ਕੀਤੀ ਜਾਵੇ। ਸੂਚਨਾ ਦੇਣ ਵਾਲੇ ਦੀ ਪਹਿਚਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

# ਸਰਕਾਰੀ ਨੌਕਰੀ ਦਾ ਝਾਂਸਾ ਦੇ ਕੇ ਦੋ ਨੌਜਵਾਨਾਂ ਤੋਂ ਠੱਗੇ 64.62 ਲੱਖ

ਸਮਾਣਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰੀ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ ਦੋ ਨੌਜਵਾਨਾਂ ਤੋਂ 64.62 ਲੱਖ ਰੁਪਏ ਦੀ ਠੱਗੀ ਕਰਨ ਦੇ ਮਾਮਲੇ 'ਚ ਸਿਟੀ ਪੁਲਸ ਨੇ ਮਾਂ-ਪੁੱਤਰ ਸਣੇ ਤਿੰਨ ਵਿਅਕਤੀਆਂ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿਚ ਮੁੰਨੀ ਦੇਵੀ ਅਤੇ ਉਸ ਦਾ ਪੁੱਤਰ ਮਨਜੀਤ ਨਿਵਾਸੀ ਆਰੀਅਨ ਨਗਰ ਹਾਂਸੀ ਹਿਸਾਰ (ਹਰਿਆਣਾ) ਅਤੇ ਅਸ਼ੋਕ ਨਿਵਾਸੀ ਸਮਾਣਾ ਸਾਮਲ ਹਨ। ਸਿਟੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਰਵੀਕਾਂਤ ਸਿੰਘ ਨਿਵਾਸੀ ਪਿੰਡ ਖਨਾਲ ਕਲਾਂ (ਜ਼ਿਲ੍ਹਾ ਸੰਗਰੂਰ) ਵੱਲੋਂ ਜ਼ਿਲ੍ਹਾ ਪੁਲਸ ਉਚ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਉਹ ਅਤੇ ਉਸ ਦਾ ਦੋਸਤ ਹਿਮਾਂਸ਼ੂ ਨਿਵਾਸੀ ਇੰਦਰਾਪੁਰੀ ਸਮਾਣਾ ਸਰਕਾਰੀ ਨੌਕਰੀ ਦੀ ਇੱਛਾ ਰੱਖਦੇ ਸਨ। ਇਸ ਦੌਰਾਨ ਚੰਡੀਗੜ੍ਹ ਵਿਚ ਪੜ੍ਹਾਈ ਅਤੇ ਨਿਵਾਸ ਦੌਰਾਨ ਦੋਸਤਾਂ ਦੇ ਰਾਹੀਂ ਉਸ ਦਾ ਸੰਪਰਕ ਮਨਜੀਤ ਨਾਲ ਹੋਇਆ, ਜਿਸ ਨੇ ਹਿਮਾਂਸ਼ੂ ਨੂੰ ਦਿੱਲੀ ਪੁਲਿਸ ਵਿਚ ਅਫਸਰ ਲਗਵਾਉਣ ਲਈ 50 ਲੱਖ ਰੁਪਏ ਅਤੇ ਉਸ ਨੂੰ ਇਨਕਮ ਟੈਕਸ ਵਿਭਾਗ ਵਿਚ 20 ਲੱਖ ਰੁਪਏ ਵਿਚ ਨੌਕਰੀ ਲਗਵਾਉਣ ਦਾ ਝਾਂਸਾ ਦਿੱਤਾ। ਇਨ੍ਹਾਂ ਨੌਕਰੀਆਂ ਦੇ ਲਈ ਮਨਜੀਤ ਨੇ ਕੁਝ ਜਾਅਲੀ ਦਸਤਾਵੇਜ਼ ਤਿਆਰ ਕਰਵਾ ਕੇ ਉਨ੍ਹਾਂ ਨੂੰ ਕਿਸੇ ਕਥਿਤ ਅਧਿਕਾਰੀ ਨੂੰ ਮਿਲਾਇਆ ਅਤੇ ਨੌਕਰੀ ਦਿਵਾਉਣ ਦਾ ਵਿਸ਼ਵਾਸ ਦਿੱਤਾ।ਹਿਮਾਂਸ਼ੂ ਦੇ ਘਰ ਜਾਣ 'ਤੇ ਉਸ ਦੇ ਪਿਤਾ ਨੂੰ ਭਰੋਸੇ ਵਿਚ ਲੈ ਕੇ 30 ਲੱਖ ਰੁਪਏ ਨਗਦ ਅਤੇ ਉਸ ਕੋਲੋ ਵੀ 10 ਲੱਖ ਰੁਪਏ ਨਗਦ ਲਏ ਅਤੇ ਅਸ਼ੋਕ ਦੇ ਨਾਲ ਮਿਲ ਕੇ ਵੱਖ-ਵੱਖ ਸਮਿਆਂ ਅਤੇ ਸਥਾਨਾਂ 'ਤੇ ਆਪਣੇ ਅਤੇ ਆਪਣੀ ਮਾਤਾ ਮੁੰਨੀ ਦੇਵੀ ਦੇ ਅਕਾਊਂਟ ਵਿਚ ਰਕਮ ਜਮ੍ਹਾਂ ਕਰਵਾਈ। ਉਸ ਤੋਂ ਬਾਅਦ ਮਨਜੀਤ ਨੇ ਨਾ ਤਾਂ ਉਨ੍ਹਾਂ ਨੂੰ ਨੌਕਰੀ 'ਤੇ ਲਗਵਾਇਆ ਅਤੇ ਨਾ ਹੀ ਪੈਸੇ ਵਾਪਸ ਕੀਤੇ।

ਬਲਕਿ ਉਨ੍ਹਾਂ ਦੇ ਫੋਨ ਚੁਕਣੇ ਵੀ ਬੰਦ ਕਰ ਦਿੱਤੇ। ਅਧਿਕਾਰੀਆਂ ਅਨੁਸਾਰ ਪੁਲਿਸ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਪੜਤਾਲ ਦੌਰਾਨ ਇਤਲਾਹ ਦੇਣ ਦੇ ਬਾਵਜੂਦ ਮੁਲਜ਼ਮ ਜਾਂਚ ਵਿਚ ਸ਼ਾਮਲ ਨਹੀਂ ਹੋਏ, ਜਿਸ ਦੇ ਬਾਅਦ ਦਿੱਤੇ ਗਏ ਹੁਕਮਾਂ ਤੇ ਸਿਟੀ ਪੁਲਿਸ ਨੇ ਮੁਲਜ਼ਮਾਂ 'ਤੇ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਉਨ੍ਹਾਂ ਖਿਲਾਫ ਆਪਣੀ ਜਾਂਚ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ।

# ਧਰਮ ਸੰਮੇਲਨ ਰਾਹੀਂ ਧਰਮ, ਸੱਭਿਆਚਾਰ ਅਤੇ ਰਾਸ਼ਟਰੀ ਰੱਖਿਆ ਦਾ ਸੰਦੇਸ਼ ਦਿੱਤਾ

ਪਟਿਆਲਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਧਰਮ ਸੰਮੇਲਨ ਪ੍ਰਬੰਧਕ ਕਮੇਟੀ, ਟੋਪ ਖਾਨਾ ਮੋਡ ਪਟਿਆਲਾ ਵੱਲੋਂ ਟੋਪ ਖਾਨਾ ਮੋਡ ਪਟਿਆਲਾ ਵਿਖੇ ਇੱਕ ਵਿਸ਼ਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸੰਮੇਲਨ ਵਿੱਚ ਪਟਿਆਲਾ ਦੀਆਂ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਅਤੇ ਸੰਗਠਨਾਂ ਦੇ ਪ੍ਰਮੁੱਖ ਲੋਕਾਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚ ਸੰਤ ਬਾਬਾ ਮਲਕੀਤ ਸਿੰਘ ਜੀ, ਸੰਤ ਬਾਬਾ ਬਲਵਿੰਦਰ ਸਿੰਘ ਜੀ, ਸੰਤ ਬਾਬਾ ਫਤਹਿ ਸਿੰਘ ਜੀ, ਸੰਤ ਬਾਬਾ ਹਰਮਨ ਸਿੰਘ ਜੀ, ਸੰਤ ਬਾਬਾ ਗੁਰਸ਼ਰਨ ਸਿੰਘ ਜੀ, ਸੰਤ ਬਾਬਾ ਸਰਬਜੀਤ ਸਿੰਘ ਜੀ ਸ਼੍ਰੀ ਨਿਰਮਲਾ ਪੰਚਾਇਤੀ ਅਖਾੜਾ ਧਰਮ ਧਵਾਜਾ ਪਟਿਆਲਾ ਅਤੇ ਸ਼੍ਰੀ ਰਾਮਦੇਵ ਜੀਨਗਰ ਸਭਾ (ਰਜਿ.) ਦੇ ਬਲਬੀਰ ਚੰਦ, ਸ਼੍ਰੀ ਕ੍ਰਿਸ਼ਨ ਰਾਮ ਚੰਦ ਸਾਬਕਾ ਜਨਰਲ ਸਕੱਤਰ ਸ਼੍ਰੀ ਕ੍ਰਿਸ਼ਨ ਰਾਮ ਚੰਦ, ਸ਼੍ਰੀ ਜਗਦੀਸ਼ ਪ੍ਰਸਾਦ ਰਾਧਾ ਜੀ ਸਾਬਕਾ ਜਨਰਲ ਸਕੱਤਰ ਸ਼ਾਮਲ ਸਨ। ਸ਼੍ਰੀ ਬਾਬਾ ਰਾਮਦੇਵ ਜੀਨਗਰ ਸਭਾ (ਰਜਿ.) ਦੇ ਸਰੂਪ ਜੀ ਗਹਿਲੋਤ, ਸ਼੍ਰੀ ਬਲਵੰਤ ਰਾਏ ਜੀ, ਸ਼੍ਰੀ ਰਮਨ ਜੀ, ਸ਼੍ਰੀ ਮਹਾਵੀਰ ਜੀ, ਸ਼੍ਰੀ ਰਾਹੁਲ ਜੀ, ਰਾਮ ਸਰੂਪ, ਗਣਪਤੀ ਮਹੋਤਸਵ ਕਮੇਟੀ, ਨੱਥੂ ਰਾਮ, ਰਮੇਸ਼



ਚਯਾਲ, ਸ਼ੰਭੂ ਡਾਬੀ, ਸ਼੍ਰੀ ਬਾਬਾ ਰਾਮਦੇਵ ਜੀਨਗਰ ਮੰਦਿਰ ਚੈਰੀਟੇਬਲ ਟਰੱਸਟ ਦੇ ਵਿਸ਼ਵਜੀਤ ਚਾਇਲ, ਹਰੀ ਰਾਮਦੇਵ ਨਗਰ ਮੰਦਿਰ ਚੈਰੀਟੇਬਲ ਟਰੱਸਟ, ਹਰੀ ਰਾਮ ਦਾਸ ਗੇਹ, ਪੰਜਾਬੀ ਐਸੋਸੀਏਸ਼ਨ ਦੇ ਸ਼੍ਰੀ ਹਰੀ ਰਾਮ ਦਾਸ ਗੇਹਕਾ ਚੰਦਰ ਪ੍ਰਕਾਸ਼, ਸਤਪਾਲ ਜੋਆ, ਸ਼੍ਰੀ ਬਾਬਾ ਰਾਮਦੇਵ ਨਿਰਸਵਾਰਥ ਧਰਮ ਪ੍ਰਚਾਰ ਦੇ ਬਿੱਲੂ ਜੀ. ਕਮੇਟੀ ਪਟਿਆਲਾ, ਸ਼੍ਰੀ ਬਾਬਾ ਰਾਮਦੇਵ ਦਸਮੀ ਲੰਗਰ ਕਮੇਟੀ ਪਟਿਆਲਾ ਦੇ ਦੂਲੀ ਚੰਦ ਗਹਿਲੋਤ, ਸ਼੍ਰੀ ਖਾਟੂ ਸ਼ਿਆਮ ਸੇਵਾ ਸਮਿਤੀ ਦੇ ਰਾਮ ਡਾਬੀ, ਰਵੀ ਡਾਬੀ, ਅਤੇ ਜਿੰਗਾਰ ਭਾਈਚਾਰੇ ਦੇ ਹੋਰ ਪਤਵੰਤੇ, ਜਿਨ੍ਹਾਂ ਵਿੱਚ ਪ੍ਰਹਿਲਾਦ ਚੌਹਾਨ, ਰਾਜ ਕੁਮਾਰ ਸਿਸੋਦੀਆ, ਡਾ. ਬਲਰਾਮ ਜੀ, ਟੈਗੋਰ ਪਵਾਰ, ਰੋਸ਼ਨ, ਫੂਲ ਚੰਦ, ਸੁਰੇਸ਼ ਗਹਿਲੋਤ, ਦੇਵਦੱਤ ਅਤੇ ਬਾਬੂ ਲਾਲ ਚੌਹਾਨ ਸ਼ਾਮਲ ਸਨ, ਮੌਜੂਦ ਸਨ। ਆਮ ਜਨਤਾ ਦੇ 400 ਤੋਂ ਵੱਧ ਪਤਵੰਤੇ ਇਸ ਕਾਨਫਰੰਸ ਵਿੱਚ ਉਤਸ਼ਾਹ ਨਾਲ ਸ਼ਾਮਲ ਹੋਏ।

ਮੁੱਖ ਬੁਲਾਰੇ, ਸ਼੍ਰੀ ਸ਼ਿਆਮਵੀਰ, ਵਿਭਾਗ ਪ੍ਰਚਾਰਕ, ਰਾਸ਼ਟਰੀ ਸਵੈਮ ਸੇਵਕ ਸੰਘ, ਪਟਿਆਲਾ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਪੁਰਬ 'ਤੇ ਆਪਣੇ ਸੰਬੋਧਨ ਵਿੱਚ ਕਿਹਾ, ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਸਿਰਫ਼ ਇਤਿਹਾਸ ਨਹੀਂ ਹੈ, ਸਗੋਂ ਦੇਸ਼ ਅਤੇ ਧਰਮ ਦੀ ਰੱਖਿਆ ਲਈ ਦਿੱਤੀ ਗਈ ਸਰਵਉੱਚ ਕੁਰਬਾਨੀ ਹੈ। ਜ਼ੁਲਮ ਅੱਗੇ ਝੁਕਣ ਦੀ ਬਜਾਏ, ਗੁਰੂ ਸਾਹਿਬ ਨੇ ਮਨੁੱਖਤਾ ਅਤੇ ਧਾਰਮਿਕ ਆਜ਼ਾਦੀ ਦੀ ਰੱਖਿਆ ਲਈ ਆਪਣਾ ਜੀਵਨ ਕੁਰਬਾਨ ਕਰ ਦਿੱਤਾ। ਅੱਜ, ਸਮਾਜ ਨੂੰ ਆਪਣੇ ਧਰਮ, ਸੱਭਿਆਚਾਰ ਅਤੇ ਗੁਰੂ ਪਰੰਪਰਾ ਨੂੰ ਸਮਝਣ ਅਤੇ ਅਪਣਾਉਣ ਦੀ ਲੋੜ ਹੈ। ਉਨ੍ਹਾਂ ਅੱਗੇ ਕਿਹਾ, ਦਸਵੇਂ ਗੁਰੂ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੀ ਰੱਖਿਆ ਲਈ ਆਪਣਾ ਪੂਰਾ ਪਰਿਵਾਰ ਕੁਰਬਾਨ ਕਰ ਦਿੱਤਾ, ਇਹ ਸਾਬਤ ਕਰ ਦਿੱਤਾ ਕਿ ਧਰਮ ਤੋਂ ਵੱਡਾ ਕੁਝ ਵੀ ਨਹੀਂ ਹੈ। ਜਦੋਂ ਸਮਾਜ ਆਪਣੀਆਂ ਕਦਰਾਂ-ਕੀਮਤਾਂ ਤੋਂ ਭਟਕ ਜਾਂਦਾ ਹੈ, ਤਾਂ ਧਾਰਮਿਕ ਪਰਿਵਰਤਨ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਲਈ, ਨੌਜਵਾਨਾਂ ਨੂੰ ਆਪਣੇ ਗੁਰੂਆਂ ਦੇ ਇਤਿਹਾਸ ਅਤੇ ਕੁਰਬਾਨੀਆਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸੰਘ ਦੇ ਸ਼ਤਾਬਦੀ ਸਾਲ ਦੇ 100 ਸਾਲਾਂ ਦੇ ਸਫ਼ਰ ਬਾਰੇ ਵੀ ਜਾਣਕਾਰੀ ਦਿੱਤੀ। ਸ਼੍ਰੀ ਰਾਜਿੰਦਰ ਸਿੰਘ ਜੀ ਨੇ ਸੰਘ ਦੇ ਸ਼ਤਾਬਦੀ ਸਾਲ ਦੇ ਪੰਚ ਪਰਿਵਰਤਨ (ਪੰਜ ਪਰਿਵਰਤਨ) ਰਾਹੀਂ ਸਮਾਜਿਕ ਪਰਿਵਰਤਨ ਬਾਰੇ ਗੱਲ ਕੀਤੀ। ਉਨ੍ਹਾਂ ਨੇ ਪਰਿਵਾਰਕ ਗਿਆਨ, ਵਾਤਾਵਰਣ ਸੁਰੱਖਿਆ, ਨਾਗਰਿਕ ਫਰਜ਼, ਸਮਾਜਿਕ ਸਦਭਾਵਨਾ ਅਤੇ ਸਵਦੇਸ਼ੀ ਨੂੰ ਅਪਨਾਉਣ ਦਾ ਸੱਦਾ ਦਿੱਤਾ। ਧਰਮ ਅਤੇ ਸੱਭਿਆਚਾਰ ਦੇ ਆਧਾਰ 'ਤੇ, ਬੁਲਾਰੇ ਨੇ ਕਿਹਾ ਕਿ ਕਿਰਿਆ ਧਰਮ ਹੈ। ਪਰਿਵਾਰਕ ਪ੍ਰਣਾਲੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪਰਿਵਾਰ ਵਿੱਚ ਕੁੜੀਆਂ ਦੀ ਸਿੱਖਿਆ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਮਾਤ ਸ਼ਕਤੀ ਹੈ ਜੋ ਹਰ ਆਫ਼ਤ ਵਿੱਚ ਪਰਿਵਾਰ ਅਤੇ ਸਮਾਜ ਨੂੰ ਕਾਇਮ ਰੱਖਦੀ ਹੈ, ਅਤੇ ਧਾਰਮਿਕ ਪਰਿਵਰਤਨ ਨੂੰ ਰੋਕਣ ਲਈ ਸ਼੍ਰੀ ਰਾਮ ਜੀ ਨੂੰ ਆਦਰਸ਼ ਮੰਨ ਕੇ ਬੱਚਿਆਂ ਨੂੰ ਕਦਰਾਂ-ਕੀਮਤਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਧਰਮ ਵਿੱਚ ਜਾਤੀਵਾਦ ਦਾ ਕੋਈ ਸਥਾਨ ਨਹੀਂ ਹੈ, ਅਤੇ ਮਨੁੱਖਤਾ ਦੀ ਸੇਵਾ ਨਾਰਾਇਣ ਦੀ ਸੇਵਾ ਹੈ। ਪਰਮਾਤਮਾ ਹਰ ਮਨੁੱਖ ਦੇ ਅੰਦਰ ਵੱਸਦਾ ਹੈ।

# ਫੈਡਰੇਸ਼ਨ ਵਲੋਂ ਕੌਮੀ ਮੰਗ ਦਿਵਸ ਮੌਕੇ ਜਿਲ੍ਹਾ ਪ੍ਰਸ਼ਾਸਨ ਨੂੰ ਦਿੱਤਾ ਮੰਗ ਪੱਤਰ



ਪਟਿਆਲਾ, 5 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੁੱਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਦੇ 23 ਜਨਵਰੀ ਤੋ 26 ਜਨਵਰੀ ਤੱਕ ਸਿਰੜੀ ਮਹਾਰਾਸ਼ਟਰ ਵਿਖੇ ਹੋਏ 18 ਵੇ ਅਜਲਾਸ ਵਿੱਚ ਕੀਤੇ ਫੈਸਲੇ ਤਹਿਤ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜਿਲ੍ਹਾ ਇਕਾਈ ਪਟਿਆਲਾ ਵੱਲੋਂ ਮੰਗ ਪੱਤਰ ਜ਼ਿਲਾ ਪ੍ਰਧਾਨ ਲਖਵਿੰਦਰ ਸਿੰਘ ਖਾਨਪੁਰ, ਦਰਸ਼ਨ ਬੇਲੂ ਮਾਜਰਾ, ਜਸਵੀਰ ਸਿੰਘ ਖੋਖਰ ਤੇ ਜਸਵਿੰਦਰ ਸਿੰਘ ਸੋਜਾ ਦੀ ਅਗਵਾਈ ਵਿੱਚ ਜਿਲ੍ਹਾ ਅਧਿਕਾਰੀ ਨੂੰ ਦਿੱਤਾ ਗਿਆ। ਆਗੂਆਂ ਨੇ ਮੰਗ ਪੱਤਰ ਰਾਹੀਂ ਮੰਗ ਕੀਤੀ ਕਿ ਵੱਖ ਵੱਖ ਸਕੀਮਾਂ ਅਧੀਨ ਵੱਖ ਵੱਖ ਵਿਭਾਗਾਂ ਵਿੱਚ ਸਮੂਹ ਕੱਚੇ ਮੁਲਾਜ਼ਮਾਂ ਨੂੰ ਰੈਗੂਲਰ ਕਰਨ, ਸਮੂਹ ਵਿਭਾਗਾਂ ਵਿੱਚ ਖਾਲੀ ਪੋਸਟਾਂ ਨੂੰ ਪੂਰੇ ਪੂਰੇ ਗ੍ਰੇਡਾਂ ਤੇ ਤੁਰੰਤ ਭਰਨ , ਫਾਈਨਾਂਸ ਬਿੱਲ 2025 ਵਿੱਚ ਪੈਨਸ਼ਨ ਅਧਿਨਯਮ ਨੂੰ ਰੱਦ ਕਰਨ,ਪੀ ਐਫ ਆਰ ਡੀ ਏ ਬਿੱਲ ਰੱਦ ਕਰਨ,ਐਨ ਪੀ ਐਸ/ਯੂ ਪੀ ਐਸ ਨੂੰ ਤੁਰੰਤ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ,ਚਾਰ ਕਿਰਤ ਕੋਡਾਂ ਨੂੰ ਰੱਦ ਕਰਨ, ਅੱਠਵਾਂ ਪੇ ਕਮਿਸ਼ਨ ਨੂੰ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਤੇ ਇੱਕ ਸਾਰ ਲਾਗੂ ਕਰਨ,ਵੱਖ ਵੱਖ ਰਾਜਾਂ ਵਿੱਚ ਡੀ ਏ/ਡੀ ਆਰ ਦੀ ਕਿਸ਼ਤਾਂ ਦਾ ਬਕਾਇਆ ਤੁਰੰਤ ਦੇਣ, ਸੰਵਿਧਾਨ ਦੀ ਧਾਰਾ 310,311(2)(ਏ,ਬੀ,ਸੀ) ਨੂੰ ਰੱਦ ਕਰਨ, ਨਵੀਂ ਸਿੱਖਿਆ ਨੀਤੀ 2020 ਅਤੇ ਟੈੱਟ ਪਾਸ ਕਰਨ ਦੀ ਜ਼ਬਰੀ ਠੋਸੀ ਸ਼ਰਤ ਨੂੰ ਰੱਦ ਕਰਨ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਕੈਸ਼ ਲੈਸ ਹੈਲਥ ਸਕੀਮ ਲਾਗੂ ਕਰਨ, ਸੰਵਿਧਾਨ ਅਨੁਸਾਰ ਧਰਮ ਨਿਰਪੱਖਤਾ ਬਣਾ ਕੇ ਰੱਖੀ ਜਾਵੇ। ਮਿਡੇ ਮੇ ਲਾਸ਼ਾ ਵਰਕਰਾਂ ਆਗਣਵਾੜੀ ਵਰਕਰਾਂ ਤੇ ਘੱਟੋ ਘੱਟ ਉਜਰਤ ਲਾਗੂ ਕੀਤੀ ਜਾਵੇ। ਇਸ ਮੌਕੇ ਗੁਰਚਰਨ ਸਿੰਘ ਧਨੋਆ ,ਕੁਲਦੀਪ ਸਿੰਘ ਘੱਗਾ ,ਧਰਮਪਾਲ ਸਿੰਘ ਲੋਟ, ਨਰੇਸ਼ ਕੁਮਾਰ , ਭਜਨ ਸਿੰਘ, ਕਰਮ ਸਿੰਘ ਨਾਭਾ ਸਵਰਨ ਸਿੰਘ, ਪਾਲਾ ਰਾਮ,ਜਗਦੀਸ ਕੁਮਾਰ, ਵੀਰੂ ਰਾਮ ਆਦੀ ਸਾਮਲ ਹੋਏ।

# ਪੰਜਾਬ ਗੁਰੂਆਂ ਦੀ ਧਰਤੀ, ਤਪ-ਤਿਆਗ ਅਤੇ ਕੁਰਬਾਨੀ ਦੀ ਭੂਮੀ ਹੈ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

## ਹਰਿਆਣਾ ਵਿੱਚ ਇੱਕ ਸਾਲ ਵਿੱਚ 60 ਵਾਅਦੇ ਕੀਤੇ ਪੂਰੇ, 120 'ਤੇ ਤੇਜ਼ੀ ਨਾਲ ਕੰਮ ਜਾਰੀ, ਹੁਣ ਪੰਜਾਬ ਵਿੱਚ ਵੀ ਹੈ ਬਦਲਾਅ ਦੀ ਵਾਰੀ : ਮੁੱਖ ਮੰਤਰੀ



**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਦੀਨਾਨਗਰ ਵਿੱਚ ਸੈਣੀ ਸਮਾਜ ਵੱਲੋਂ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ, ਇਹ ਤਪ, ਤਿਆਗ ਅਤੇ ਕੁਰਬਾਨੀ ਦੀ ਭੂਮੀ ਹੈ। ਉਨ੍ਹਾਂ ਕਿਹਾ ਕਿ ਵੰਡ ਦੀ ਪੀੜ ਝੱਲਣ ਦੇ ਬਾਵਜੂਦ ਇੱਥੋਂ ਦੇ ਲੋਕਾਂ ਨੇ ਕਦੇ ਵੀ ਨਿਰਾਸ਼ਾ ਨੂੰ ਆਪਣੇ ਉੱਤੇ ਭਾਰੂ ਨਹੀਂ ਹੋਣ ਦਿੱਤਾ ਅਤੇ ਆਤਮ-ਵਿਸ਼ਵਾਸ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਬਣਾਇਆ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਵਿਧਾਨਸਭਾ ਦੀਆਂ ਆਉਣ ਵਾਲੀਆਂ ਚੋਣਾਂ ਸਿਰਫ਼ ਸਰਕਾਰ ਬਦਲਣ ਦੀਆਂ ਚੋਣਾਂ ਨਹੀਂ ਹਨ, ਇਹ ਚੋਣਾਂ ਪੰਜਾਬ ਦੀ ਸਿਆਸੀ ਦਿਸ਼ਾ ਬਦਲਣ ਅਤੇ ਸਮਾਜ ਨੂੰ ਸਨਮਾਨ ਦਿਵਾਉਣ ਦਾ ਮੌਕਾ ਹਨ।

ਉਨ੍ਹਾਂ ਕਿਹਾ ਕਿ ਇਸ ਪਵਿੱਤਰ ਧਰਤੀ 'ਤੇ ਆ ਕੇ ਉਹ ਆਪਣੇ ਆਪ ਨੂੰ ਮਾਣਮੱਤਾ ਮਹਿਸੂਸ ਕਰ ਰਹੇ ਹਨ। ਹਾਜ਼ਰ ਜਨਸਮੂਹ ਨੂੰ ਨਮਨ ਕਰਦਿਆਂ ਉਨ੍ਹਾਂ ਨੇ ਅਪੀਲ ਕੀਤੀ ਕਿ ਸਾਰਿਆਂ ਨੂੰ ਮਿਲ ਕੇ ਪੰਜਾਬ ਨੂੰ ਫਿਰ ਤੋਂ ਵਿਕਾਸ ਦੇ ਰਾਹ 'ਤੇ ਮੋਹਰੀ ਸੂਬਾ ਬਣਾਉਣਾ ਹੈ। ਉਨ੍ਹਾਂ ਕਿਹਾ, ਅਸੀਂ ਸਾਰਿਆਂ ਨੇ ਮਿਲ ਕੇ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਸੈਣੀ ਸਮਾਜ ਨੂੰ ਸਨਮਾਨ ਦੇਣ ਦਾ ਕੰਮ ਕੀਤਾ ਹੈ। ਮੇਰੇ ਵਰਗੇ ਇੱਕ ਛੋਟੇ ਜਿਹੇ ਕਾਰਜਕਰਤਾ ਨੂੰ ਮੁੱਖ ਮੰਤਰੀ ਬਣਾ ਕੇ ਸਮਾਜ ਨੂੰ ਤਾਕਤ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ ਨੂੰ ਹਰਿਆਣਾ ਵਿਧਾਨ ਸਭਾ ਵਿੱਚ ਉਹ ਆਪਣਾ ਦੂਜਾ ਬਜਟ ਪੇਸ਼ ਕਰਨਗੇ। ਉਨ੍ਹਾਂ ਕਿਹਾ ਕਿ 217 ਸੰਕਲਪਾਂ ਵਿੱਚੋਂ 60 ਪੂਰੇ ਕੀਤੇ ਜਾ ਚੁੱਕੇ ਹਨ ਅਤੇ 120 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ।

ਸੂਬਾ ਸਰਕਾਰ ਦੀਆਂ ਯੋਜਨਾਵਾਂ ਦਾ ਜ਼ਿਕਰ ਵਰਨਣ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਕਿਡਨੀ ਦੇ ਮਰੀਜ਼ਾਂ ਨੂੰ ਸਾਰੇ ਹਸਪਤਾਲਾਂ ਅਤੇ ਮੈਡੀਕਲ ਕਾਲਜਾਂ ਵਿੱਚ ਮੁਫ਼ਤ ਡਾਇਲਸਿਸ ਦੀ ਸਹੂਲਤ ਦਿੱਤੀ ਜਾ ਰਹੀ ਹੈ। ਬਜ਼ੁਰਗਾਂ ਨੂੰ ਹਰ ਮਹੀਨੇ ਦੀ 10 ਤਾਰੀਖ ਤੱਕ ਪੈਨਸ਼ਨ ਘਰ ਬੈਠੇ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 'ਲਾਡੋ ਲਛਮੀ' ਯੋਜਨਾ ਤਹਿਤ ਔਰਤਾਂ ਨੂੰ 2100 ਰੁਪਏ ਦਿੱਤੇ ਜਾ ਰਹੇ ਹਨ। ਕਿਸਾਨਾਂ ਦੀਆਂ ਫ਼ਸਲਾਂ ਘੱਟੋ-ਘੱਟ ਸਮਰਥਨ ਮੁੱਲ (MSP) 'ਤੇ ਖਰੀਦੀਆਂ ਜਾ ਰਹੀਆਂ ਹਨ ਅਤੇ 48 ਘੰਟਿਆਂ ਵਿੱਚ ਭੁਗਤਾਨ ਯਕੀਨੀ ਬਣਾਇਆ ਗਿਆ ਹੈ। ਭਾਵਾਂਤਰ ਭਰਪਾਈ ਯੋਜਨਾ ਦਾ ਲਾਭ ਵੀ ਕਿਸਾਨਾਂ ਨੂੰ ਮਿਲ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗਰੀਬਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ ਅਤੇ ਜਿਨ੍ਹਾਂ ਪਰਿਵਾਰਾਂ ਕੋਲ ਜ਼ਮੀਨ ਨਹੀਂ ਹੈ, ਉਨ੍ਹਾਂ ਨੂੰ ਪਲਾਟ ਮੁਹੱਈਆ ਕਰਵਾਏ ਜਾ ਰਹੇ ਹਨ। ਲੰਬੇ ਸਮੇਂ ਤੋਂ ਪੰਚਾਇਤੀ ਜ਼ਮੀਨ 'ਤੇ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕ ਵੀ ਪ੍ਰਦਾਨ ਕੀਤੇ ਗਏ ਹਨ।

ਪੰਜਾਬ ਦੀ ਸੱਤਾ ਕੁਝ ਹੱਥਾਂ ਵਿੱਚ ਰਹਿਣ ਕਾਰਨ ਵਿਕਾਸ ਪ੍ਰਭਾਵਿਤ ਹੋਇਆ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਸੱਤਾ ਕੁਝ ਹੱਥਾਂ ਤੱਕ ਸਿਮਟਣ ਕਾਰਨ ਵਿਕਾਸ ਪ੍ਰਭਾਵਿਤ ਹੋਇਆ ਹੈ। ਹੁਣ ਰਾਜਨੀਤੀ ਦੀ ਦਿਸ਼ਾ ਬਦਲਣ ਦਾ ਸਮਾਂ ਹੈ। ਉਨ੍ਹਾਂ ਭਰੋਸਾ ਜਤਾਇਆ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਓ.ਬੀ.ਸੀ. (OBC) ਵਰਗ ਇੱਕਜੁੱਟ ਹੋ ਕੇ ਨਿਰਣਾਇਕ ਭੂਮਿਕਾ ਨਿਭਾਏਗਾ ਅਤੇ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਯੋਗਦਾਨ ਪਾਵੇਗਾ ਤਾਂ ਜੋ ਪੰਜਾਬ ਨੂੰ ਫਿਰ ਤੋਂ ਰੰਗਲਾ ਅਤੇ ਖੁਸ਼ਹਾਲ ਸੂਬਾ ਬਣਾਇਆ ਜਾ ਸਕੇ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 31 ਫੀਸਦੀ ਓ.ਬੀ.ਸੀ. ਵਰਗ ਹੈ, ਇਹ ਮਿਲ ਕੇ ਰਾਜਨੀਤੀ ਦੀ ਧੁਰੀ ਬਣਨ ਅਤੇ ਰਾਜਨੀਤਿਕ ਭੂਮਿਕਾ ਨਿਭਾਉਣ। ਸ੍ਰੀ ਸੈਣੀ ਨੇ ਕਿਹਾ ਕਿ ਅੱਜ ਪੰਜਾਬ ਦੇ ਹਾਲਾਤ ਬਹੁਤ ਖ਼ਰਾਬ ਹਨ। ਬੇਰੁਜ਼ਗਾਰੀ, ਨਸ਼ਾ, ਅਪਰਾਧ ਅਤੇ ਪਲਾਇਨ (ਹਿਜਰਤ) ਨਾਲ ਜੂਝ ਰਹੇ ਪੰਜਾਬ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਦਿਵਾਉਣ ਦਾ ਹੁਣ ਵਕਤ ਆ ਗਿਆ ਹੈ। ਇਸ ਕਾਰਜ ਵਿੱਚ ਸੈਣੀ ਸਮਾਜ ਨੂੰ ਵੱਡੀ ਭੂਮਿਕਾ ਨਿਭਾਉਣੀ ਪਵੇਗੀ।

ਮੁੱਖ ਮੰਤਰੀ ਨੇ ਕਾਂਗਰਸ ਆਗੂ ਰਾਹੁਲ ਗਾਂਧੀ 'ਤੇ ਤੰਜ ਕੱਸਦਿਆਂ ਕਿਹਾ ਕਿ ਬਿਹਾਰ ਚੋਣਾਂ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਹਰਿਆਣਾ ਵਿੱਚ ਵੋਟ ਚੋਰੀ ਦੇ ਦੋਸ਼ ਲਾਏ, ਪਰ ਇਨ੍ਹਾਂ ਦੋਸ਼ਾਂ ਨੂੰ ਜਨਤਾ ਨੇ ਸਿਰੇ ਤੋਂ ਖਾਰਜ ਕਰਨ ਦਾ ਕੰਮ ਕੀਤਾ ਹੈ।

ਮੁੱਖ ਮੰਤਰੀ ਨੇ ਸੈਣੀ ਸਮਾਜ ਦੇ ਯੋਗਦਾਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਮਾਜ ਨੇ ਆਜ਼ਾਦੀ ਅੰਦੋਲਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਸਰਦਾਰ ਮਹਿੰਗਾ ਸਿੰਘ ਅਤੇ ਸ੍ਰੀ ਹਰੀ ਸਿੰਘ ਸੈਣੀ ਨੂੰ ਸਮਾਜ ਦੇ ਹੀਰੇ ਦੱਸਦਿਆਂ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ।

ਉਨ੍ਹਾਂ ਕਿਹਾ ਕਿ ਸੈਣੀ ਸਮਾਜ ਮਾਨਵਤਾ ਦੀ ਸੇਵਾ ਦੇ ਕਾਰਜਾਂ ਵਿੱਚ ਮੋਹਰੀ ਰਿਹਾ ਹੈ। ਪੰਜਾਬ ਵਿੱਚ ਹੜ੍ਹਾਂ ਦੇ ਸਮੇਂ ਸਮਾਜ ਦੇ ਲੋਕਾਂ ਨੇ ਵੱਧ-ਚੜ੍ਹ ਕੇ ਸਹਾਇਤਾ ਕੀਤੀ। ਚੰਡੀਗੜ੍ਹ ਦੇ ਪ੍ਰਸਿੱਧ ਰੌਕ ਗਾਰਡਨ ਦੇ ਨਿਰਮਾਤਾ ਨੇਕ ਚੰਦ ਸੈਣੀ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਸਮਾਜ ਵਿੱਚ ਕਲਾ ਅਤੇ ਸੱਭਿਆਚਾਰ ਦੀ ਅਮਿੱਟ ਛਾਪ ਛੱਡੀ ਹੈ।

ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ ਮੁੱਖ ਮੰਤਰੀ ਨੇ ਸ਼ਹੀਦਾਂ ਦੇ ਪਰਿਵਾਰਾਂ ਅਤੇ ਸਕੂਲੀ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਸ਼ਵਨੀ ਸ਼ਰਮਾ, ਅਖਿਲ ਭਾਰਤੀ ਸੈਣੀ ਸਭਾ ਦੇ ਪ੍ਰਧਾਨ ਦਿਲਬਾਗ ਸਿੰਘ ਸੈਣੀ ਅਤੇ ਪ੍ਰਬੰਧਕ ਜਗਦੀਸ਼ ਸੈਣੀ, ਰਘੁਵੀਰ ਸਿੰਘ ਸੈਣੀ, ਲਵਲੀ ਸੈਣੀ, ਪ੍ਰਵੀਨ ਕੁਮਾਰ ਸੈਣੀ, ਹਰਵੀਰ ਸਿੰਘ, ਦਰਬਾਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਹਾਜ਼ਰ ਸਨ।

# ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਾਰਡ 'ਚ ਗਲੀਆਂ ਦੇ ਨਿਰਮਾਣ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 13 ਵਿੱਚ ਲਗਭਗ 12 ਲੱਖ ਰੁਪਏ ਦੀ ਲਾਗਤ ਨਾਲ ਵੱਖ-ਵੱਖ ਗਲੀਆਂ ਵਿੱਚ ਬਲਾਕ ਟਾਈਲਾਂ ਵਿਛਾਉਣ ਦੇ ਕੰਮ ਦੀ ਸ਼ੁਰੂਆਤ ਕਰਵਾਈ । ਇਸ ਮੌਕੇ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਲਾਕੇ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਪਹਿਲ ਦੇ ਆਧਾਰ 'ਤੇ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਵਿਧਾਇਕ ਜਿੰਪਾ ਨੇ ਕਿਹਾ ਕਿ ਲੰਬੇ ਸਮੇਂ ਤੋਂ ਵਾਰਡ ਨੰਬਰ 13 ਵਿੱਚ ਬਹੁਤ ਸਾਰੀਆਂ ਗਲੀਆਂ ਖਸਤਾ ਹਾਲਤ ਵਿੱਚ ਸਨ, ਜਿਸ ਕਾਰਨ ਸਥਾਨਕ ਨਿਵਾਸੀਆਂ ਨੂੰ ਆਉਣ-ਜਾਣ ਵਿੱਚ ਮੁਸ਼ਕਲਾਂ ਆ ਰਹੀਆਂ ਸਨ। ਬਲਾਕ ਟਾਈਲਾਂ ਲਗਾਉਣ ਨਾਲ ਨਾ ਸਿਰਫ਼ ਗਲੀਆਂ ਮਜ਼ਬੂਤ ਅਤੇ ਸੁੰਦਰ ਹੋਣਗੀਆਂ ਸਗੋਂ ਡਰੇਨੇਜ ਦੀਆਂ ਸਮੱਸਿਆਵਾਂ ਵੀ ਦੂਰ ਹੋਣਗੀਆਂ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਵਿੱਚ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਕੰਮ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸ਼ਹਿਰੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਹਰੇਕ ਵਾਰਡ ਵਿੱਚ ਲੋਕਾਂ ਦੀਆਂ ਜ਼ਰੂਰਤਾਂ ਦੇ ਆਧਾਰ 'ਤੇ ਵਿਕਾਸ ਯੋਜਨਾਵਾਂ ਲਾਗੂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਨਾਗਰਿਕਾਂ ਨੂੰ ਬਿਹਤਰ ਸਹੂਲਤਾਂ ਮਿਲ ਸਕਣ।

ਵਿਧਾਇਕ ਜਿੰਪਾ ਨੇ ਸਥਾਨਕ ਨਿਵਾਸੀਆਂ ਨੂੰ ਭਰੋਸਾ ਦਿੱਤਾ ਕਿ ਵਾਰਡ ਨੰਬਰ 13 ਸਮੇਤ ਪੂਰੇ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਕਾਰਜ ਇਸੇ ਤਰ੍ਹਾਂ ਜਾਰੀ ਰਹਿਣਗੇ।

ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਕੌਂਸਲਰ ਜਤਿੰਦਰ ਕੌਰ ਪਿੰਕੀ, ਕੌਂਸਲਰ ਚੰਦਰਵਤੀ ਦੇਵੀ, ਨਵੀਨ, ਗੰਗਾ ਪ੍ਰਸਾਦ, ਅਜੀਤ ਸਿੰਘ ਲੱਕੀ ਅਤੇ ਕਰਨੈਲ ਸਿੰਘ ਵੀ ਮੌਜੂਦ ਸਨ। ਮੌਜੂਦ ਪਤਵੰਤਿਆਂ ਨੇ ਇਸ ਪਹਿਲਕਦਮੀ ਲਈ ਵਿਧਾਇਕ ਜਿੰਪਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਨਾਲ ਇਲਾਕੇ ਦੇ ਨਿਵਾਸੀਆਂ ਨੂੰ ਸਿੱਧਾ ਲਾਭ ਹੋਵੇਗਾ।

# ਪੰਜਾਬ ਦੇ ਲੋਕ 2027 ਵਿੱਚ 'ਆਪ' ਨੂੰ 100 ਸੀਟਾਂ ਦੇ ਕੇ ਕੇਂਦਰ ਵਿੱਚ ਭਾਜਪਾ ਦੇ ਤਾਨਾਸ਼ਾਹੀ ਸ਼ਾਸਨ ਦੇ ਅੰਤ ਦਾ ਮੁੱਢ ਬੰਨ੍ਹਣਗੇ: ਭਗਵੰਤ ਸਿੰਘ ਮਾਨ

**➢ ਜਿਸ ਪਾਸੇ ਪੰਜਾਬ ਅੱਗੇ ਵਧਦਾ ਕਰਦਾ ਹੈ, ਦੇਸ਼ ਵੀ ਉਸ ਦਾ ਸਾਥ ਦਿੰਦਾ ਹੈ; ਸਾਲ 2027 ਦੇਸ਼ ਭਰ ਵਿੱਚ ਬਦਲਾਅ ਦੇ ਨਵੇਂ ਯੁੱਗ ਦਾ ਆਗਾਜ਼ ਕਰੇਗਾ: ਭਗਵੰਤ ਸਿੰਘ ਮਾਨ ➢ ਪੰਜਾਬ ਕਦੇ ਵੀ ਤਾਨਾਸ਼ਾਹੀ ਅੱਗੇ ਨਹੀਂ ਝੁਕਿਆ; ਅਸੀਂ ਬੇਇਨਸਾਫ਼ੀ ਦਾ ਜਵਾਬ ਵੱਡੇ ਲੋਕ ਫਤਵੇ ਨਾਲ ਦੇਵਾਂਗੇ**



**ਨਵੀਂ ਦਿੱਲੀ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੀ ਜੰਤਰ-ਮੰਤਰ ਵਿਖੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਹੋਈ ਵਿਸ਼ਾਲ ਜਨਤਕ ਰੈਲੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਅਦਾਲਤ ਦਾ ਹਾਲੀਆ ਫੈਸਲਾ ਭਾਰਤੀ ਰਾਜਨੀਤੀ ਵਿੱਚ ਸੱਚਾਈ ਦੀ ਇਤਿਹਾਸਕ ਜਿੱਤ ਹੈ ਅਤੇ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ 'ਆਪ' ਪਾਰਟੀ ਇੱਕ ਕੌਮੀ ਤਾਕਤ ਵਜੋਂ ਮਜ਼ਬੂਤੀ ਨਾਲ ਉਭਰ ਕੇ ਸਾਹਣਣੇ ਆਈ ਹੈ। ਸਿੱਧੀ ਰਾਜਨੀਤਿਕ ਚੁਣੌਤੀ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਇਸ ਤਾਨਾਸ਼ਾਹੀ ਸ਼ਾਸਨ ਨੂੰ ਮਾਤ ਦੇਣ ਲਈ 2027 ਵਿੱਚ 'ਆਪ' ਦੀ ਝੋਲੀ ਘੱਟੋ-ਘੱਟ 100 ਸੀਟਾਂ ਪਾਏਗਾ। ਉਨ੍ਹਾਂ ਕਿਹਾ ਕਿ ਇਸ ਤਾਨਾਸ਼ਾਹੀ ਵਿਰੁੱਧ ਜਿੱਤ ਦਾ ਆਗਾਜ਼ ਪੰਜਾਬ ਤੋਂ ਹੋਵਗਾ। ਇਹ ਆਖਦਿਆਂ ਕਿ ਸਾਲ 2027 ਦੇਸ਼ ਭਰ ਵਿੱਚ ਬਦਲਾਅ ਦਾ ਮੁੱਢ ਬੰਨ੍ਹੇਗਾ, ਉਨ੍ਹਾਂ ਕਿਹਾ ਕਿ ਜਿਸ ਦਿਸ਼ਾ ਵੱਲ ਪੰਜਾਬ ਮਾਰਚ ਕਰਦਾ ਹੈ, ਪੂਰਾ ਦੇਸ਼ ਵੀ ਉਸ ਪਾਸੇ ਵੱਲ ਹੋ ਜਾਂਦਾ ਹੈ ਕਿਉਂ ਕਿ ਹਰ ਕੋਈ ਜਾਣਦਾ ਹੈ ਕਿ ਪੰਜਾਬ ਕਿਸੇ ਵੀ ਤਾਨਾਸ਼ਾਹੀ ਨੂੰ ਮੂੰਹ ਤੋੜਵਾਂ ਜਵਾਬ ਦੇਣਾ ਚੰਗੀ ਤਰ੍ਹਾਂ ਜਾਣਦਾ ਹੈ। ਜੀ.ਐਸ.ਟੀ. ਦਾ ਬਕਾਇਆ ਰੋਕਣ ਅਤੇ ਪੰਜਾਬ ਲਈ ਐਲਾਨੀ ਗਈ 1,600 ਕਰੋੜ ਰੁਪਏ ਦੀ ਹੜ੍ਹ ਰਾਹਤ ਰਾਸ਼ੀ ਜਾਰੀ ਨਾ ਕਰਨ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਇਸ ਬੇਇਨਸਾਫ਼ੀ ਦਾ ਜਵਾਬ ਲੋਕ ਆਪਣੇ ਫਤਵੇ ਨਾਲ ਦੇਣਗੇ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਿਸੇ ਵੀ ਤਰ੍ਹਾਂ ਦੀ ਤਾਨਾਸ਼ਾਹੀ ਵਾਲੀ ਰਾਜਨੀਤੀ ਪੰਜਾਬ ਨੂੰ ਦਬਾ ਨਹੀਂ ਸਕਦੀ ਅਤੇ ਕਿਹਾ ਕਿ ਦੇਸ਼ ਭਰ ਵਿੱਚ ਜਿੱਤ ਦੀ ਸ਼ੁਰੂਆਤ ਪੰਜਾਬ ਤੋਂ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਕਿਸੇ ਇੱਕ ਵਿਅਕਤੀ ਦੀ ਲੜਾਈ ਨਹੀਂ, ਸਗੋਂ ਭਾਰਤ ਦੇ ਸੰਵਿਧਾਨ ਅਤੇ ਲੋਕਤੰਤਰੀਕਦਰਾਂ-ਕੀਮਤਾਂ ਦੀ ਰਾਖੀ ਲਈ ਇੱਕ ਵੱਡੀ ਲੋਕ ਲਹਿਰ ਹੈ।

ਵੀਡੀਓ ਕਾਨਫਰੰਸਿੰਗ ਰਾਹੀਂ ਪਾਰਟੀ ਆਗੂਆਂ ਅਤੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਾਲ ਹੀ ਵਿੱਚ ਆਏ ਅਦਾਲਤੀ ਫੈਸਲੇ ਤੋਂ ਬਾਅਦ ਭਾਰਤੀ ਰਾਜਨੀਤੀ ਵਿੱਚ ਸੱਚਾਈ ਦੀ ਇਤਿਹਾਸਕ ਜਿੱਤ 'ਤੇ 'ਆਪ' ਦੀ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਮੈਂ ਸਾਰਿਆਂ ਨੂੰ ਦਿਲੋਂ ਵਧਾਈ ਦਿੰਦਾ ਹਾਂ ਅਤੇ ਕਿਹਾ ਕਿ ਕੱਲ੍ਹ ਦਾ ਦਿਨ ਭਾਰਤੀ ਰਾਜਨੀਤੀ ਵਿੱਚ ਇੱਕ ਇਤਿਹਾਸਕ ਪਲ ਵਜੋਂ ਯਾਦ ਰੱਖਿਆ ਜਾਵੇਗਾ, ਇੱਕ ਅਜਿਹਾ ਦਿਨ ਜਦੋਂ ਸੱਚਾਈ ਦੀ ਜਿੱਤ ਹੋਈ। ਮੈਂ ਪੂਰੀ 'ਆਪ' ਟੀਮ, ਗੁਪਤ ਰੂਪ ਵਿੱਚ ਸਮਰਥਨ ਦੇਣ ਵਾਲਿਆਂ ਅਤੇ ਮੋਹਰਲੀ ਕਤਾਰ 'ਚ ਰਹਿ ਕੇ ਕੰਮ ਕਰਨ ਵਾਲੇ ਹਰ ਇੱਕ ਸਾਥੀ ਨੂੰ ਅਦਾਲਤ ਤੋਂ ਮਿਲੀ ਇਸ ਵੱਡੀ ਜਿੱਤ 'ਤੇ ਵਧਾਈ ਦਿੰਦਾ ਹਾਂ। ਪੰਜਾਬ ਦੇ ਮੁੱਖ ਮੰਤਰੀ ਨੇ ਪਾਰਟੀ ਦੇ ਹੁਣ ਤੱਕ ਦੇ ਸਫ਼ਰ ਬਾਰੇ ਗੱਲ ਕਰਦਿਆਂ ਕਿਹਾ ਕਿ ਜਦੋਂ ਵੀ 'ਆਪ' 'ਤੇ ਕੋਈ ਸੰਕਟ ਆਉਂਦਾ ਹੈ ਤਾਂ ਪਾਰਟੀ ਦੋ ਜਾਂ ਚਾਰ ਗੁਣਾ ਹੋਰ ਮਜ਼ਬੂਤ ਹੋ ਕੇ ਉੱਭਰਦੀ ਹੈ। ਮੈਨੂੰ ਨਹੀਂ ਪਤਾ ਕਿਉਂ, ਪਰ ਕਿਸਮਤ ਜਾਂ ਪਰਮਾਤਮਾ ਸਾਨੂੰ ਹਮੇਸ਼ਾ ਉਸੇ ਮੰਚ (ਜੰਤਰ-ਮੰਤਰ) 'ਤੇ ਲਿਆ ਖੜ੍ਹਾ ਕਰਦਾ ਹੈ, ਜਿੱਥੋਂ ਸਾਡੀ 'ਆਪ' ਪਾਰਟੀ ਜਨਮੀ ਸੀ । ਅੱਜ ਦਾ ਪ੍ਰੋਗਰਾਮ ਪਹਿਲਾਂ ਤੋਂ ਤੈਅ ਸੀ, ਪਰ ਸਾਨੂੰ ਨਹੀਂ ਪਤਾ ਸੀ ਕਿ ਜੱਜ ਵੱਲੋਂ ਅਜਿਹਾ ਫੈਸਲਾ ਆਵੇਗਾ। ਅੱਜ ਸਾਡੇ ਕੋਲ ਪੂਰੇ ਦੇਸ਼ ਨੂੰ ਇਹ ਦੱਸਣ ਦਾ ਮੌਕਾ ਹੈ ਕਿ ਸੱਚ ਹਮੇਸ਼ਾ ਸੱਚ ਹੀ ਰਹਿੰਦਾ ਹੈ। ਸੱਚ ਬੋਲਣ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਤੁਹਾਨੂੰ ਇਸਨੂੰ ਦੁਬਾਰਾ ਯਾਦ ਨਹੀਂ ਰੱਖਣਾ ਪੈਂਦਾ। ਤੁਸੀਂ ਜਿੱਥੇ ਵੀ ਬੋਲਦੇ ਹੋ, ਉਹੀ ਸੱਚ ਬੋਲਦੇ ਹੋ। ਝੂਠ ਬੋਲਣ ਵਾਲਿਆਂ ਨੂੰ ਯਾਦ ਰੱਖਣਾ ਪੈਂਦਾ ਹੈ ਕਿ ਉਨ੍ਹਾਂ ਨੇ ਪਹਿਲਾਂ ਕੀ ਕਿਹਾ ਸੀ। ਨੀਤੀਗਤ ਤਬਦੀਲੀਆਂ 'ਤੇ ਨਿਸ਼ਾਨਾ ਸਾਧਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਅਜਿਹੇ ਕਈ ਮੌਕੇ ਆਏ ਜਿੱਥੇ ਜੀਐਸਟੀ ਦਾ ਵਿਰੋਧ ਕੀਤਾ ਗਿਆ ਅਤੇ ਬਾਅਦ ਵਿੱਚ ਇਸ ਨੂੰ ਲਾਗੂ ਕਰ ਦਿੱਤਾ ਗਿਆ। ਪਹਿਲਾਂ ਕਈ ਫੈਸਲਿਆਂ ਦਾ ਵਿਰੋਧ ਹੋਇਆ ਅਤੇ ਬਾਅਦ ਵਿੱਚ ਇਸ ਦਾ ਉਲਟ ਹੋਇਆ। ਪਹਿਲਾਂ ਤੇਲ ਦੀਆਂ ਵਧਦੀਆਂ ਕੀਮਤਾਂ ਬਾਰੇ ਬਿਆਨ ਦਿੱਤੇ ਗਏ, ਜਦਕਿ ਹੁਣ ਕੀਮਤਾਂ ਹੋਰ ਕਿਤੇ ਜ਼ਿਆਦਾ ਵੱਧ ਹਨ। ਇਸ ਸਭ ਦੇ ਬਾਵਜੂਦ ਵੀ ਇਸਨੂੰ ਮਾਸਟਰਸਟ੍ਰੋਕ ਕਿਹਾ ਜਾ ਰਿਹਾ ਹੈ। ਸੱਚ ਅਤੇ ਝੂਠ ਵਿੱਚ ਇਹੀ ਫ਼ਰਕ ਹੈ।

ਪਾਰਟੀ ਦੇ ਸਥਾਪਨਾ ਦੇ ਸਿਧਾਂਤਾਂ ਨੂੰ ਚੇਤੇ ਕਰਦਿਆਂ ਉਨ੍ਹਾਂ ਕਿਹਾ ਕਿ ਇਸੇ ਨਿੰਮ ਦੇ ਰੁੱਖ ਹੇਠ, ਜਿੱਥੇ ਸਾਡੀ ਪਾਰਟੀ ਦੀ ਨੀਂਹ ਰੱਖੀ ਗਈ ਸੀ, ਅਸੀਂ ਇਸ ਦੇਸ਼ ਦੀ ਰਾਜਨੀਤੀ 'ਚ ਬਦਲਾਅ ਲਿਆਉਣ ਅਤੇ ਇਸ ਵਿੱਚ ਇਮਾਨਦਾਰੀ ਭਰਨ ਦੇ ਆਪਣੇ ਵਾਅਦੇ ਨੂੰ ਨਵਿਆਉਂਦੇ ਹਾਂ। ਪਹਿਲਾਂ ਪਾਰਟੀਆਂ ਦੇ ਮੈਨੀਫੈਸਟੋ ਸਿਰਫ਼ ਨਫ਼ਰਤ ਅਤੇ ਧਰਮ ਸਬੰਧੀ ਬਿਆਨਾਂ ਨਾਲ ਭਰੇ ਹੁੰਦੇ ਸਨ। ਅਰਵਿੰਦ ਕੇਜਰੀਵਾਲ ਨੇ ਦੂਜੀਆਂ ਪਾਰਟੀਆਂ ਨੂੰ ਆਪਣੇ ਮੈਨੀਫੈਸਟੋ ਵਿੱਚ ਸਕੂਲ, ਹਸਪਤਾਲ, ਬਿਜਲੀ, ਰੋਜ਼ਗਾਰ ਅਤੇ ਬੁਨਿਆਦੀ ਢਾਂਚੇ ਬਾਰੇ ਲਿਖਣ ਲਈ ਮਜਬੂਰ ਕੀਤਾ, ਕਿਉਂ ਕਿ ਇਸ ਤੋਂ ਪਹਿਲਾਂ ਤਾਂ ਉਹ ਸਿਰਫ਼ ਧਰਮ ਅਤੇ ਜਾਤ ਬਾਰੇ ਹੀ ਬਿਆਨ ਦਿੰਦੇ ਰਹਿੰਦੇ ਸਨ।

ਉਨ੍ਹਾਂ ਅੱਗੇ ਕਿਹਾ ਕਿ ਅਰਵਿੰਦ ਕੇਜਰੀਵਾਲ ਸਾਡੇ ਨੇਤਾ ਹਨ। ਉਨ੍ਹਾਂ ਨੇ ਦਿਖਾਇਆ ਹੈ ਕਿ ਜੇਕਰ ਇਸ ਦੇਸ਼ ਦੇ 140 ਕਰੋੜ ਨਾਗਰਿਕ ਕੁਝ ਕਰਨ ਦਾ ਫੈਸਲਾ ਕਰਦੇ ਹਨ ਤਾਂ ਇਹ ਜ਼ਮੀਨੀ ਪੱਧਰ 'ਤੇ ਸਪੱਸ਼ਟ ਦਿਸਦਾ ਹੈ। ਜੋ ਸੱਚ ਲਈ ਖੜ੍ਹੇ ਹਨ, ਪਰਮਾਤਮਾ ਵੀ ਉਨ੍ਹਾਂ ਦੇ ਨਾਲ ਖੜ੍ਹਾ ਹੈ । ਆਪ ਵਰਕਰਾਂ ਨੂੰ ਇਹ ਸੰਦੇਸ਼ ਫੈਲਾਉਣ ਦਾ ਸੱਦਾ ਦਿੰਦਿਆਂ ਉਨ੍ਹਾਂ ਅੱਗੇ ਕਿਹਾ ਕਿ ਸਾਨੂੰ ਦੇਸ਼ ਭਰ ਵਿੱਚ ਜਾ ਕੇ ਆਪਣੇ ਰਿਸ਼ਤੇਦਾਰਾਂ, ਦੋਸਤਾਂ ਅਤੇ ਜਾਣਕਾਰਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਹ ਸੱਚ ਦੀ ਜਿੱਤ ਹੈ। ਸਾਨੂੰ ਇਹ ਦੱਸਣਾ ਚਾਹੀਦਾ ਹੈ ਕਿ ਕਿਵੇਂ ਸਾਜ਼ਿਸ਼ਾਂ ਰਚੀਆਂ ਗਈਆਂ ਸਨ। ਜਦੋਂ ਸਰਕਾਰੀ ਹਸਪਤਾਲਾਂ ਵਿੱਚ ਸੁਧਾਰ ਹੋਇਆ ਤਾਂ ਨਿੱਜੀ ਸੈਕਟਰਾਂ ਤੋਂ ਦਬਾਅ ਆਇਆ। ਜਦੋਂ ਸਰਕਾਰੀ ਸਕੂਲਾਂ ਵਿੱਚ ਸੁਧਾਰ ਹੋਇਆ ਅਤੇ ਬੱਚੇ ਨਿੱਜੀ ਸਕੂਲਾਂ ਤੋਂ ਸਰਕਾਰੀ ਸਕੂਲਾਂ ਵੱਲ ਜਾਣ ਲੱਗੇ ਤਾਂ ਡੋਨੇਸ਼ਨਾਂ ਲੈਣ ਵਾਲਿਆਂ ਨੂੰ ਖ਼ਤਰਾ ਮਹਿਸੂਸ ਹੋਣ ਲੱਗਾ। ਜਦੋਂ ਬਿਜਲੀ ਮੁਫ਼ਤ ਕੀਤੀ ਗਈ, ਦਵਾਈਆਂ ਮੁਫ਼ਤ ਕੀਤੀਆਂ ਗਈਆਂ, ਬੁਨਿਆਦੀ ਢਾਂਚੇ ਦਾ ਵਿਸਥਾਰ ਕੀਤਾ ਗਿ ਅਤੇ ਬਜਟ 300 ਕਰੋੜ ਤੋਂ ਵਧ ਕੇ 60,000 ਕਰੋੜ ਰੁਪਏ ਹੋ ਗਿਆ ਤਾਂ ਵਿਰੋਧੀਆਂ ਲਈ ਚੋਣਾਂ 'ਚ ਸਾਹ ਲੈਣਾ ਕਰਨਾ ਮੁਸ਼ਕਲ ਹੋ ਗਿਆ। ਇਸ ਲਈ ਉਨ੍ਹਾਂ ਨੇ ਜਾਣਬੁੱਝ ਕੇ ਕੋਈ ਘੁਟਾਲਾ ਦਿਖਾਉਣ ਅਤੇ ਅਰਵਿੰਦ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਨੂੰ ਜੇਲ੍ਹ ਭੇਜਣ ਦਾ ਫੈਸਲਾ ਕੀਤਾ, ਜਿਸ ਦੇ ਚਲਦਿਆਂ ਉਨ੍ਹਾਂ ਨੇ ਸਮੁੱਚੀ ਉੱਚ-ਪੱਧਰ ਲੀਡਰਸ਼ਿਪ ਨੂੰ ਜੇਲ੍ਹ ਵਿੱਚ ਡੱਕ ਦਿੱਤਾ। ਵਾਰ-ਵਾਰ ਅਦਾਲਤੀ ਸੁਣਵਾਈਆਂ ਨਾਲ ਹੁੰਦੀ ਪਰੇਸ਼ਾਨੀ ਬਾਰੇ ਗੱਲ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੇ ਦੇਸ਼ ਵਿੱਚ, ਸ਼ਾਇਦ ਸਜ਼ਾ ਓਨੀ ਸਖ਼ਤ ਨਹੀਂ ਹੁੰਦੀ ਜਿੰਨੀਆਂ ਮੁਸ਼ਕਲਾਂ ਅਤੇ ਪਰੇਸ਼ਾਨੀਆਂ ਵਾਰ-ਵਾਰ ਅਦਾਲਤ ਦੀਆਂ ਤਾਰੀਖਾਂ ਨਾਲ ਹੁੰਦੀਆਂ ਹਨ। ਤਾਰੀਖ ਤੋਂ ਬਾਅਦ ਇੱਕ ਹੋਰ ਤਾਰੀਖ ਮਿਲਣਾ ਹੀ ਆਪਣੇ ਆਪ ਵਿੱਚ ਇੱਕ ਸਜ਼ਾ ਹੈ। ਉਨ੍ਹਾਂ ਨੇ ਉਸ ਚੁਣੌਤੀਪੂਰਨ ਦੌਰ ਨੂੰ ਯਾਦ ਕੀਤਾ ਜਦੋਂ ਸੀਨੀਅਰ ਆਗੂ ਜਲੰਧਰ ਜ਼ਿਮਨੀ ਚੋਣ ਸਮੇਂ ਜੇਲ੍ਹ ਵਿੱਚ ਸਨ। ਉਸ ਸਮੇਂ, ਪਾਰਟੀ ਦੀ ਸਮੁੱਚੀ ਉੱਚ-ਪੱਧਰੀ ਅਤੇ ਫੈਸਲੇ ਲੈਣ ਵਾਲੀ ਲੀਡਰਸ਼ਿਪ ਜੇਲ੍ਹ ਦੇ ਅੰਦਰ ਸੀ ਅਤੇ ਫਿਰ ਵੀ, ਸਾਡੀ ਬੈਕਅੱਪ ਟੀਮ ਦੇ ਨਾਲ, ਅਸੀਂ ਆਪਣੀ ਮਿਹਨਤ ਜਾਰੀ ਰੱਖੀ। ਮੁਲਾਕਾਤਾਂ ਦੌਰਾਨ ਅਰਵਿੰਦ ਕੇਜਰੀਵਾਲ ਹਮੇਸ਼ਾ ਪੰਜਾਬ ਬਾਰੇ ਪੁੱਛਦੇ ਸਨ।

ਉਹ ਪੁੱਛਦੇ ਸਨ ਕਿ ਕੀ ਮੁਫ਼ਤ ਬਿਜਲੀ ਲੋਕਾਂ ਤੱਕ ਪਹੁੰਚ ਰਹੀ ਹੈ, ਕੀ ਸਿੰਚਾਈ ਦਾ ਕੰਮ ਅੱਗੇ ਵਧ ਰਿਹਾ ਹੈ ਅਤੇ ਨਿਰਦੇਸ਼ ਦਿੰਦੇ ਸਨ ਕਿ ਜੇ ਕੋਈ ਵੀ ਭ੍ਰਿਸ਼ਟ ਪਾਇਆ ਜਾਂਦਾ ਹੈ ਤਾਂ ਉਸਨੂੰ ਜੇਲ੍ਹ ਵਿੱਚ ਡੱਕਿਆ ਜਾਵੇ। ਅਜਿਹੇ ਹਾਲਾਤਾਂ ਦੇ ਬਾਵਜੂਦ ਅਸੀਂ ਜਲੰਧਰ ਜ਼ਿਮਨੀ ਚੋਣ ਅਤੇ ਇੱਕ ਹੋਰ ਐਮ.ਪੀ. ਸੀਟ ਵੱਡੇ ਫਰਕ ਨਾਲ ਜਿੱਤੀ, ਜਿਸ ਨਾਲ ਸਾਨੂੰ ਹੋਰ ਵੀ ਮਜ਼ਬੂਤੀ ਮਿਲੀ।

ਆਜ਼ਾਦੀ ਸੰਘਰਸ਼ ਨਾਲ ਸੰਤੁਲਨ ਬਿਠਾਉਂਦਿਆਂ ਉਨ੍ਹਾਂ ਕਿਹਾ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਉਂਦਾ ਹੈ।

ਜਦੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਨੇ ਸਵੈ-ਇੱਛਾ ਨਾਲ ਗ੍ਰਿਫ਼ਤਾਰੀ ਦਿੱਤੀ ਅਤੇ ਕੋਰਟ ਰੂਮ ਵਿੱਚ ਮੀਡੀਆ ਦੇ ਸਾਹਮਣੇ ਅੰਗਰੇਜ਼ੀ ਵਿੱਚ ਆਪਣੀਆਂ ਦਲੀਲਾਂ ਰੱਖੀਆਂ ਤਾਂ ਲਹਿਰ ਨੂੰ ਹੋਰ ਬਲ ਮਿਲਿਆ। ਇਸੇ ਤਰ੍ਹਾਂ ਅਰਵਿੰਦ ਕੇਜਰੀਵਾਲ ਨੇ ਵੀ ਸਾਨੂੰ ਜੇਲ੍ਹ ਤੋਂ ਕਦੇ ਨਾ ਝੁਕਣ ਦੇ ਸੁਨੇਹੇ ਭੇਜੇ।

# ਉੱਚ ਅਧਿਕਾਰੀਆਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਹਸਪਤਾਲਾਂ ਵਿੱਚ ਲਗਾਈ ਸਿਹਤ ਪ੍ਰਦਰਸ਼ਨੀ ਦਾ ਨਿਰੀਖਣ



**ਸ੍ਰੀ ਆਨੰਦਪੁਰ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਲਾ ਮਹੱਲਾ 2026 ਦੇ ਮੌਕੇ ਸ਼ਰਧਾਲੂਆਂ ਨੂੰ ਸੁਚੱਜੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਿਹਤ ਵਿਭਾਗ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਉੱਚ ਪੱਧਰੀ ਸਮੀਖਿਆ ਕੀਤੀ ਗਈ। ਇਸ ਸਬੰਧੀ ਸਿਵਲ ਸਰਜਨ ਰੂਪਨਗਰ ਡਾ. ਨਵਰੂਪ ਕੌਰ, ਸਿਵਲ ਸਰਜਨ ਸ਼ਹੀਦ ਭਗਤ ਸਿੰਘ ਨਗਰ ਡਾ. ਗੁਰਵਿੰਦਰ ਸਿੰਘ ਅਤੇ ਸਮੂਹ ਪ੍ਰੋਗਰਾਮ ਅਫਸਰਾਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਸਥਿਤ ਸਬ ਡਵੀਜ਼ਨਲ ਹਸਪਤਾਲਾਂ ਵਿੱਚ ਲਗਾਈ ਗਈ ਸਿਹਤ ਪ੍ਰਦਰਸ਼ਨੀ ਦਾ ਵਿਸਥਾਰ ਨਾਲ ਨਿਰੀਖਣ ਕੀਤਾ ਗਿਆ। ਨਿਰੀਖਣ ਦੌਰਾਨ ਉੱਚ ਅਧਿਕਾਰੀਆਂ ਨੇ ਹੋਲਾ ਮਹੱਲਾ ਦੌਰਾਨ ਤਾਇਨਾਤ ਕੀਤੀਆਂ ਜਾਣ ਵਾਲੀਆਂ ਮੈਡੀਕਲ ਟੀਮਾਂ, ਐਂਬੂਲੈਂਸ ਸੇਵਾਵਾਂ, ਦਵਾਈਆਂ ਦੀ ਉਪਲਬਧਤਾ, ਐਮਰਜੈਂਸੀ ਸਹੂਲਤਾਂ ਅਤੇ ਪ੍ਰਾਥਮਿਕ ਇਲਾਜ ਕੇਂਦਰਾਂ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਵੱਲੋਂ ਡਿਊਟੀ 'ਤੇ ਤਾਇਨਾਤ ਡਾਕਟਰਾਂ, ਨਰਸਿੰਗ ਸਟਾਫ ਅਤੇ ਪੈਰਾਮੈਡੀਕਲ ਕਰਮਚਾਰੀਆਂ ਨਾਲ ਗੱਲਬਾਤ ਕਰਕੇ ਮੈਦਾਨੀ ਪੱਧਰ 'ਤੇ ਆ ਰਹੀਆਂ ਚੁਣੌਤੀਆਂ ਬਾਰੇ ਜਾਣਕਾਰੀ ਲਈ ਗਈ ਅਤੇ ਲੋੜੀਂਦੇ ਸੁਧਾਰਾਂ ਸਬੰਧੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਸਿਵਲ ਸਰਜਨ ਡਾ. ਨਵਰੂਪ ਕੌਰ ਨੇ ਦੱਸਿਆ ਕਿ ਹੋਲਾ ਮਹੱਲਾ ਦੌਰਾਨ ਭੀੜ ਵਧਣ ਕਾਰਨ ਛੋਟੀਆਂ ਚੋਟਾਂ, ਡੀਹਾਈਡ੍ਰੇਸ਼ਨ, ਥਕਾਵਟ ਅਤੇ ਅਚਾਨਕ ਬਿਮਾਰੀਆਂ ਦੇ ਮਾਮਲੇ ਆ ਸਕਦੇ ਹਨ, ਇਸ ਲਈ ਸਾਰੇ ਹਸਪਤਾਲਾਂ ਅਤੇ ਮੈਡੀਕਲ ਕੈਂਪਾਂ ਨੂੰ ਪੂਰੀ ਤਰ੍ਹਾਂ ਤਿਆਰ ਰੱਖਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਜ਼ਰੂਰੀ ਦਵਾਈਆਂ ਦਾ ਸਟਾਕ ਯਕੀਨੀ ਬਣਾਇਆ ਗਿਆ ਹੈ ਅਤੇ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ।

ਸਿਵਲ ਸਰਜਨ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਸੰਗਤ ਦੀ ਸੁਰੱਖਿਆ ਸਿਹਤ ਵਿਭਾਗ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਅਨੁਸਾਰ ਹੋਲਾ ਮਹੱਲਾ ਦੌਰਾਨ ਹਸਪਤਾਲਾਂ ਦੇ ਨਾਲ-ਨਾਲ ਮੇਲਾ ਖੇਤਰ ਵਿੱਚ ਵੀ ਮੋਬਾਈਲ ਮੈਡੀਕਲ ਯੂਨਿਟਾਂ ਤਾਇਨਾਤ ਕੀਤੀਆਂ ਜਾਣਗੀਆਂ, ਤਾਂ ਜੋ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਤੁਰੰਤ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਉੱਚ ਅਧਿਕਾਰੀਆਂ ਨੇ ਸਾਰੇ ਸਿਹਤ ਕਰਮਚਾਰੀਆਂ ਨੂੰ ਚੌਕਸ ਰਹਿਣ ਅਤੇ ਆਪਸੀ ਤਾਲਮੇਲ ਨਾਲ ਕੰਮ ਕਰਨ ਦੀ ਹਦਾਇਤ ਕੀਤੀ, ਤਾਂ ਜੋ ਸ਼ਰਧਾਲੂਆਂ ਨੂੰ ਹੋਲਾ ਮਹੱਲਾ ਦੌਰਾਨ ਬਿਹਤਰ ਸਿਹਤ ਸਹੂਲਤਾਂ ਮਿਲ ਸਕਣ।

# ਪੰਜ ਪਿਆਰਾ ਪਾਰਕ ਵਿੱਚ ਰੁਸ਼ਨਾਇਆ ਖੰਡਾ ਬਣਿਆ ਸ਼ਰਧਾਲੂਆਂ ਲਈ ਆਕਰਸ਼ਣ ਦਾ ਕੇਂਦਰ



**ਸ੍ਰੀ ਆਨੰਦਪੁਰ ਸਾਹਿਬ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਖਾਲਸਾਈ ਵਿਰਾਸਤ ਅਤੇ ਆਧੁਨਿਕ ਵਿਕਾਸ ਦਾ ਸੁੰਦਰ ਮੇਲ ਬਣ ਚੁੱਕਾ ਪੰਜ ਪਿਆਰਾ ਪਾਰਕ ਅੱਜ ਕੱਲ੍ਹ ਹੋਲਾ ਮਹੱਲਾ ਮੌਕੇ ਸ਼ਰਧਾਲੂਆਂ ਅਤੇ ਸੈਲਾਨੀਆਂ ਲਈ ਖਾਸ ਆਕਰਸ਼ਣ ਦਾ ਕੇਂਦਰ ਬਣਿਆ ਹੋਇਆ ਹੈ। ਪੰਜਾਬ ਸਰਕਾਰ ਵੱਲੋਂ ਨਵੀਨੀਕਰਨ ਉਪਰੰਤ ਜਨਤਾ ਲਈ ਖੋਲ੍ਹੇ ਗਏ ਇਸ ਪਾਰਕ ਵਿੱਚ ਸਥਾਪਿਤ ਰੁਸ਼ਨਾਇਆ ਖੰਡਾ ਦਿਨ ਦਿਹਾੜੇ ਵੀ ਲੋਕਾਂ ਦੀ ਧਿਆਨ ਕੇਂਦ੍ਰਿਤ ਕਰ ਰਿਹਾ ਹੈ। ਦੇਸ਼-ਵਿਦੇਸ਼ ਤੋਂ ਆ ਰਹੀ ਸੰਗਤ ਪਾਰਕ ਵਿੱਚ ਪਹੁੰਚ ਕੇ ਖੰਡੇ ਦੇ ਦਰਸ਼ਨ ਕਰ ਰਹੀ ਹੈ ਅਤੇ ਇਸ ਨੂੰ ਖਾਲਸਾਈ ਸ਼ਾਨੋ-ਸ਼ੌਕਤ ਦਾ ਪ੍ਰਤੀਕ ਮੰਨਦੀ ਹੋਈ ਤਸਵੀਰਾਂ ਤੇ ਵੀਡੀਓਜ਼ ਕੈਮਰੇ ਵਿੱਚ ਕੈਦ ਕਰ ਰਹੀ ਹੈ।

ਰਾਤ ਦੇ ਸਮੇਂ ਪਾਰਕ ਵਿੱਚ ਸਥਾਪਿਤ 81 ਫੁੱਟ ਉੱਚਾ ਸਟੇਨਲੈੱਸ ਸਟੀਲ ਨਾਲ ਬਣਿਆ ਰੁਸ਼ਨਾਇਆ ਖੰਡਾ ਇਕ ਅਲੌਕਿਕ ਦ੍ਰਿਸ਼ ਪੇਸ਼ ਕਰਦਾ ਹੈ। ਖਾਸ ਲਾਈਟਿੰਗ ਪ੍ਰਬੰਧਾਂ ਨਾਲ ਜਦੋਂ ਖੰਡਾ ਚਮਕਦਾ ਹੈ ਤਾਂ ਸਾਰਾ ਇਲਾਕਾ ਰੌਸ਼ਨੀ ਨਾਲ ਨਿਹਾਲ ਹੋ ਜਾਂਦਾ ਹੈ। ਇਸ ਮਨਮੋਹਕ ਦ੍ਰਿਸ਼ ਨੂੰ ਦੇਖਣ ਲਈ ਸ਼ਾਮ ਤੋਂ ਦੇਰ ਰਾਤ ਤੱਕ ਸੰਗਤਾਂ ਦੀ ਆਵਾਜਾਈ ਜਾਰੀ ਰਹਿੰਦੀ ਹੈ, ਜਿਸ ਕਾਰਨ ਪਾਰਕ ਵਿੱਚ ਰੋਜ਼ਾਨਾ ਦਰਸ਼ਨ ਕਰਨ ਵਾਲਿਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੈ।

ਪੰਜਾਬ ਸਰਕਾਰ ਦੇ ਸੈਰ-ਸਪਾਟਾ ਵਿਭਾਗ ਵੱਲੋਂ ਪਾਰਕ ਦੇ ਰੱਖ-ਰਖਾਓ ਲਈ ਸ਼ਾਨਦਾਰ ਪ੍ਰਬੰਧ ਕੀਤੇ ਗਏ ਹਨ। ਸਫਾਈ, ਸੁਰੱਖਿਆ, ਹਰੇ-ਭਰੇ ਲਾਨ ਅਤੇ ਬੈਠਣ ਲਈ ਸੁਵਿਧਾਜਨਕ ਥਾਵਾਂ ਪਾਰਕ ਦੀ ਖ਼ੂਬਸੂਰਤੀ ਨੂੰ ਹੋਰ ਨਿਖਾਰ ਰਹੀਆਂ ਹਨ। ਐਲ.ਈ.ਡੀ ਸਕਰੀਨਾਂ ਰਾਹੀਂ ਸ਼ਰਧਾਲੂਆਂ ਨੂੰ ਮੇਲਾ ਖੇਤਰ ਅਤੇ ਪ੍ਰਬੰਧਾਂ ਸਬੰਧੀ ਲੋੜੀਂਦੀ ਜਾਣਕਾਰੀ ਦਿੱਤੀ ਜਾ ਰਹੀ ਹੈ।

ਰਾਤ ਸਮੇਂ ਪੰਜ ਪਿਆਰਾ ਪਾਰਕ ਵਿੱਚ ਲੱਗੀਆਂ ਸੁੰਦਰ ਲਾਈਟਾਂ ਨਾਲ ਇਹ ਸਾਰਾ ਦ੍ਰਿਸ਼ ਹੋਰ ਵੀ ਮਨਮੋਹਕ ਹੋ ਜਾਂਦਾ ਹੈ। ਸੰਗਤਾਂ ਨੇ ਪ੍ਰਸ਼ਾਸਨ ਵੱਲੋਂ ਕੀਤੇ ਗਏ ਪ੍ਰਬੰਧਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇੱਥੇ ਆ ਕੇ ਖਾਲਸਾਈ ਵਿਰਾਸਤ ਨਾਲ ਜੁੜਨ ਦਾ ਇਕ ਵਿਲੱਖਣ ਅਨੁਭਵ ਮਿਲਦਾ ਹੈ। ਪ੍ਰਸ਼ਾਸਨ ਨੇ ਵੀ ਅਪੀਲ ਕੀਤੀ ਹੈ ਕਿ ਆਉਣ ਵਾਲੀਆਂ ਸੰਗਤਾਂ ਸਫਾਈ ਅਤੇ ਵਿਵਸਥਾ ਬਣਾਈ ਰੱਖਣ ਵਿੱਚ ਸਹਿਯੋਗ ਕਰਨ, ਤਾਂ ਜੋ ਇਹ ਸੁੰਦਰ ਸਥਾਨ ਭਵਿੱਖ ਵਿੱਚ ਵੀ ਸਾਰੇ ਦਰਸ਼ਨਾਰਥੀਆਂ ਲਈ ਆਕਰਸ਼ਣ ਦਾ ਕੇਂਦਰ ਬਣਿਆ ਰਹੇ।

# ਹਰਿਆਣਾ ਵਿੱਤੀ ਸਾਲ 2025-26 ਵਿੱਚ ਕੁੱਲ SGST ਸੰਗ੍ਰਹਿ ਵਿੱਚ 22 ਫ਼ੀਸਦੀ ਵਾਧੇ ਨਾਲ ਦੇਸ਼ ਭਰ ਵਿੱਚ ਸਭ ਤੋਂ ਉੱਪਰ

**ਚੰਡੀਗੜ੍ਹ, 5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਦੇ ਨਿਰੰਤਰ ਯਤਨਾਂ ਅਤੇ ਪਾਰਦਰਸ਼ਤਾ ਪ੍ਰਤੀ ਵਚਨਬੱਧਤਾ ਨੇ ਸੂਬੇ ਦੀ ਵਿਕਾਸ ਯਾਤਰਾ ਨੂੰ ਨਵੀਂ ਗਤੀ ਦਿੱਤੀ ਹੈ। ਉਨ੍ਹਾਂ ਦੀ ਅਗਵਾਈ ਵਿੱਚ, ਸ਼ਾਸਨ ਨੂੰ ਵਧੇਰੇ ਜਵਾਬਦੇਹ ਅਤੇ ਲੋਕ-ਪੱਖੀ ਬਣਾਇਆ ਗਿਆ ਹੈ। ਟੈਕਸ ਪ੍ਰਸ਼ਾਸਨ ਵਿੱਚ ਸੁਧਾਰ ਕਰਕੇ ਅਤੇ ਡਿਜੀਟਲ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਕੇ , ਮਾਲੀਆ ਸੰਗ੍ਰਹਿ ਵਿੱਚ ਮਹੱਤਵਪੂਰਨ ਵਾਧਾ ਦਰਜ ਕੀਤਾ ਗਿਆ ਹੈ। ਮੁੱਖ ਮੰਤਰੀ ਦੀ ਦੂਰਦਰਸ਼ੀ ਅਗਵਾਈ ਹੇਠ, ਹਰਿਆਣਾ ਤਰੱਕੀ ਅਤੇ ਵਿਸ਼ਵਾਸ ਦੇ ਪ੍ਰਤੀਕ ਵਜੋਂ ਉਭਰਿਆ ਹੈ। ਇਸ ਲੜੀ ਵਿੱਚ, ਆਬਕਾਰੀ ਅਤੇ ਕਰ ਵਿਭਾਗ ਨੇ ਕੁੱਲ SGST ਸੰਗ੍ਰਹਿ ਵਿੱਚ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤੇ ਹਨ। ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਦੇ ਅਨੁਸਾਰ, ਮੌਜੂਦਾ ਵਿੱਤੀ ਸਾਲ 2025-26 ਵਿੱਚ ਹਰਿਆਣਾ ਦੇ ਕੁੱਲ SGST ਸੰਗ੍ਰਹਿ ਵਿੱਚ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 22 ਫ਼ੀਸਦੀ ਦੀ ਰਿਕਾਰਡ ਦਰ ਨਾਲ ਵਾਧਾ ਹੋਇਆ ਹੈ। ਮੌਜੂਦਾ ਵਿੱਤੀ ਸਾਲ ਵਿੱਚ ਹਰਿਆਣਾ ਦਾ ਕੁੱਲ SGST ਸੰਗ੍ਰਹਿ (ਨਿਪਟਾਰਾ ਤੋਂ ਬਾਅਦ) 44ਹਜਾਰ 460 ਕਰੋੜ ਤੱਕ ਪਹੁੰਚ ਗਿਆ ਹੈ, ਜੋ ਕਿ ਪਿਛਲੇ ਵਿੱਤੀ ਸਾਲ ਦੇ ਫਰਵਰੀ ਤੱਕ ਦੇ ਸੰਗ੍ਰਹਿ ਨਾਲੋਂ 7ਹਜਾਰ 918 ਕਰੋੜ ਵੱਧ ਹੈ। ਇਹ 22ਫ਼ੀਸਦੀ ਦੀ ਵਿਕਾਸ ਦਰ ਨੂੰ ਦਰਸਾਉਂਦਾ ਹੈ, ਜੋ ਕਿ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚੋਂ ਸਭ ਤੋਂ ਵੱਧ ਹੈ।

ਵਿਭਾਗ ਨੇ ਕਿਹਾ ਕਿ ਵਿੱਤ ਮੰਤਰਾਲੇ ਦੁਆਰਾ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਮੌਜੂਦਾ ਵਿੱਤੀ ਸਾਲ ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕੁੱਲ SGST ਸੰਗ੍ਰਹਿ ਰਾਸ਼ਟਰੀ ਔਸਤ 6ਫ਼ੀਸਦੀ ਦੀ ਦਰ ਨਾਲ ਵਧਿਆ ਹੈ। ਫਰਵਰੀ ਵਿੱਚ ਹਰਿਆਣਾ ਦੀ ਕੁੱਲ SGST ਵਿਕਾਸ ਦਰ ਵੀ ਪਿਛਲੇ ਵਿੱਤੀ ਸਾਲ ਦੇ ਫਰਵਰੀ ਦੇ ਮੁਕਾਬਲੇ 23 ਫ਼ੀਸਦੀ ਰਿਹਾ ਹੈ। ਸਤੰਬਰ 2025 ਵਿੱਚ GST ਕੌਂਸਲ ਦੁਆਰਾ ਲਾਗੂ ਕੀਤੇ ਗਏ GST ਦਰ ਤਰਕਸ਼ੀਲਤਾ ਤੋਂ ਬਾਅਦ ਦੇ ਮਹੀਨਿਆਂ ਵਿੱਚ ਹਰਿਆਣਾ ਨੇ SGST ਸੰਗ੍ਰਹਿ ਵਿੱਚ ਲਗਾਤਾਰ ਸਥਿਰ ਵਾਧਾ ਦਿਖਾਇਆ ਹੈ, ਜੋ ਨਾ ਸਿਰਫ਼ ਕੁਸ਼ਲ ਟੈਕਸ ਪ੍ਰਸ਼ਾਸਨ ਨੂੰ ਦਰਸਾਉਂਦਾ ਹੈ ਬਲਕਿ ਰਾਜ ਦੀ ਸਿਹਤਮੰਦ ਅਰਥਵਿਵਸਥਾ ਨੂੰ ਵੀ ਦਰਸਾਉਂਦਾ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਸਤੰਬਰ 2025 ਵਿੱਚ ਹੋਈ GST ਕੌਂਸਲ ਦੀ ਮੀਟਿੰਗ ਵਿੱਚ GST ਦਰ ਤਰਕਸ਼ੀਲਤਾ ਸੁਧਾਰਾਂ ਦਾ ਸਵਾਗਤ ਕੀਤਾ ਅਤੇ ਸਮਰਥਨ ਕੀਤਾ ਅਤੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਕੇਂਦਰੀ ਵਿੱਤ ਮੰਤਰੀ ਸ਼੍ਰੀਮਤੀ ਨਿਰਮਲਾ ਸੀਤਾਰਮਨ ਦਾ ਧੰਨਵਾਦ ਕੀਤਾ। ਆਬਕਾਰੀ ਅਤੇ ਕਰ ਕਮਿਸ਼ਨਰ ਸ਼੍ਰੀ ਵਿਨੈ ਪ੍ਰਤਾਪ ਸਿੰਘ ਨੇ ਦੱਸਿਆ ਕਿ ਰਾਜ ਵਿੱਚ ਕੁੱਲ 622,478 ਜੀਐਸਟੀ ਟੈਕਸਦਾਤਾ ਹਨ, ਅਤੇ ਜੀਐਸਟੀ ਕਾਨੂੰਨ ਤਹਿਤ ਰਜਿਸਟ੍ਰੇਸ਼ਨ ਦੀ ਸਹੂਲਤ ਲਈ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਵਿੱਚ ਜੀਐਸਟੀ ਸਹੂਲਤ ਕੇਂਦਰ ਖੋਲ੍ਹੇ ਗਏ ਹਨ। ਕਮਿਸ਼ਨਰ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਵਿੱਚ ਜੀਐਸਟੀ ਪ੍ਰਣਾਲੀ ਵਿੱਚ ਵੱਖ-ਵੱਖ ਸੁਧਾਰਾਂ ਅਤੇ ਆਬਕਾਰੀ ਅਤੇ ਕਰ ਵਿਭਾਗ ਦੇ ਅਧਿਕਾਰੀਆਂ ਦੁਆਰਾ ਅਪਣਾਏ ਗਏ ਸੁਧਾਰੇ ਗਏ ਟੈਕਸ ਵਿਸ਼ਲੇਸ਼ਣ ਪ੍ਰਣਾਲੀਆਂ ਨੇ ਟੈਕਸ ਪਾਲਣਾ ਵਿੱਚ ਸੁਧਾਰ ਕੀਤਾ ਹੈ, ਜਿਸ ਨਾਲ ਰਾਜ ਵਿੱਚ ਜੀਐਸਟੀ ਸੰਗ੍ਰਹਿ ਵਿੱਚ ਮਜ਼ਬੂਤ ਵਾਧਾ ਹੋਇਆ ਹੈ।

ਜੀਐਸਟੀ ਨਿਯਮਾਂ ਵਿੱਚ ਨਵੀਨਤਮ ਸੋਧਾਂ ਦੇ ਨਾਲ, ਜੀਐਸਟੀ ਰਜਿਸਟ੍ਰੇਸ਼ਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਸੁਧਾਰ ਕੀਤਾ ਗਿਆ ਹੈ, ਜਿਸ ਨਾਲ ਘੱਟ ਜੋਖਮ ਵਾਲੇ ਅਤੇ ਛੋਟੇ ਕਾਰੋਬਾਰਾਂ ਲਈ ਜੀਐਸਟੀ ਰਜਿਸਟ੍ਰੇਸ਼ਨ ਪ੍ਰਾਪਤ ਕਰਨਾ ਆਸਾਨ ਹੋ ਗਿਆ ਹੈ, ਨਾਲ ਹੀ ਇਹ ਵੀ ਯਕੀਨੀ ਬਣਾਇਆ ਗਿਆ ਹੈ ਕਿ ਫਰਜੀ ਅਤੇ ਧੋਖਾਧੜੀ ਕਰਨ ਵਾਲੇ ਬਿਨੈਕਾਰਾਂ ਨੂੰ ਕੰਮ ਕਰਨ ਦੀ ਆਗਿਆ ਨਾ ਦਿੱਤੀ ਜਾਵੇ। ਕਮਿਸ਼ਨਰ ਨੇ ਕਿਹਾ ਕਿ ਇਹ ਰੁਝਾਨ ਵਿੱਤੀ ਸਾਲ 2025-26 ਲਈ ਰਾਜ ਦੇ ਆਬਕਾਰੀ ਅਤੇ ਵੈਟ/ਸੀਐਸਟੀ ਸੰਗ੍ਰਹਿ ਵਿੱਚ ਵੀ ਦਿਖਾਈ ਦੇ ਰਿਹਾ ਹੈ ਅਤੇ ਵਿਭਾਗ ਸਾਲਾਨਾ ਟੀਚਿਆਂ ਨੂੰ ਪ੍ਰਾਪਤ ਕਰੇਗਾ।

# ਵਿਧਾਇਕ ਅਮੋਲਕ ਸਿੰਘ ਨੇ ਜੈਤੋ ਹਲਕੇ ਵਿੱਚ ਕਰੋੜਾਂ ਰੂਪੈ ਦੇ ਕੀਤੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਜੈਤੋਂ,5 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਨੇ ਅੱਜ ਹਲਕਾ ਜੈਤੋ ਅੰਦਰ ਕਰੋੜਾਂ ਰੂਪੈ ਦੀ ਲਾਗਤ ਨਾਲ ਬਣਕੇ ਤਿਆਰ ਹੋ ਚੁੱਕੇ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਵਿਧਾਇਕ ਅਮੋਲਕ ਸਿੰਘ ਨੇ ਢਿੱਲਵਾਂ ਕਲਾਂ ਵਿਖੇ ਸਾਫ ਪਾਣੀ ਵਾਟਰ ਫ਼ਿਲਟਰ ਦਾ ਉਦਘਾਟਨ ਕੀਤਾ ਅਤੇ ਪਿੰਡ ਚੈਨਾਂ .ਕਰੀਰਵਾਲੀ ਵਾਲੀ ਵਿਖੇ ਮੰਡੀਆਂ ਦੇ ਫੜ ਪੱਕੇ ਅਤੇ ਮੰਡੀਆਂ ਅੰਦਰ ਸ਼ੈਡ ਬਣਾਏ ਗਏ ਅਤੇ ਜੈਤੋ ਦੀ ਬਾਜਾਖਾਨਾ ਸੜਕ ਤੇ ਪ੍ਰੀਮਿਕਸ ਪਾਇਆ ਗਿਆ ਪੱਤਰਕਾਰਾਂ ਨਾਲ਼ ਗੱਲਬਾਤ ਕਰਦਿਆਂ ਵਿਧਾਇਕ ਅਮੋਲਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ ਇਸੇ ਹੀ ਤਹਿਤ ਮਾਨ ਸਰਕਾਰ ਪਿੰਡਾਂ ਤੇ ਸ਼ਹਿਰਾਂ ਦੇ ਲਗਾਤਾਰ ਵਿਕਾਸ ਕਰ ਰਹੀ ਹੈ ।

ਉਹਨਾਂ ਕਿਹਾ ਕਿ ਢਿੱਲਵਾਂ ਵਿਖੇ ਲੋਕਾਂ ਨੂੰ ਪੀਣਾ ਵਾਲਾ ਸਾਫ ਸੁਥਰਾ ਪਾਣੀ ਮੁਹੱਇਆ ਕਰਵਾਉਣ ਲਈ ਵੱਡੇ ਵਾਟਰ ਫਿਲਟਰ ਲਗਾਏ ਗਏ ਨੇ ਤਾਂ ਜੋ ਲੋਕ ਸਾਫ ਪਾਣੀ ਪੀਣ ਅਤੇ ਇਸੇ ਹੀ ਤਰ੍ਹਾਂ ਪਿੰਡਾਂ ਦੀਆਂ ਅਨਾਜ ਮੰਡੀਆਂ ਵਿੱਚ ਨਵੇਂ ਫੜ ਬਣਾਏ ਗਏ ਨੇ ਤਾਂ ਜੋ ਕਿਸਾਨਾਂ ਦੀ ਫ਼ਸਲ ਖਰਾਬ ਨਾਂ ਹੋਵੇ।

ਇਸ ਮੌਕੇ ਤੇ ਇਹਨਾਂ ਦੇ ਨਾਲ ਨਗਰ ਕੌਂਸਲ ਦੇ ਪ੍ਰਧਾਨ ਡਾਕਟਰ ਹਰੀਸ਼ ਚੰਦਰ .ਨਰੇਸ ਜਿੰਦਲ ਚੇਅਰਮੈਨ . ਮੀਤ ਪ੍ਰਧਾਨ ਨਗਰ ਕੌਂਸਲ ਨਰਿੰਦਰਪਾਲ ਸਿੰਘ ਰਾਮੇਆਣਾ. ਸ਼ੈਲੀ ਗਰਗ ਪ੍ਰਧਾਨ ਪੰਜਾਬ ਵਪਾਰ ਮੰਡਲ .ਅੰਕੁਸ਼ ਬਾਂਸਲ. ਰੁਪਿੰਦਰ ਹਲਕਾ ਯੂਥ ਪ੍ਰਧਾਨ . ਕੁਲਦੀਪ ਸਿੰਘ ਪੀਏ ਹਲਕਾ ਵਿਧਾਇਕ. ਬੇਅੰਤ ਸਿੰਘ ਰਾਜੂ ਸਿੱਧੂ .ਸੁਖਰੀਤ ਰੋਮਾਣਾ ਕੁਲਵਿੰਦਰ ਸਿੰਘ ਬਲਾਕ ਪ੍ਰਧਾਨ .ਜਗਮੀਤ ਸਿੰਘ ਗੱਗੀ .ਗੁਰਮੇਲ ਸਿੰਘ ਗੁਰਦੀਪ ਸਿੰਘਗੁਰਵੰਤ ਸਿੰਘ ਸੁਖਦੇਵ ਸਿੰਘ ਸਾਰੇ ਪੰਚ .ਜੱਸਾ ਗਿੱਲ ਜਸਵੀਰ ਸੀਰਾ ।

# ‘ਇੰਟੀਗ੍ਰੇਟਡ ਟੂਰਿਜ਼ਮ ਮਾਡਲ’ ਬਣਿਆ ਗੁਜਰਾਤ ਦਾ ‘ਸਰਦਾਰ ਸਰੋਵਰ’, ਸਰਕਾਰਾਂ ਦੀ ਖਿੱਚੋਤਾਣ ’ਚ ਫਸਿਆ ਭਾਖੜਾ ਡੈਮ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 5 ਮਾਰਚ। ਪ੍ਰੈੱਸ ਇਨਫਾਰਮੇਸ਼ਨ ਬਿਊਰੋ ਜਲੰਧਰ ਦੇ ਮੀਡੀਆ ਅਤੇ ਸੰਚਾਰ ਅਧਿਕਾਰੀ ਡਾ. ਵਿਕਰਮ ਸਿੰਘ ਨਾਲ ਗੁਜਰਾਤ ਆਏ ਮੀਡੀਆ ਪ੍ਰਤੀਨਿਧੀਆਂ ਨੂੰ ਇਥੇ ਸਰਦਾਰ ਸਰੋਵਰ ਡੈਮ, ‘ਸਟੈਚੂ ਆਫ ਯੂਨਿਟੀ’ ਅਤੇ ਉਸ ਦੇ ਨੇੜਲੇ ਵਿਗਿਆਨਕ ਚਮਤਕਾਰਾਂ ਨਾਲ ਵਿਕਸਿਤ ਹੋਏ ਕਈ ਸੈਰ-ਸਪਾਟਾ ਸਥਾਨਾਂ ਨੂੰ ਦੇਖਣ ਦਾ ਮੌਕਾ ਮਿਲਿਆ। ਗੁਜਰਾਤ ਦੇ ਕੇਵੜੀਆ ਵਿਚ ਸਥਿਤ ਸਰਦਾਰ ਸਰੋਵਰ ਡੈਮ ਦੇਖਦਿਆਂ ਹੀ ਪੰਜਾਬ-ਹਿਮਾਚਲ ਦੀ ਸਰਹੱਦ ’ਤੇ ਸਥਿਤ ਭਾਖੜਾ ਡੈਮ ਦੀ ਯਾਦ ਆ ਗਈ। ਸਰਕਾਰਾਂ ਵਿਚਾਲੇ ਤਾਲਮੇਲ ਦੀ ਕਮੀ ਅਤੇ ਅਫ਼ਸਰਸ਼ਾਹੀ ਦੀਆਂ ਪੇਚੀਦਗੀਆਂ ਕਾਰਨ ਭਾਖੜਾ ਡੈਮ ਆਪਣੀ ਸੈਰ-ਸਪਾਟਾ ਸਮਰੱਥਾ ਨੂੰ ਪੂਰੀ ਤਰ੍ਹਾਂ ਵਿਕਸਿਤ ਨਹੀਂ ਕਰ ਸਕਿਆ ਹੈ, ਜਦ ਕਿ ਸਰਦਾਰ ਸਰੋਵਰ ਡੈਮ ਵਿਸ਼ਵ ਭਰ ਵਿਚ ਇਕ ‘ਇੰਟੀਗ੍ਰੇਟਡ ਟੂਰਿਜ਼ਮ ਮਾਡਲ’ ਵਜੋਂ ਉੱਭਰਿਆ ਹੈ। ਹਿਮਾਚਲ ਪ੍ਰਦੇਸ਼ ਅਤੇ ਪੰਜਾਬ ਦੀ ਸਰਹੱਦ ’ਤੇ ਬਣਿਆ ਭਾਖੜਾ ਡੈਮ (ਗੋਬਿੰਦ ਸਾਗਰ ਝੀਲ) ਕੁਦਰਤੀ ਸੁੰਦਰਤਾ ਦੇ ਮਾਮਲੇ ਵਿਚ ਕਿਸੇ ਵੀ ਅੰਤਰਰਾਸ਼ਟਰੀ ਸੈਰ-ਸਪਾਟਾ ਸਥਾਨ ਤੋਂ ਘੱਟ ਨਹੀਂ ਹੈ। ‘ਆਧੁਨਿਕ ਭਾਰਤ ਦੇ ਮੰਦਰ’ ਕਹੇ ਜਾਣ ਵਾਲੇ ਇਸ ਡੈਮ ਦਾ ਪ੍ਰਬੰਧਨ ਭਾਖੜਾ ਬਿਆਸ ਪ੍ਰਬੰਧਨ ਬੋਰਡ ਕਰਦਾ ਹੈ, ਜਿਸ ਵਿਚ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਦੀ ਹਿੱਸੇਦਾਰੀ ਹੈ। ਸੈਰ-ਸਪਾਟਾ ਵਿਕਸਿਤ ਕਰਨ ਲਈ ਇਨ੍ਹਾਂ ਰਾਜਾਂ ਅਤੇ ਕੇਂਦਰ ਵਿਚਾਲੇ ਇੱਕਮਤ ਹੋਣਾ ਮੁਸ਼ਕਲ ਰਿਹਾ ਹੈ। ਪੰਜਾਬ ਅਤੇ ਹਿਮਾਚਲ ਵਿਚਾਲੇ




ਅਕਸਰ ਅਧਿਕਾਰ ਖੇਤਰ ਅਤੇ ਰਾਇਲਟੀ ਨੂੰ ਲੈ ਕੇ ਖਿੱਚੋਤਾਣ ਰਹਿੰਦੀ ਹੈ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਭਾਖੜਾ ਡੈਮ ਦੇ ਕੋਲ ਫੋਟੋਗ੍ਰਾਫੀ ਅਤੇ ਸੈਲਾਨੀਆਂ ਦੀ ਆਵਾਜਾਈ ’ਤੇ ਸਖ਼ਤ ਪਾਬੰਦੀਆਂ ਹਨ, ਜਦਕਿ ਸਰਦਾਰ ਸਰੋਵਰ ਵਿਚ ਸੁਰੱਖਿਆ ਅਤੇ ਸੈਰ-ਸਪਾਟਾ ਦੋਵੇਂ ਨਾਲ-ਨਾਲ ਚੱਲ ਰਹੇ ਹਨ। ਗੁਜਰਾਤ ਦਾ ਸਰਦਾਰ ਸਰੋਵਰ ਡੈਮ ਹੁਣ ਸਿਰਫ਼ ਸਿੰਚਾਈ ਅਤੇ ਬਿਜਲੀ ਦਾ ਸਰੋਤ ਨਹੀਂ ਰਹਿ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਜ਼ਨ ਨੇ ਇਸ ਨੂੰ ‘ਇਕ ਭਾਰਤ ਸ਼?ਰੇਸ਼ਠ ਭਾਰਤ’ ਦੇ ਪ੍ਰਤੀਕ ਵਿਚ ਬਦਲ ਦਿੱਤਾ ਹੈ। ਸਰਦਾਰ ਵਲੱਭ ਭਾਈ ਪਟੇਲ ਦੀ ਦੁਨੀਆ ਦੀ ਸਭ ਤੋਂ ਉੱਚੀ ਪ੍ਰਤਿਮਾ ‘ਸਟੈਚੂ ਆਫ ਯੂਨਿਟੀ’ ਨੇ ਇਸ ਪੂਰੇ ਖੇਤਰ ਦੀ ਨੁਹਾਰ ਬਦਲ ਦਿੱਤੀ ਹੈ। ਇਥੇ ਸਿਰਫ਼ ਡੈਮ ਨਹੀਂ ਹੈ, ਸਗੋਂ ਜੰਗਲ ਸਫ਼ਾਰੀ, ਕਰੂਜ਼, ਰਿਵਰ ਰਾਫਟਿੰਗ, ਵੈਲੀ ਆਫ ਫਲਾਵਰਜ਼ ਅਤੇ ਏਕਤਾ ਮਾਲ ਵਰਗੇ ਆਕਰਸ਼ਣਾਂ ਦਾ ਜਾਲ ਵਿਛਾਇਆ ਗਿਆ ਹੈ। ਸੀ-ਪਲੇਨ ਸੇਵਾ, ਹੈਲੀਕਾਪਟਰ ਰਾਈਡ ਅਤੇ ਆਧੁਨਿਕ ਰੇਲਵੇ ਸਟੇਸ਼ਨ ਨੇ ਸੈਲਾਨੀਆਂ ਲਈ ਪਹੁੰਚ ਸੌਖੀ ਬਣਾਈ ਹੈ। ਇਸ ਸੈਰ-ਸਪਾਟੇ ਨੇ ਸਥਾਨਕ ਆਦਿਵਾਸੀ ਭਾਈਚਾਰੇ ਲਈ ਰੁਜ਼ਗਾਰ ਦੇ ਹਜ਼ਾਰਾਂ ਨਵੇਂ ਮੌਕੇ ਪੈਦਾ ਕੀਤੇ ਹਨ। ਗੋਬਿੰਦ ਸਾਗਰ ਝੀਲ ਵਿਚ ਜਲ ਖੇਡਾਂ ਦੀਆਂ ਅਪਾਰ ਸੰਭਾਵਨਾਵਾਂ ਹਨ ਪਰ ਬੁਨਿਆਦੀ ਢਾਂਚੇ (ਹੋਟਲ, ਕਨੈਕਟੀਵਿਟੀ, ਆਧੁਨਿਕ ਆਵਾਜਾਈ) ਦੀ ਘਾਟ ਕਾਰਨ ਇਥੇ ਸੈਲਾਨੀ ਸਿਰਫ਼ ਇਕ ਝਲਕ ਦੇਖਣ ਹੀ ਆਉਂਦੇ ਹਨ, ਰੁਕਦੇ ਨਹੀਂ। ਗੁਜਰਾਤ ਨੇ ਇਹ ਸਾਬਤ ਕੀਤਾ ਹੈ ਕਿ ਜੇਕਰ ਸਰਕਾਰ ਦੀ ਨੀਅਤ ਸਾਫ਼ ਹੋਵੇ, ਤਾਂ ਇਕ ਡੈਮ ਸਿਰਫ਼ ਜਲ ਸਰੋਤ ਨਹੀਂ, ਸਗੋਂ ਇਕ ਆਰਥਿਕ ਇੰਜਣ ਬਣ ਸਕਦਾ ਹੈ। ਦੂਜੇ ਪਾਸੇ, ਭਾਖੜਾ ਡੈਮ ਦੀ ਸਥਿਤੀ ਇਹ ਸਬਕ ਦਿੰਦੀ ਹੈ ਕਿ ਜਦੋਂ ਤੱਕ ਅੰਤਰ-ਰਾਜੀ ਵਿਵਾਦਾਂ ਨੂੰ ਲਾਂਭੇ ਰੱਖ ਕੇ ਇੱਕ ‘ਸਾਂਝੀ ਸੈਰ-ਸਪਾਟਾ ਨੀਤੀ’ ਨਹੀਂ ਬਣਾਈ ਜਾਵੇਗੀ, ਤੱਕ ਤੱਕ ਉੱਤਰ ਭਾਰਤ ਦਾ ਇਹ ਅਨਮੋਲ ਖ਼ਜ਼ਾਨਾ ਸਿਰਫ਼ ਫਾਈਲਾਂ ਅਤੇ ਬਿਜਲੀ ਉਤਪਾਦਨ ਤੱਕ ਹੀ ਸੀਮਤ ਰਹੇਗਾ। ਭਾਖੜਾ ਨੂੰ ਅੱਜ ਸਿਆਸੀ ਇੱਛਾ ਅਤੇ ਸਰਦਾਰ ਸਰੋਵਰ ਵਰਗੇ ‘ਮਾਡਲ’ ਦੀ ਸਖ਼ਤ ਲੋੜ ਹੈ।

### ਬੇਸਹਾਰਾ ਪਸ਼ੂਆਂ ਦੀ ਲਪੇਟ ’ਚ ਆ ਕੇ ਨੌਜਵਾਨ ਦੀ ਮੌਤ, ਪਿਤਾ ਜ਼ਖਮੀ

ਮੋਗਾ 5 ਮਾਰਚ। ਬੇਸਹਾਰਾ ਪਸ਼ੂਆਂ ਦੀ ਲਪੇਟ ਵਿਚ ਆਉਣ ਕਾਰਨ ਮੋਗਾ-ਅੰਮ੍ਰਿਤਸਰ ਰੋਡ ’ਤੇ ਵਾਪਰੇ ਇਕ ਭਿਆਨਕ ਹਾਦਸੇ ਵਿਚ ਮੋਟਰਸਾਈਕਲ ਸਵਾਰ ਗੁਰਪ੍ਰੀਤ ਸਿੰਘ (26) ਨਿਵਾਸੀ ਪਿੰਡ ਦਾਤੇਵਾਲਾ ਦੀ ਮੌਤ ਹੋ ਗਈ, ਜਦਕਿ ਉਸਦਾ ਪਿਤਾ ਨਾਹਰ ਸਿੰਘ ਜ਼ਖਮੀ ਹੋ ਗਿਆ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਥਾਣਾ ਕੋਟ ਈਸੇ ਖਾਂ ਦੇ ਮੁੱਖ ਅਫਸਰ ਜਨਕ ਰਾਜ ਨੇ ਦੱਸਿਆ ਕਿ ਨਾਹਰ ਸਿੰਘ ਨੇ ਕਿਹਾ ਕਿ ਉਹ ਅਤੇ ਉਸਦਾ ਬੇਟਾ ਗੁਰਪ੍ਰੀਤ ਸਿੰਘ ਆਪਣੇ ਮੋਟਰਸਾਈਕਲ ’ਤੇ ਪਿੰਡ ਦੋਲੇਵਾਲਾ ਤੋਂ ਕੋਟ ਈਸੇ ਖਾਂ ਕਿਸੇ ਜ਼ਰੂਰੀ ਕੰਮ ਲਈ ਜਾ ਰਹੇ ਸੀ ਤਾਂ ਰਸਤੇ ਵਿਚ ਬੇਸਹਾਰਾ ਪਸ਼ੂ ਸੜਕ ’ਤੇ ਆ ਗਏ, ਜਿਸ ਕਾਰਨ ਉਸਦਾ ਬੇਟਾ ਮੋਟਰ ਸਾਈਕਲ ਦਾ ਸੰਤੁਲਨ ਖੋਹ ਬੈਠਾ ਅਤੇ ਅਸੀਂ ਦੋਨੋਂ ਸੜਕ ’ਤੇ ਡਿੱਗ ਪਏ। ਮੇਰੇ ਬੇਟੇ ਦੇ ਸਿਰ ਵਿਚ ਸੱਟ ਵੱਜੀ, ਜਿਸ ਨੂੰ ਅਸੀਂ ਇਕ ਪ੍ਰਾਈਵੇਟ ਹਸਪਤਾਲ ਵਿਚ ਪਹੁੰਚਾਇਆ, ਜਿੱਥੇ ਉਸਦੀ ਇਲਾਜ ਦੌਰਾਨ ਮੌਤ ਹੋ ਗਈ।

# ਜੀ. ਐੱਸ. ਟੀ. ਮੋਬਾਈਲ ਵਿੰਗ ਦੀ ਵੱਡੀ ਕਾਰਵਾਈ: ਬੋਗਸ ਬਿਲਿੰਗ ਮਾਮਲੇ ’ਚ ਟਾਇਰ ਮਾਰਕੀਟ ਸਥਿਤ ਫਰਮ ’ਤੇ ਛਾਪਾ

ਲੁਧਿਆਣਾ 5 ਮਾਰਚ। ਰਾਜ ਜੀ. ਐੱਸ. ਟੀ. ਵਿਭਾਗ ਦੇ ਮੋਬਾਇਲ ਵਿੰਗ ਨੇ ਮੰਗਲਵਾਰ ਨੂੰ ਬੋਗਸ ਬਿਲਿੰਗ ਨਾਲ ਜੁੜੇ ਇਕ ਮਾਮਲੇ ਵਿਚ ਵੱਡੀ ਕਾਰਵਾਈ ਕਰਦਿਆਂ ਲੁਧਿਆਣਾ ਰੇਲਵੇ ਸਟੇਸ਼ਨ ਦੇ ਨੇੜੇ ਜੀ.ਟੀ. ਕਾਲੋਨੀ, ਓਲਡ ਲੁਧਿਆਣਾ ਸਥਿਤ ‘ਵੇਦ ਐਂਡ ਸੰਸ’ ਫਰਮ ’ਤੇ ਛਾਪੇਮਾਰੀ ਕੀਤੀ। ਇਹ ਕਾਰਵਾਈ ਅਸਿਸਟੈਂਟ ਕਮਿਸ਼ਨਰ ਮੋਬਾਇਲ




ਵਿੰਗ ਕੁਲਬੀਰ ਸਿੰਘ ਦੀ ਅਗਵਾਈ ਵਿਚ ਕੀਤੀ ਗਈ। ਮੌਕੇ ‘ਤੇ ਸਟੇਟ ਐਕਸ ਅਫਸਰ ਅਵਨੀਤ ਸਿੰਘ ਭੋਗਲ ਤੇ ਹੋਰ ਅਧਿਕਾਰੀ ਅਤੇ ਨਿਰੀਖਣ ਟੀਮ ਦੇ ਹੋਰ ਮੈਂਬਰ ਵੀ ਮੌਜੂਦ ਰਹੇ। ਕਾਰਵਾਈ ਦੌਰਾਨ ਟੀਮ ਨੇ ਫਰਮ ਨਾਲ ਸਬੰਧਤ ਭਾਰੀ ਮਾਤਰਾ ਵਿਚ ਦਸਤਾਵੇਜ਼, ਬਿੱਲ ਬੁਕ ਤੇ ਲੈਣ ਦੇਣ ਦੇ ਰਿਕਾਰਡ ਆਪਣੇ ਕਬਜ਼ੇ ਵਿਚ ਲਏ ਹਨ ਜਿਨ੍ਹਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਜਾ ਰਹੀ ਹੈ। ਮੁੱਢਲੀ ਜਾਂਚ ਵਿਚ ਵਿਭਾਗ ਨੂੰ ਸ਼ੱਕ ਹੈ ਕਿ ਫਰਮ ਵੱਲੋਂ ਅਸਲ ਵਪਾਰ ਤੇ ਬਿਲਿੰਗ ਦੇ ਵਿਚ ਅੰਤਰ ਰੱਖਿਆ ਜਾ ਰਿਹਾ ਸੀ। ਵਿਭਾਗੀ ਸੂਤਰਾਂ ਦੇ ਮੁਤਾਬਕ ਟਾਇਰਾਂ ਦੀ ਵਿਕਰੀ ਮੁੱਖ ਤੌਰ ’ਤੇ ਰਿਟੇਲ ਵਿਚ ਕੀਤੀ ਜਾ ਰਹੀ ਸੀ, ਜਦੋਂਕਿ ਬਿੱਲ ਕਥਿਤ ਰੂਪ ਨਾਲ ਠੇਕੇਦਾਰਾਂ ਜਾਂ ਹੋਰ ਕਾਰੋਬਾਰੀ ਇਕਾਈਆਂ ਦੇ ਨਾਮ ’ਤੇ ਜਾਰੀ ਕੀਤੇ ਜਾ ਰਹੇ ਸਨ। ਇਸ ਤਥਾਕਥਿਤ ‘ਮੋਡਸ ਆਪਰੇਂਡੀ’ ਦੇ ਤਹਿਤ ਅਸਲ ਖਰੀਦਦਾਰਾਂ ਅਤੇ ਬਿੱਲ ਪ੍ਰਾਪਤਕਰਤਾਵਾਂ ਵਿਚ ਫਰਕ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ ਅਤੇ ਜੇਕਰ ਜਾਂਚ ਵਿਚ ਇਹ ਪੁਸ਼ਟੀ ਹੁੰਦੀ ਹੈ ਕਿ ਬਿਨਾਂ ਅਸਲ ਸਪਲਾਈ ਦੇ ਜਾਂ ਗਲਤ ਵਰਗੀਕਰਨ ਦੇ ਆਧਰ ’ਤੇ ਬਿੱਲ ਜਾਰੀ ਕੀਤੇ ਗਏ ਤਾਂ ਇਸ ਨੂੰ ਕਰ ਚੋਰੀ ਦੀ ਸ਼?ਰੇਣੀ ਵਿਚ ਮੰਨਿਆ ਜਾਵੇਗਾ। ਵਿਭਾਗੀ ਅਧਿਕਾਰੀਆਂ ਨੇ ਸੰਕੇਤ ਦਿੱਤੇ ਹਨ ਕਿ ਜੇਕਰ ਜਾਂਚ ਵਿਚ ਕਰ ਚੋਰੀ ਜਾਂ ਫਰਜ਼ੀ ਬਿਲਿੰਗ ਦੀ ਪੁਸ਼ਟੀ ਹੁੰਦੀ ਹੈ ਤਾਂ ਸਬੰਧਤ ਵਿਅਕਤੀਆਂ ਖਿਲਾਫ ਜੀ. ਐੱਸ. ਟੀ. ਕਾਨੂੰਨ ਦੇ ਤਹਿਤ ਸਖਤ ਕਾਰਵਾਈ ਕੀਤੀ ਜਾਵੇਗੀ ਜਿਸ ਵਿਚ ਜੁਰਮਾਨਾ ਅਤੇ ਪੈਨਲਟੀ ਵੀ ਸ਼ਾਮਲ ਹੋ ਸਕਦੀ ਹੈ। ਰਾਜ ਜੀ. ਐੱਸ. ਟੀ. ਵਿਭਾਗ ਨੇ ਦੋਹਰਾਇਆ ਕਿ ਟੈਕਸ ਚੋਰੀ ਦੇ ਖਿਲਾਫ ਮੁਹਿੰਮ ਲਗਾਤਾਰ ਜਾਰੀ ਰਹੇਗੀ ਤੇ ਕਿਸੇ ਵੀ ਤਰ੍ਹਾਂ ਦੀ ਫਰਜ਼ੀ ਬਿਲਿੰਗ ਜਾਂ ਆਈ.ਆਈ .ਸੀ. ਦੀ ਦੁਰਵਰਤੋਂ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਹਥਿਆਰਾਂ ਦੇ ਜੋਰ ‘ਤੇ ਆਟੋ ਚਾਲਕ ਤੋਂ ਲੁੱਟ, ਦਾਤ ਦਿਖਾ ਕੇ 11 ਹਜਾਰ ਦੀ ਨਕਦੀ ਅਤੇ ਚਾਂਦੀ ਦੀ ਚੇਨ ਖੋਹੀ

ਲੁਧਿਆਣਾ 5 ਮਾਰਚ। ਸਹਿਰ ਵਿਚ ਬੇਖੌਫ ਘੁੰਮ ਰਹੇ ਲੁਟੇਰਿਆਂ ਨੇ ਇਕ ਵਾਰ ਫਿਰ ਪੁਲਸ ਦੀ ਗਸਤ ਨੂੰ ਚੁਣੌਤੀ ਦਿੰਦਿਆਂ ਦਿਨ-ਦਿਹਾੜੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਜਾਣਕਾਰੀ ਮੁਤਾਬਕ ਇਕ ਆਟੋ ਚਾਲਕ ਜਦੋਂ ਆਪਣਾ ਕੰਮ ਖਤਮ ਕਰਕੇ ਵਾਪਸ ਪਰਤ ਰਿਹਾ ਸੀ, ਤਾਂ ਕਾਕੋਵਾਲ ਰੋਡ ‘ਤੇ ਮੋਟਰਸਾਈਕਲ ਸਵਾਰ ਦੋ ਸਾਤਰ ਬਦਮਾਸ਼ਾਂ ਨੇ ਉਸ ਨੂੰ ਘੇਰ ਲਿਆ। ਹਮਲਾਵਰਾਂ ਨੇ ਪੀੜਤ ਨੂੰ ਤੇਜਧਾਰ ਹਥਿਆਰ ਦਿਖਾ ਕੇ ਉਸ ਦੀ ਜੇਬ ‘ਚੋਂ ਹਜਾਰਾਂ ਦੀ ਨਕਦੀ ਅਤੇ ਗਲੇ ‘ਚੋਂ ਚਾਂਦੀ ਦੀ ਚੇਨ ਖੋਹ ਲਈ ਅਤੇ ਮੌਕੇ ਤੋਂ ਫਰਾਰ ਹੋ ਗਏ। ਹਾਲਾਂਕਿ, ਇਸ ਮਾਮਲੇ ਵਿਚ ਪੁਲਸ ਨੇ ਕਾਰਵਾਈ ਕਰਦਿਆਂ ਮੁਲਜਮਾਂ ਨੂੰ ਫੜਨ ਵਿਚ ਸਫਲਤਾ ਹਾਸਲ ਕੀਤੀ ਹੈ। ਫੜੇ ਗਏ ਮੁਲਜਮ ਜੱਜ ਸਿੰਘ ਅਤੇ ਗੁਰਵਿੰਦਰ ਸਿੰਘ ਹਨ। ਮੁਲਜਮਾਂ ਖਿ?ਲਾਫ ਕੇਸ ਦਰਜ ਕਰਕੇ ਪੁਲਸ ਨੇ ਜਾਂਚ ਸੁਰੂ ਕਰ ਦਿੱਤੀ ਹੈ। ਸਿ?ਕਾਇਤਕਰਤਾ ਉੱਤਮ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਆਟੋ ਥ੍ਰੀ-ਵ੍ਹੀਲਰ ‘ਤੇ ਮਾਲ ਦੀ ਡਿਲੀਵਰੀ ਦੇ ਕੇ ਵਾਪਸ ਆਪਣੀ ਫੈਕਟਰੀ ਵੱਲ ਜਾ ਰਿਹਾ ਸੀ। ਜਦੋਂ ਉਹ ਸਾਮ ਕਰੀਬ ਪੌਣੇ 5 ਵਜੇ ਹੀਰਾ ਟੀਨਾ ਵਾਲੀ ਫੈਕਟਰੀ ਕੋਲ ਪਹੁੰਚਿਆ ਤਾਂ ਦੋ ਬਾਈਕ ਸਵਾਰ ਨੌਜਵਾਨਾਂ ਨੇ ਉਸ ਦਾ ਰਾਹ ਰੋਕ ਲਿਆ। ਮੁਲਜਮਾਂ ਨੇ ਪੀੜਤ ਨੂੰ ਤੇਜਧਾਰ ਹਥਿਆਰ ਦਿਖਾ ਕੇ ਦਹਿਸਤ ਵਿਚ ਪਾ ਦਿੱਤਾ ਅਤੇ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਉਸ ਦੀ ਪੈਂਟ ਦੀ ਜੇਬ ਵਿਚੋਂ 11,500 ਰੁਪਏ ਅਤੇ ਗੱਲੇ ਵਿਚੋਂ ਕਰੀਬ 6 ਤੋਲੇ ਦੀ ਚਾਂਦੀ ਦੀ ਚੇਨ ਲੁੱਟ ਲਈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜਮ ਤੇਜੀ ਨਾਲ ਰਫੂਚੱਕਰ ਹੋ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਸਰਗਰਮ ਹੋਈ ਥਾਣਾ ਜੋਧਵਾਲ ਪੁਲਸ ਨੇ ਘੇਰਾਬੰਦੀ ਕਰਕੇ ਮੁਲਜਮਾਂ ਨੂੰ ਕਾਬੂ ਕਰ ਲਿਆ। ਪੁਲਸ ਨੇ ਉਨ੍ਹਾਂ ਦੇ ਕਬਜੇ ‘ਚੋਂ ਵਾਰਦਾਤ ‘ਚ ਵਰਤਿਆ ਗਿਆ ਬਿਨਾਂ ਨੰਬਰ ਪਲੇਟ ਵਾਲਾ ਕਾਲੇ ਰੰਗ ਦਾ ਸਪਲੈਂਡਰ ਮੋਟਰਸਾਈਕਲ ਵੀ ਬਰਾਮਦ ਕਰ ਲਿਆ ਹੈ।

## ਪਿਆਰ ਪਰਵਾਨ ਚੜ੍ਹਨ ਤੋਂ ਪਹਿਲਾਂ ਹੀ ਖ਼ਤਮ ਹੋਈ ਜ਼ਿੰਦਗੀ

ਬੈਂਗਲੁਰੂ 5 ਮਾਰਚ। ਸ਼ਹਿਰ ’ਚ 27 ਸਾਲਾ ਇਕ ਕੁੜੀ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਦੱਸਿਆ ਜਾ ਰਿਹਾ ਹੈ ਕਿ ਉਹ ਆਪਣੇ ਵਿਆਹ ਬਾਰੇ ਇਕ ਜੋਤਸ਼ੀ ਦੀ ਭਵਿੱਖਬਾਣੀ ਤੋਂ ਪਰੇਸ਼ਾਨ ਸੀ। ਪੁਲਸ ਨੇ ਸੋਮਵਾਰ ਨੂੰ ਦੱਸਿਆ ਕਿ ਇਹ ਘਟਨਾ ਸ਼ੁੱਕਰਵਾਰ ਨੂੰ ਬਗਲਾਗੁੰਟੇ ਇਲਾਕੇ ’ਚ ਵਾਪਰੀ। ਮ੍ਰਿਤਕਾ ਦੀ ਪਛਾਣ ਵਿਦਿਆਜੋਤੀ ਵਜੋਂ ਹੋਈ ਹੈ, ਜਿਸ ਦਾ ਦੂਜੇ ਜਾਤੀ ਦੇ ਇਕ ਮੁੰਡੇ ਨਾਲ ਪ੍ਰੇਮ ਸੰਬੰਧ ਸੀ। ਪੁਲਸ ਨੇ ਦੱਸਿਆ ਦੋਵੇਂ ਪਰਿਵਾਰ ਉਨ੍ਹਾਂ ਦੇ ਵਿਆਹ ਲਈ ਰਾਜ਼ੀ ਹੋ ਗਏ ਸੀ। ਸ਼ੁਰੂਆਤੀ ਜਾਂਚ ਦਾ ਹਵਾਲਾ ਦਿੰਦੇ ਹੋਏ, ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ ਕਿ ਉਸ ਦੇ ਮਾਤਾ-ਪਿਤਾ ਨੇ ਹਾਲ ’ਚ ਇਕ ਜੋਤਸ਼ੀ ਤੋਂ ਸਲਾਹ ਲਈ ਸੀ, ਜਿਸ ਨੇ ਭਵਿੱਖਬਾਣੀ ਕੀਤੀ ਸੀ ਕਿ ਵਿਆਹ ਦੇ 2 ਸਾਲ ਬਾਅਦ ਜੋੜੇ ਵਿਚਾਲੇ ਗਲਤਫਹਿਮੀਆਂ ਹੋ ਸਕਦੀਆਂ ਹਨ, ਜਿਸ ਕਾਰਨ ਸ਼ਾਇਦ ਉਹ ਵੱਖ ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਨੂੰ ਟਾਲਣ ਲਈ, ਜੋਤਸ਼ੀ ਨੇ 9 ਦਿਨਾਂ ਦੀ ਇਕ ਪੂਜਾ ਕਰਨ ਦੀ ਸਲਾਹ ਦਿੱਤੀ ਅਤੇ ਪਰਿਵਾਰ ਨੇ ਅਜਿਹਾ ਹੀ ਕੀਤਾ। ਹਾਲਾਂਕਿ ਪੂਜਾ ਦੇ 9ਵੇਂ ਦਿਨ ਵਿਦਿਆਜੋਤੀ ਆਪਣੇ ਕਮਰੇ ’ਚ ਗਈ ਅਤੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਦੌਰਾਨ ਉਸ ਦੇ ਮਾਤਾ-ਪਿਤਾ ਘਰ ਨਹੀਂ ਸਨ। ਘਟਨਾ ਦਾ ਪਤਾ ਸ਼ਾਮ ਨੂੰ ਉਦੋਂ ਲੱਗਾ ਜਦੋਂ ਵਾਰ-ਵਾਰ ਦਰਵਾਜ਼ਾ ਖੜਕਾਉਣ ਤੋਂ ਬਾਅਦ ਉਸ ਨੇ ਕੋਈ ਜਵਾਬ ਨਹੀਂ ਦਿੱਤਾ। ਪੁਲਸ ਨੇ ਦੱਸਿਆ ਕਿ ਬਾਅਦ ’ਚ ਉਸ ਦੇ ਪਿਤਾ ਨੇ ਦਰਵਾਜ਼ਾ ਤੋੜਿਆ ਅਤੇ ਉਸ ਨੂੰ ਫਾਹੇ ਨਾਲ ਲਟਕੇ ਵੇਖਿਆ। ਬਗਲਾਗੁੰਟੇ ਪੁਲਸ ਨੇ ਗੈਰ-ਕੁਦਰਤੀ ਮੌਤ ਰਿਪੋਰਟ (ਯੂਡੀਆਰ) ਦਰਜ ਕੀਤੀ ਹੈ ਅਤੇ ਅੱਗੇ ਦੀ ਜਾਂਚ ਜਾਰੀ ਹੈ।

### ਸੰਤੁਲਨ ਵਿਗੜਣ ਕਾਰਨ ਤੇਜ਼ ਰਫ਼ਤਾਰ ਟਿੱਪਰ ਸੜਕ ਕਿਨਾਰੇ ਖੜ੍ਹੇ ਟਿੱਪਰ ਨਾਲ ਟਕਰਾਇਆ

ਬਟਾਲਾ/ਜੈਂਤੀਪੁਰ 5 ਮਾਰਚ। ਵਰਿਆਮ ਨੰਗਲ ਟੋਲ ਪਲਾਜ਼ਾ ਦੇ ਨਜ਼ਦੀਕ ਸੰਤੁਲਨ ਵਿਗੜਣ ਕਾਰਨ ਇਕ ਤੇਜ਼ ਰਫ਼ਤਾਰ ਟਿੱਪਰ ਸੜਕ ਕਿਨਾਰੇ ਖੜ੍ਹੇ ਦੂਜੇ ਟਿੱਪਰ ਨਾਲ ਟਕਰਾ ਗਿਆ। ਇਸ ਹਾਦਸੇ ’ਚ ਟਿੱਪਰ ਚਾਲਕ ਗੰਭੀਰ ਰੂਪ ’ਚ ਜ਼ਖ਼ਮੀ ਹੋ ਗਿਆ ਹੈ। ਇਸ ਸਬੰਧੀ ਸੜਕ ਸੁਰੱਖਿਆ ਫੋਰਸ ਦੇ ਹੌਲਦਾਰ ਵਿਸ਼ਾਲਦੀਪ ਸਿੰਘ ਅਤੇ ਸਿਪਾਹੀ ਗੁਰਲੀਨ ਕੌਰ ਨੇ ਦੱਸਿਆ ਕਿ ਇਕ ਟਿੱਪਰ ਚਾਲਕ ਪੰਮਾ ਵਾਸੀ ਹਾਲੇਸ਼ਾਹੀਆ, ਵਰਿਆਮ ਨੰਗਲ ਟੋਲ ਪਲਾਜ਼ਾ ਵੱਲ ਆ ਰਿਹਾ ਸੀ। ਜਦੋਂ ਉਹ ਟੋਲ ਪਲਾਜ਼ਾ ਦੇ ਨਜ਼ਦੀਕ ਪਹੁੰਚਿਆ ਤਾਂ ਅਚਾਨਕ ਸੰਤੁਲਨ ਵਿਗੜ ਗਿਆ, ਜਿਸ ਕਾਰਨ ਉਸ ਦਾ ਟਿੱਪਰ ਸੜਕ ਕਿਨਾਰੇ ਖੜ੍ਹੇ ਇਕ ਹੋਰ ਟਿੱਪਰ ਨਾਲ ਟਕਰਾ ਗਿਆ।

# ਅਮਰੀਕਾ ਤੋਂ ਆਏ ਸਿੱਖ ਵਫ਼ਦ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨਾਲ ਕੀਤੀ ਮੁਲਾਕਾਤ

**ਕੌਮੀ ਪਤ੍ਰਿਕਾ**

ਜੈਤੋ, 5 ਮਾਰਚ। ਅਮਰੀਕੀ ਸਿੱਖ ਸ਼ਰਧਾਲੂਆਂ ਦੇ ਇੱਕ ਜਥੇ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ ਵਫ਼ਦ ਨੇ ਸ਼੍ਰੋਮਣੀ ਕਮੇਟੀ ਨੂੰ ਕੈਲੀਫੋਰਨੀਆ ਦੇ ਯੂਬਾ ਸਿਟੀ ਵਿੱਚ ਜਲਦ ਇੱਕ ਧਾਰਮਿਕ ਪ੍ਰਚਾਰ ਕੇਂਦਰ ਖੋਲ੍ਹਣ ਦੀ ਅਪੀਲ ਕੀਤੀ। ਇਹ ਵਫ਼ਦ ਦਲਬੀਰ ਸਿੰਘ ਗਿੱਲ ਦੀ ਅਗਵਾਈ ਹੇਠ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਪਹੁੰਚਿਆ ਹੈ, ਜਿਸ ਵਿੱਚ ਗੁਰਮੁਖ ਸਿੰਘ ਧਨੋਆ, ਬੀਬੀ ਲਖਵਿੰਦਰ ਕੌਰ, ਬੀਬੀ ਜਿੰਦਰਜੀਤ ਕੌਰ ਗਿੱਲ, ਬੀਬੀ ਚਰਨਜੀਤ ਕੌਰ ਗਿੱਲ ਅਤੇ ਬੀਬੀ ਕੁਲਦੀਪ ਕੌਰ ਧਨੋਆ ਆਦਿ ਸ਼ਾਮਲ ਸਨ। ਇਸ ਮੌਕੇ ਦਲਬੀਰ ਸਿੰਘ ਗਿੱਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਪੰਥ ਦੀ ਸਭ ਤੋਂ ਅਹਿਮ ਅਤੇ ਵੱਡੀ ਸੰਵਿਧਾਨਕ ਸੰਸਥਾ ਹੈ, ਜੋ ਦੇਸ਼ ਅਤੇ ਦੁਨੀਆ ਵਿੱਚ ਧਰਮ ਦੇ ਪ੍ਰਚਾਰ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅਮਰੀਕਾ ਨਿਵਾਸੀ ਸਿੱਖ ਦੀਦਾਰ ਸਿੰਘ ਬੈਂਸ ਅਤੇ ਪਰਿਵਾਰ ਨੇ ਪਿਛਲੇ ਦਿਨੀਂ ਯੂਬਾ ਸਿਟੀ ਵਿੱਚ ਸ਼੍ਰੋਮਣੀ ਕਮੇਟੀ ਨੂੰ ਜ਼ਮੀਨ ਦਾਨ ਦਿੱਤੀ ਸੀ, ਜਿਸ ’ਤੇ ਸਿੱਖ ਭਾਈਚਾਰਾ ਇੱਕਜੁੱਟ ਹੋ ਕੇ ਪ੍ਰਚਾਰ ਕੇਂਦਰ ਸਥਾਪਤ ਕਰਨ ਲਈ ਬਹੁਤ ਉਤਸੁਕ ਹੈ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਵੱਡੀ ਲੋੜ ਹੈ ਅਤੇ ਇਸ ਵਿੱਚ ਅਮਰੀਕਾ ਦੀਆਂ ਸਿੱਖ ਸੰਗਤਾਂ ਨੂੰ ਸ਼੍ਰੋਮਣੀ ਕਮੇਟੀ ਦਾ ਸਾਥ ਦੇਣਾ ਚਾਹੀਦਾ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਲੋਕਾਂ ਦੀਆਂ



ਭਾਵਨਾਵਾਂ ਅਨੁਸਾਰ ਕੰਮ ਕਰਨ ਲਈ ਹਮੇਸ਼ਾ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਸਿੱਖੀ ਪ੍ਰਚਾਰ-ਪ੍ਰਸਾਰ ਨੂੰ ਹੋਰ ਤੇਜ਼ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਯੂਬਾ ਸਿਟੀ ਵਿੱਚ ਦੀਦਾਰ ਸਿੰਘ ਬੈਂਸ ਵੱਲੋਂ ਦਿੱਤੀ ਗਈ ਜ਼ਮੀਨ ’ਤੇ ਕੇਂਦਰ ਸਥਾਪਤ ਕਰਨਾ ਕਮੇਟੀ ਦੇ ਏਜੰਡੇ ਵਿੱਚ ਹੈ ਅਤੇ ਜਲਦ ਹੀ ਇਸ ’ਤੇ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅਮਰੀਕੀ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਾਰਜ ਲਈ ਸ਼੍ਰੋਮਣੀ ਕਮੇਟੀ ਦਾ ਸਾਥ ਦੇਣ ਲਈ ਅੱਗੇ ਆਉਣ। ਇਸ ਦੌਰਾਨ ਐਡਵੋਕੇਟ ਧਾਮੀ ਨੇ ਦਲਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਆਏ ਵਫ਼ਦ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਓ.ਐਸ.ਡੀ. ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਸਹਾਇਕ ਸਕੱਤਰ ਹਰਭਜਨ ਸਿੰਘ ਸਪੀਕਰ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਅਤੇ ਸੁਪਰਡੈਂਟ ਨਿਸ਼ਾਨ ਸਿੰਘ ਆਦਿ ਮੌਜੂਦ ਸਨ।

# ਪਿਛਲੇ ਪੰਜ ਸਾਲਾਂ ’ਚ ਸ਼?ਰੋਮਣੀ ਕਮੇਟੀ ਦੇ ਫੰਡਾਂ ’ਚ ਕਰੋੜਾਂ ਰੁਪਏ ਦਾ ਹੋਇਆ ਰਿਕਾਰਡ ਵਾਧਾ: ਐਡਵੋਕੇਟ ਧਾਮੀ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 5 ਮਾਰਚ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅਹਿਮ ਇਕੱਤਰਤਾ ਤੋਂ ਬਾਅਦ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਅੰਤ੍ਰਿੰਗ ਕਮੇਟੀ ਵੱਲੋਂ ਇਕ ਵੱਡਾ ਫੈਸਲਾ ਲਿਆ ਗਿਆ, ਜਿਸ ਵਿਚ ਸ਼?ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਇਕ ਵੱਡਾ ਫੈਸਲਾ ਲੈਂਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਤੁਰੰਤ ਪ੍ਰਭਾਵ ਤੋਂ ਸੇਵਾ-ਮੁਕਤ ਕਰ ਦਿੱਤਾ ਹੈ। ਇਹ ਫੈਸਲਾ ਉਨ੍ਹਾਂ ਵੱਲੋਂ 18 ਫਰਵਰੀ 2026 ਨੂੰ ਕੀਤੀ ਗਈ ਪ੍ਰੈਸ ਕਾਨਫਰੰਸ ਵਿੱਚ ਸੰਸਥਾ ਦੇ ਪ੍ਰਬੰਧਾਂ ਵਿਰੁੱਧ ਲਗਾਏ ਗਏ ਦੋਸ਼ਾਂ ਅਤੇ 72 ਘੰਟੇ ਦੇ ਨੋਟਿਸ ਦੇ ਬਾਵਜੂਦ ਕੋਈ ਸਬੂਤ ਪੇਸ਼ ਨਾ ਕਰਨ ਕਾਰਨ ਲਿਆ ਗਿਆ ਹੈ। ਕਮੇਟੀ ਅਨੁਸਾਰ, ਉਨ੍ਹਾਂ ਦੇ ਬਿਆਨਾਂ ਨੇ ਮੁੱਖ ਗ੍ਰੰਥੀ ਦੇ ਅਹੁਦੇ ਦੀ ਮਾਨ-ਮਰਿਆਦਾ ਨੂੰ ਠੇਸ ਪਹੁੰਚਾਈ ਹੈ ਅਤੇ ਉਹ ਆਪਣੀ ਡਿਊਟੀ ਵੀ ਸਹੀ ਤਰੀਕੇ ਨਾਲ ਨਹੀਂ ਨਿਭਾ ਰਹੇ ਸਨ। ਇਸ ਦੌਰਾਨ ਪ੍ਰਧਾਨ ਧਾਮੀ ਨੇ ਦੱਸਿਆ ਕਿ ਪਿਛਲੇ ਪੰਜ ਸਾਲਾਂ (2021-2026) ਦੇ ਵਿੱਤੀ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਸੰਸਥਾ ਦੇ ਵੱਖ-ਵੱਖ ਫੰਡਾਂ (ਜਨਰਲ, ਟਰਸਟ, ਵਿੱਦਿਆ ਅਤੇ ਸਪੋਰਟਸ) ਵਿੱਚ 273 ਕਰੋੜ 60 ਲੱਖ ਰੁਪਏ ਦਾ ਵਾਧਾ ਹੋਇਆ ਹੈ, ਜਿਸ ਦੀਆਂ



ਐਫ.ਡੀ.ਆਰਜ਼ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਖਾਤਿਆਂ ਵਿੱਚ 375.11 ਕਰੋੜ ਰੁਪਏ, ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ 46.64 ਕਰੋੜ ਅਤੇ ਗੁਰਦੁਆਰਾ ਫਤਿਹਗੜ੍ਹ ਸਾਹਿਬ ਵਿੱਚ 105 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਲਗਭਗ 111 ਕਰੋੜ ਰੁਪਏ ਦੀਆਂ ਨਵੀਆਂ ਜਾਇਦਾਦਾਂ ਖਰੀਦੀਆਂ ਹਨ, ਜਿਨ੍ਹਾਂ ਵਿੱਚ ਬਾਬਾ ਬਕਾਲਾ ਸਾਹਿਬ, ਪਠਾਨਕੋਟ (75 ਏਕੜ), ਬੀੜ ਬਾਬਾ ਬੁੱਢਾ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨਾਂ ਦੇ ਨਾਲ ਲੱਗਦੀਆਂ ਜ਼ਮੀਨਾਂ ਸ਼ਾਮਲ ਹਨ। ਇਸ ਦੌਰਾਨ ਪ੍ਰਧਾਨ ਧਾਮੀ ਨੇ ਕਿਹਾ ਕਿ ਕੋਵਿਡ ਦੇ ਔਖੇ ਸਮੇਂ ਦੇ ਬਾਵਜੂਦ ਸੰਸਥਾ ਨੇ 182 ਕਰੋੜ ਰੁਪਏ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਵਿੱਦਿਅਕ ਅਦਾਰਿਆਂ ਲਈ ਖਰਚ ਕੀਤੇ ਹਨ। ਕਾਲਜਾਂ ਦੇ ਸਟਾਫ ਨੂੰ ਸੱਤਵਾਂ ਪੇ-ਸਕੇਲ ਵੀ ਦਿੱਤਾ ਗਿਆ ਹੈ। ਪ੍ਰਬੰਧਕੀ ਸੁਧਾਰਾਂ ਲਈ ਪ੍ਰਧਾਨ ਨੇ ਦੱਸਿਆ ਕਿ ਮੀਟਿੰਗਾਂ ਵਿੱਚ ਪੈਂਟ ਸ਼ਰਟ ਪਾ ਕੇ ਆਉਣ ਵਾਲੇ ਮੁਲਾਜ਼ਮਾਂ ਨੂੰ 2100 ਰੁਪਏ ਜੁਰਮਾਨਾ ਲਗਾਇਆ ਗਿਆ ਹੈ, ਜੋ ਲੰਗਰ ਖਾਤੇ ਵਿੱਚ ਜਮ?ਹਾਂ ਹੁੰਦਾ ਹੈ। ਇਸ ਦੌਰਾਨ ਉਨ੍ਹਾਂ ਨੇ ਸੋਸ਼ਲ ਮੀਡੀਆ ’ਤੇ ਗਲਤ ਵੀਡੀਓ ਪਾਉਣ ਵਾਲੇ ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ ਹੈ। ਪ੍ਰਧਾਨ ਧਾਮੀ ਨੇ ਅੱਗੇ ਦੱਸਿਆ ਕਿ ਜ਼ਮੀਨਾਂ ਦੀ ਖਰੀਦ-ਫਰੋਖਤ ਵਿੱਚ ਪਾਰਦਰਸ਼ਤਾ ਲਿਆਉਣ ਲਈ ਇੱਕ ਸਥਾਈ ਕਮੇਟੀ ਬਣਾਈ ਗਈ ਹੈ। ਅੰਤ ਵਿੱਚ, ਐਡਵੋਕੇਟ ਧਾਮੀ ਨੇ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਗੁਰੂ ਦੀ ਗੋਲਕ ਵਿੱਚ ਹੋਇਆ ਵਾਧਾ ਸੰਗਤ ਦੇ ਵਿਸ਼ਵਾਸ ਦਾ ਪ੍ਰਤੀਕ ਹੈ।

## ਮਹੀਨਾਵਾਰ ਤਨਖ਼ਾਹ ’ਚੋਂ 31 ਹਜ਼ਾਰ ਦੀ ਕਟੌਤੀ! ਸਿੱਖਿਆ ਵਿਭਾਗ ਦੇ ਮੁਲਾਜ਼ਮਾਂ ਵੱਲੋਂ ਕੰਮਕਾਜ ਬੰਦ ਕਰਨ ਦਾ ਐਲਾਨ

ਗੁਰਦਾਸਪੁਰ 5 ਮਾਰਚ। ਸਿੱਖਿਆ ਵਿਭਾਗ ਵਿੱਚ ਪਿਛਲੇ 15 ਤੋਂ 20 ਸਾਲਾਂ ਤੋਂ ਨਿਭਾਈ ਜਾ ਰਹੀਆਂ ਸੇਵਾਵਾਂ ਦੇ ਬਾਵਜੂਦ ਪ੍ਰਤੀ ਮਹੀਨਾ 31 ਹਜ਼ਾਰ ਰੁਪਏ ਤਨਖਾਹ ਕਟੌਤੀ ਦੇ ਫੈਸਲੇ ਖ਼?ਲਾਫ਼ ਦਫ਼ਤਰੀ ਕਰਮਚਾਰੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਰਮਚਾਰੀਆਂ ਨੇ ਵਿਭਾਗ ਦਾ ਕੰਮ ਪੂਰੀ ਤਰ੍ਹਾਂ ਬੰਦ ਕੀਤਾ ਹੈ। ਯੂਨੀਅਨ ਆਗੂਆਂ ਅਨੁਸਾਰ 17 ਫਰਵਰੀ ਨੂੰ ਮੋਹਾਲੀ ਵਿਖੇ ਰੋਸ ਪ੍ਰਦਰਸ਼ਨ ਦੌਰਾਨ ਵਿਭਾਗੀ ਅਧਿਕਾਰੀਆਂ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਤਨਖਾਹਾਂ ਵਿੱਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ਅਤੇ 01.04.2018 ਤੋਂ ਪੱਕਾ ਕਰਨ ਸਬੰਧੀ ਫਾਈਲ ਦੋ ਦਿਨਾਂ ਵਿੱਚ ਵਿੱਤ ਵਿਭਾਗ ਨੂੰ ਭੇਜੀ ਜਾਵੇਗੀ। ਪਰ ਕਈ ਦਿਨ ਬੀਤ ਜਾਣ ਦੇ ਬਾਵਜੂਦ ਫਾਈਲ ਹਾਲੇ ਵੀ ਸਿੱਖਿਆ ਵਿਭਾਗ ਦੇ ਅੰਦਰ ਹੀ ਅਟਕੀ ਹੋਈ ਹੈ। ਕਰਮਚਾਰੀਆਂ ਦਾ ਕਹਿਣਾ ਹੈ ਕਿ ਇਹ ਮਾਮਲਾ 10 ਅਕਤੂਬਰ ਤੋਂ ਲੰਬਿਤ ਹੈ ਅਤੇ ਪੰਜ ਮਹੀਨੇ ਬੀਤਣ ਉਪਰੰਤ ਵੀ ਅੰਤਿਮ ਫੈਸਲਾ ਨਹੀਂ ਲਿਆ ਗਿਆ। ਉਨ੍ਹਾਂ ਦੱਸਿਆ ਕਿ ਜਿਸ ਵਿਭਾਗ ਲਈ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਕੀਮਤੀ ਸਾਲ ਸਮਰਪਿਤ ਕੀਤੇ, ਉਹੀ ਹੁਣ ਉਨ੍ਹਾਂ ਦੀ ਰੋਜ਼ੀ-ਰੋਟੀ ‘ਤੇ ਘਾਟਾ ਪਾਉਣ ‘ਤੇ ਉਤਾਰੂ ਹੈ। 08/09/2025 ਦੀ ਕੈਬਨਿਟ ਬੈਠਕ ਦੌਰਾਨ ਮੁੱਖ ਮੰਤਰੀ ਵੱਲੋਂ ਤਨਖਾਹਾਂ ਨਾ ਘਟਾਉਣ ਲਈ ਹਦਾਇਤਾਂ ਦਿੱਤੀਆਂ ਗਈਆਂ ਸਨ। ਇਸ ਤੋਂ ਇਲਾਵਾ ਵਿੱਤ ਮੰਤਰੀ ਅਤੇ ਸਿੱਖਿਆ ਮੰਤਰੀ ਵੱਲੋਂ ਵੀ ਅਧਿਕਾਰੀਆਂ ਨੂੰ ਢੁਕਵਾਂ ਫੈਸਲਾ ਕਰਨ ਲਈ ਕਿਹਾ ਗਿਆ ਸੀ, ਪਰ ਹਾਲਾਤਾਂ ਵਿੱਚ ਕੋਈ ਬਦਲਾਅ ਨਹੀਂ ਆਇਆ। ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਤਨਖਾਹਾਂ ਦਾ 60 ਫੀਸਦੀ ਹਿੱਸਾ ਪ੍ਰਾਪਤ ਹੁੰਦਾ ਹੈ, ਇਸ ਦੇ ਬਾਵਜੂਦ ਸੂਬਾ ਸਰਕਾਰ ਵੱਲੋਂ ਕਟੌਤੀ ਦਾ ਫੈਸਲਾ ਕਰਨਾ ਨਾਜਾਇਜ਼ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਵਾਰ-ਵਾਰ ਭਰੋਸੇ ਦੇ ਬਾਵਜੂਦ ਕਰਮਚਾਰੀਆਂ ਨਾਲ ਨਿਆਂ ਨਹੀਂ ਕੀਤਾ ਜਾ ਰਿਹਾ। ਕਰਮਚਾਰੀਆਂ ਨੇ ਐਲਾਨ ਕੀਤਾ ਕਿ 5 ਮਾਰਚ। ਨੂੰ ਸਮੂਹਿਕ ਛੁੱਟੀ ਲੈ ਕੇ ਮੁੱਖ ਮੰਤਰੀ ਦੇ ਸ਼ਹਿਰ ਇਕੱਠੇ ਹੋ ਕੇ ਸੰਗਰੂਰ ਸਥਿਤ ਰਿਹਾਇਸ਼ ਵੱਲ ਰੋਸ ਮਾਰਚ ਕੀਤਾ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਤਨਖਾਹ ਕਟੌਤੀ ਦੇ ਹੁਕਮ ਵਾਪਸ ਨਾ ਲਏ ਗਏ ਤਾਂ ਸੰਘਰਸ਼ ਹੋਰ ਤੀਵ?ਰ ਕੀਤਾ ਜਾਵੇਗਾ ਅਤੇ ਮੰਤਰੀਆਂ ਦੇ ਘਰਾਂ ਅੱਗੇ ਵੀ ਪ੍ਰਦਰਸ਼ਨ ਕੀਤੇ ਜਾਣਗੇ। ਕਰਮਚਾਰੀਆਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਤੁਰੰਤ ਤਨਖਾਹ ਕਟੌਤੀ ਦੇ ਹੁਕਮ ਰੱਦ ਕਰਕੇ 01.04.2018 ਤੋਂ ਪੱਕਾ ਕਰਨ ਦੇ ਆਦੇਸ਼ ਜਾਰੀ ਕੀਤੇ ਜਾਣ

# ਪੰਜਾਬ ਪੁਲਸ ਦੇ ਮੁਲਾਜ਼ਮਾਂ ਦਾ ਕਤਲ ਕਰਨ ਵਾਲਾ ਮੁਲਜ਼ਮ ਢੇਰ

**ਕੌਮੀ ਪਤ੍ਰਿਕਾ**

ਗੁਰਦਾਸਪੁਰ 5 ਮਾਰਚ। ਗੁਰਦਾਸਪੁਰ ਜ਼ਿਲ੍ਹਾ ਪੁਲਸ ਨੂੰ ਅੱਜ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਦੋਰਾਂਗਲਾ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਸਰਹੱਦੀ ਪਿੰਡ ਆਦੀਆ ਵਿੱਚ ਸੈਕਿੰਡ ਡਿਫੈਂਸ ਲਾਈਨ ਚੈੱਕਪੋਸਟ ’ਤੇ ਤਾਇਨਾਤ ਦੋ ਪੁਲਸ ਮੁਲਾਜ਼ਮਾਂ ਦੇ ਹੋਏ ਕਤਲ ਦੇ ਇੱਕ ਦੋਸ਼ੀ ਨੂੰ ਪੁਲਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ। ਇਸ ਦੌਰਾਨ ਇਕ ਦੋਸ਼ੀ ਨੂੰ ਕਾਬੂ ਕਰ ਲਿਆ ਹੈ ਪਰ ਅਜੇ ਇਕ ਦੋਸ਼ੀ ਫ਼ਰਾਰ ਹੈ। ਗੁਰਦਾਸਪੁਰ ਵਿੱਚ ਸੀ.ਆਈ.ਏ ਸਟਾਫ ਦੇ ਇੰਚਾਰਜ ਗੁਰਮੀਤ ਸਿੰਘ ਦੇ ਇਲਾਵਾ ਚਾਰ ਹੋਰ ਪੁਲਸ ਕਰਮਚਾਰੀ ਮਨਦੀਪ ਸਿੰਘ, ਕਮਲ ਕਿਸ਼ੋਰ, ਸਿਮਰਨਜੀਤ ਸਿੰਘ, ਨਰਿੰਜਨ ਸਿੰਘ ਜ਼ਖ਼ਮੀ ਹੋ ਗਏ। ਪੁਲਸ ਨੇ ਮ੍ਰਿਤਕ ਕੋਲੋਂ ਇੱਕ ਪਿਸਤੌਲ, ਦੋ ਜ਼ਿੰਦਾ ਕਾਰਤੂਸ, ਚਾਰ ਖੋਲ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ। ਦੋਸ਼ੀ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ ਦੇ ਸੰਪਰਕ ਵਿੱਚ ਸਨ। ਗੁਰਦਾਸਪੁਰ ਵਿੱਚ ਐੱਸ.ਐੱਸ.ਪੀ ਦਫ਼ਤਰ ਵਿਖੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਡੀ.ਆਈ.ਜੀ ਬਾਰਡਰ ਰੇਂਜ ਸੰਦੀਪ ਗੋਇਲ ਨੇ ਦੱਸਿਆ ਕਿ ਆਦੀਆ ਪਿੰਡ ਵਿੱਚ ਚੈੱਕ ਪੋਸਟ ’ਤੇ ਤਾਇਨਾਤ ਏ.ਐੱਸ.ਆਈ ਗੁਰਨਾਮ ਸਿੰਘ ਅਤੇ ਹੋਮ ਗਾਰਡ ਜਵਾਨ ਅਸ਼ੋਕ ਕੁਮਾਰ ਨੂੰ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਦਿੱਤੀ। ਇਹ ਘਟਨਾ ਉਸ ਦਿਨ ਤੋਂ ਹੀ ਪੰਜਾਬ ਪੁਲਸ ਲਈ ਇੱਕ ਚੁਣੌਤੀ ਸੀ। ਇਸ ਸਬੰਧੀ ਤਕਨੀਕੀ ਸੈੱਲ ਗੁਰਦਾਸਪੁਰ, ਬਟਾਲਾ ਅਤੇ ਕਾਊਂਟਰ ਇੰਟੈਲੀਜੈਂਸ ਸਮੇਤ ਸਾਰੇ ਪੁਲਸ ਅਧਿਕਾਰੀ ਇਸ ਘਟਨਾ ਨੂੰ ਸੁਲਝਾਉਣ ਵਿੱਚ ਲੱਗੇ ਹੋਏ ਸਨ। ਸਾਰੀ ਜਾਣਕਾਰੀ ਇਕੱਠੀ ਕਰਨ ਤੋਂ ਬਾਅਦ ਪੁਲਸ ਨੂੰ ਪਤਾ ਲੱਗਾ ਕਿ ਦੋਸ਼ੀ ਦਿਲਾਵਰ ਸਿੰਘ ਵਾਸੀ ਅਲੀਨੰਗਲ, ਰਣਜੀਤ ਸਿੰਘ ਅਤੇ ਇੰਦਰਜੀਤ ਸਿੰਘ ਪਿੰਡ ਆਦੀਆਂ ਇਸ ਘਟਨਾ ਵਿੱਚ ਸ਼ਾਮਲ ਸਨ। ਇਸ ’ਤੇ ਪੁਲਸ ਨੇ ਰਣਜੀਤ ਸਿੰਘ ਅਤੇ ਇੰਦਰਜੀਤ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ ਅਤੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਅਤੇ ਹਿਰਾਸਤ ਵਿੱਚ ਲਏ ਗਏ ਦੋਸ਼ੀਆਂ ਨੇ ਆਪਣੀ ਸ਼ਮੂਲੀਅਤ ਕਬੂਲ ਕੀਤੀ। ਡੀ.ਆਈ.ਜੀ ਸੰਦੀਪ ਗੋਇਲ ਨੇ ਦੱਸਿਆ ਕਿ ਦੋਰਾਂਗਲਾ ਪੁਲਸ ਸਟੇਸ਼ਨ ਦੇ ਇੰਚਾਰਜ ਬਨਾਰਸੀ ਦਾਸ ਦੋਸ਼ੀ ਰਣਜੀਤ ਸਿੰਘ ਨੂੰ ਘਟਨਾ ਵਿੱਚ ਵਰਤੀ ਗਈ ਪਿਸਤੌਲ ਬਰਾਮਦ ਕਰਨ ਲਈ ਲੈ ਜਾ ਰਹੇ ਸਨ ਕਿ ਉਨ੍ਹਾਂ ਦੀ



ਗੱਡੀ ਸਵੇਰੇ 3:00 ਵਜੇ ਗਾਹਲੜੀ ਨੇੜੇ ਅਚਾਨਕ ਪਲਟ ਗਈ। ਦੋਸ਼ੀ ਰਣਜੀਤ ਸਿੰਘ ਨੇ ਇਸ ਦਾ ਫਾਇਦਾ ਉਠਾਇਆ ਅਤੇ ਮੌਕੇ ਤੋਂ ਭੱਜਣ ਵਿੱਚ ਕਾਮਯਾਬ ਹੋ ਗਿਆ। ਪੁਲਸ ਕੰਟਰੋਲ ਰੂਮ ’ਤੇ ਇਸ ਬਾਰੇ ਜਾਣਕਾਰੀ ਮਿਲਣ ’ਤੇ ਸਾਰੀਆਂ ਪੁਲਸ ਟੀਮਾਂ ਨੂੰ ਅਲਰਟ ਕਰ ਦਿੱਤਾ ਗਿਆ ਅਤੇ ਸਾਰੀਆਂ ਚੌਂਕੀਆਂ ਨੂੰ ਅਲਰਟ ਕਰ ਦਿੱਤਾ ਗਿਆ। ਅੱਜ ਸਵੇਰੇ 6 ਵਜੇ ਦੇ ਕਰੀਬ ਸੀ.ਆਈ.ਏ ਸਟਾਫ ਇੰਚਾਰਜ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਇੱਕ ਪੁਲਸ ਪਾਰਟੀ ਪੁਰਾਣਾ ਸ਼ਾਲਾ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਪਿੰਡ ਨੌਸ਼ਹਿਰਾ ਵਿੱਚ ਗੁਰਦਾਸਪੁਰ-ਮੁਕੇਰੀਆਂ ਸੜਕ ’ਤੇ ਤਾਇਨਾਤ ਸੀ, ਜਦੋਂ ਮੋਟਰਸਾਈਕਲ ’ਤੇ ਇੱਕ ਨੌਜਵਾਨ ਨੂੰ ਆਉਂਦੇ ਦੇਖਿਆ ਗਿਆ। ਹਾਲਾਂਕਿ ਪੁਲਸ ਪਾਰਟੀ ਨੂੰ ਦੇਖ ਕੇ ਉਹ ਤੇਜ਼ ਰਫ਼ਤਾਰ ਨਾਲ ਭੱਜ ਗਿਆ ਅਤੇ ਉਸ ਦਾ ਮੋਟਰਸਾਈਕਲ ਤਿਲਕ ਗਿਆ। ਜਦੋਂ ਪੁਲਸ ਪਾਰਟੀ ਨੇੜੇ ਆਈ ਤਾਂ ਦੋਸ਼ੀ ਨੇ ਗੋਲੀ ਚਲਾ ਦਿੱਤੀ। ਇੰਸਪੈਕਟਰ ਗੁਰਮੀਤ ਸਿੰਘ ਦੇ ਮੋਢੇ ਵਿੱਚ ਗੋਲੀ ਲੱਗੀ, ਜਦੋਂ ਕਿ ਇੱਕ ਸਾਥੀ ਪੁਲਸ ਅਧਿਕਾਰੀ ਨੂੰ ਇੱਕ ਹੋਰ ਗੋਲੀ ਲੱਗੀ ਲੇਕਿਨ ਉਸ ਨੇ ਇੱਕ ਬੁਲੇਟ-ਪਰੂਫ ਜੈਕੇਟ ਪਾਈ ਹੋਈ ਸੀ, ਜਿਸ ਕਾਰਨ ਉਹ ਬਚ ਗਿਆ। ਪੁਲਸ ਪਾਰਟੀ ਨੇ ਜਵਾਬੀ ਗੋਲੀਬਾਰੀ ਕੀਤੀ ਤਾਂ ਦੋਸ਼ੀ ਨੂੰ ਗੋਲੀ ਲੱਗ ਗਈ ਅਤੇ ਉਹ ਜ਼ਖਮੀ ਹੋ ਗਿਆ। ਉਸ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਡੀ.ਆਈ.ਜੀ ਸੰਦੀਪ ਗੋਇਲ ਨੇ ਦੱਸਿਆ ਕਿ ਮੋਟਰਸਾਈਕਲ ਦੇ ਨਾਲ ਮੌਕੇ ’ਤੇ ਇੱਕ ਪਿਸਤੌਲ, ਦੋ ਜ਼ਿੰਦਾ ਕਾਰਤੂਸ ਅਤੇ ਚਾਰ ਖੋਲ ਬਰਾਮਦ ਹੋਏ ਹਨ। ਗ੍ਰਿਫ਼ਤਾਰ ਕੀਤੇ ਇੰਦਰਜੀਤ ਸਿੰਘ ਤੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਇਨ੍ਹਾਂ ਦੋਸ਼ੀਆਂ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐੱਸ.ਆਈ ਨਾਲ ਸਬੰਧ ਸਨ। ਮ੍ਰਿਤਕ ਰਣਜੀਤ ਸਿੰਘ ਅਤੇ ਇੰਦਰਜੀਤ ਸਿੰਘ ਇਸ ਸਮੇਂ ਤੀਜੇ ਦੋਸ਼ੀ ਦਿਲਾਵਰ ਸਿੰਘ ਦੀ ਨਿਗਰਾਨੀ ਹੇਠ ਕੰਮ ਕਰ ਰਹੇ ਸਨ। ਦੋਸ਼ੀ ਨੂੰ ਪਾਕਿਸਤਾਨ ਤੋਂ ਸਿਰਫ਼ ਪੁਲਸ ਕਰਮਚਾਰੀਆਂ ’ਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਮਾਰਨ ਲਈ ਪੈਸੇ ਮਿਲਣਗੇ। ਆਦੀਆ ਚੈੱਕਪੋਸਟ ’ਤੇ ਹਮਲਾ ਕਈ ਦਿਨਾਂ ਦੀ ਰੈਕੀ ਕਰਨ ਤੋਂ ਪਹਿਲਾਂ ਹੋਇਆ ਸੀ ਅਤੇ ਉਦੋਂ ਹੀ ਘਟਨਾ ਨੂੰ ਅੰਜਾਮ ਦਿੱਤਾ ਗਿਆ ਸੀ। ਡੀ.ਆਈ.ਜੀ ਅਨੁਸਾਰ ਦਿਲਾਵਰ ਸਿੰਘ ਨੂੰ ਇਸ ਹਮਲੇ ਲਈ ਪਾਕਿਸਤਾਨ ਤੋਂ 20,000 ਰੁਪਏ ਮਿਲਣੇ ਸਨ ਪਰ ਹੁਣ ਤੱਕ ਸਿਰਫ਼ 3,000 ਰੁਪਏ ਹੀ ਮਿਲੇ ਹਨ। ਉਨ੍ਹਾਂ ਕਿਹਾ ਕਿ ਮੁਲਜ਼ਮ ਤੋਂ ਬਰਾਮਦ ਕੀਤਾ ਗਿਆ ਮੋਟਰਸਾਈਕਲ ਦਿਲਾਵਰ ਸਿੰਘ ਦਾ ਹੈ। ਪੁਲਸ ਇਸ ਗੱਲ ਦੀ ਵੀ ਜਾਂਚ ਕਰ ਰਹੀ ਹੈ ਕਿ ਸਵੇਰੇ ਭੱਜਣ ਅਤੇ ਮੁਕਾਬਲੇ ਦੇ ਵਿਚਕਾਰ ਤਿੰਨ ਘੰਟਿਆਂ ਦੇ ਸਮੇਂ ਦੌਰਾਨ ਮ੍ਰਿਤਕ ਨੇ ਮੋਟਰਸਾਈਕਲ ਅਤੇ ਪਿਸਤੌਲ ਕਿਵੇਂ ਅਤੇ ਕਿੱਥੋਂ ਪ੍ਰਾਪਤ ਕੀਤਾ। ਉਨ੍ਹਾਂ ਕਿਹਾ ਕਿ ਇੱਕ ਮੁਲਜ਼ਮ ਇੰਦਰਜੀਤ ਜੋ ਕਿ ਆਦੀਆ ਦਾ ਰਹਿਣ ਵਾਲਾ ਹੈ, ਪੁਲਸ ਹਿਰਾਸਤ ਵਿੱਚ ਹੈ, ਜਦੋਂ ਕਿ ਦਿਲਾਵਰ ਸਿੰਘ ਅਜੇ ਵੀ ਫਰਾਰ ਹੈ। ਦਿਲਾਵਰ ਸਿੰਘ ਦੀ ਗ੍ਰਿਫ਼ਤਾਰੀ ਨਾਲ ਕਈ ਹੋਰ ਮਾਮਲਿਆਂ ਦਾ ਖੁਲਾਸਾ ਹੋਵੇਗਾ। ਮੁਲਜ਼ਮ ਇੰਦਰਜੀਤ ਸਿੰਘ ਪਹਿਲਾਂ ਹੀ ਤਿੰਨ ਲੰਬਿਤ ਐੱਨ.ਡੀ.ਪੀ.ਐੱਸ ਐਕਟ ਦੇ ਕੇਸਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਜ਼ਮਾਨਤ ’ਤੇ ਸੀ। ਇੰਦਰਜੀਤ ਸਿੰਘ ਅਤੇ ਰਣਜੀਤ ਸਿੰਘ ਛੋਟੀ ਉਮਰ ਦੇ ਨੌਜਵਾਨ ਹਨ ਅਤੇ ਪੈਸੇ ਲਈ ਅਜਿਹੀਆਂ ਘਟਨਾਵਾਂ ਵਿੱਚ ਸ਼ਾਮਲ ਸਨ। ਇਸ ਮੌਕੇ ਐੱਸ.ਐੱਸ.ਪੀ ਗੁਰਦਾਸਪੁਰ ਆਦਿਤਿਆ, ਐੱਸ.ਪੀ ਹੈੱਡਕੁਆਰਟਰ ਜੁਗਰਾਜ ਸਿੰਘ, ਐੱਸ.ਪੀ ਡਿਟੈਕਟਿਵ ਡੀ.ਕੇ ਚੌਧਰੀ, ਡੀ.ਐੱਸ.ਪੀ ਡਿਟੈਕਟਿਵ ਮਨਿੰਦਰ ਸਿੰਘ ਅਤੇ ਹੋਰ ਅਧਿਕਾਰੀ ਮੌਕੇ ’ਤੇ ਮੌਜੂਦ ਸਨ।